੨੯ ਵਾਂ ਸਾਲ

ਅਕਤੂਬਰ, ੨੦੦੩

# ਵਰਿਆਮ



ਨਮੋ ਗੁਰ ਜਗਜੀਤ ਨੂੰ ਮੇਰਾ ਹੈ ਪ੍ਰਣਾਮ ।
ਚਰਣ ਕੰਵਲ ਨੂੰ ਪਰਸ ਕੇ ਪਾਇਆ ਮਨ ਬਿਸਰਾਮ ॥

.....ਕ.ਸ.ਕਸੇਲ

Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਹੋਲੇ ਮਹਲੇ ਸਮੇ ਰਾਧਾ-ਸਵਾਮੀ ਸੰਗਤ ਥਾਈਲੈਂਡ ਦੇ ਆਗੂ ਸ. ਹਰਮੋਹਿੰਦਰ ਸਿੰਘ ਸੇਠੀ ਹੋਰਾਂ ਨੂੰ ਖੁਸ਼ੀਆਂ ਬਖਸ਼ਦੇ ਹੋਏ।



ਉਘੀ ਸੰਗੀਤਕਾਰਾ ਅਤੇ ਅਨਿੰਨ ਸੇਵਿਕਾ ਬੀਬੀ ਨਰਿੰਦਰ ਕੌਰ ਸਤਿਗੁਰੂ ਜੀ ਤੋਂ ਭਾਈ ਮਸਤਾਣ ਸਿੰਘ ਯਾਦਗਾਰੀ ਪੁਰਸਕਾਰ ਪ੍ਰਾਪਤ ਕਰਦੇ ਹੋਏ (ਹੋਲਾ ਮਹਲਾ ਸ੍ਰੀ ਭੈਣੀ ਸਾਹਿਬ ਸੰਨ ੨੦੦੩)



ਕੈਨੇਡਾ ਦੀ ਸੰਗਤ ਨਾਲ ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਕਤੂਬਰ-੨੦੦੩
ਜਿਲਦ-੨੮
ਅੰਕ-੧੨

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
(Punjabi)
Ladowali Road.
Opp. Central Town,
Jalandhar-144001

ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯
Ph. : 2222543 (O)
2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ : ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸ਼ਤਾਬਦੀ---- ੧
ਇਕ ਚਿੱਠੀ ਅਲਪ ਸੰਖਿਅਕ ਆਯੋਗ ਦੇ ਚੇਅਰਮੈਨ ਵਲੋਂ---- ੪
ਯੁੱਗ ਪੁਰਸ਼ ਸਤਿਗੁਰੂ ਰਾਮ ਸਿੰਘ ਜੀ—*ਡਾ. ਰਤਨ ਸਿੰਘ ਜੱਗੀ* -੫
ਕੂਕਾ-ਕਿਰਦਾਰ ਦੀ ਬੁਲੰਦੀ ਦੇ ਦਰਸ਼ਨ —*ਸੁਵਰਨ ਸਿੰਘ ਵਿਰਕ* ---- ੯
ਰਾਏਕੋਟ ਵਿੱਚ ਹੋਏ ਨਾਮਧਾਰੀ ਸ਼ਹੀਦ ਸਿੰਘਾਂ ਦਾ ਪਰਸੰਗ—*ਸੁਰਜੀਤ ਸਿੰਘ ਜੀਤ* ---- ੧੭
ਸੂਬਾ ਬਾਬਾ ਜਮੀਅਤ ਸਿੰਘ ਜੀ—*ਸ.ਸ.ਜੀਤ* ---- ੨੧
ਗੀਤ—*ਇੰਦਰਜੀਤ ਹਸਨਪੁਰੀ* ---- ੨੩
ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ---- ੨੫
—*ਸੂਬਾ ਮਹਿੰਦਰ ਕੌਰ ਹੁਸ਼ਿਆਰਪੁਰ/ਹਰਬੰਸ ਕੌਰ ਇੰਗਲੈਂਡ*
ਦੋ ਰਚਨਾਵਾਂ—*ਸ਼ਿਵ ਨਾਥ* ---- ੨੬
ਡਰ—*ਚਰਨ ਸੀਚੇਵਾਲਵੀ* ---- ੨੬
ਪ੍ਰਾਰਥਨਾ—*ਦਲਬੀਰ ਸਿੰਘ ਤਰਸ* ---- ੨੭
ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ —*ਲਛਮਣ ਸਿੰਘ ਸੀਨ* ---- ੨੮
ਕਿਸਾਨ ਦੇ ਦੋਸਤ—*ਸਧੂ ਸਿੰਘ ਕਿਸਾਨ* ---- ੩੩
ਇਕ ਕਹਾਣੀ—ਸੱਤ ਦਿਨ—*ਦਲਬੀਰ ਸਿੰਘ ਤਰਸ* ---- ੩੫
ਖਾੜਕੂਵਾਦ ਸਮੇਂ ਦੀ ਅਭੁੱਲ ਯਾਦ —*ਡਾ. ਲਖਵੀਰ ਸਿੰਘ ਨਾਮਧਾਰੀ* ---- ੪੧
'ਘਰਾਨਿਆਂ ਵਿਚ ਸ਼ੈਲੀ ਦਾ ਸਥਾਨ ਤੇ ਮਹੱਤਵ—*ਮੀਨਾ ਚੋਪੜਾ* ---- ੪੫
ਖ਼ਬਰਨਾਮਾ---- ੪੯
ਪ੍ਰਤੀਕਿਰਿਆ---- ੫੩

## ਸਾਲਾਨਾ ਮੇਲਾ ਜੱਪ ਪ੍ਰਯੋਗ ਸ੍ਰੀ ਭੈਣੀ ਸਾਹਿਬ

ਸ੍ਰੀ ਭੈਣੀ ਸਾਹਿਬ ਵਿੱਚ ਨਾਮ ਸਿਮਰਨ ਦਾ ਸਾਲਾਨਾ ਜੱਪ-ਪ੍ਰਯੋਗ ਸਮਾਗਮ ੧ ਅਸੂ ੨੦੬੦ (੧੭ ਸਤੰਬਰ-੨੦੦੩) ਬੁੱਧਵਾਰ ਤੋਂ ਸ਼ੁਰੂ ਹੈ। ਇਸ ਦੀ ਸਮਾਪਤੀ ੨੭ ਅਸੂ ੧੩ ਅਕਤੂਬਰ ਨੂੰ ਹੋਵੇਗੀ। ਇਸ ਦੇ ਨਾਲ ਹੀ ਵੱਡਾ ਮੇਲਾ ਆਰੰਭ ਹੋ ਜਾਵੇਗਾ ਜਿਸ ਵਿੱਚ ਨਾਮ ਸਿਮਰਨ, ਕਥਾ ਕੀਰਤਨ, ਕਵੀ ਦਰਬਾਰ, ਇਕੱਤ੍ਰਤਾਵਾਂ ਵਿਚਾਰ ਵਟਾਂਦਰਿਆਂ ਦਾ ਇਕ ਸਿਲਸਲਾ ਲਗਾਤਾਰ ਚਲਦਾ ਰਹੇਗਾ। ਇਸ ਮੇਲੇ ਦਾ ਭੋਗ ੧ ਕੱਤਕ-੧੭ ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ, ਸਾਮੂਹਕ ਅਨੰਦ ਕਾਰਜ ਅਤੇ ਪਾਠਾਂ ਦੇ ਭੋਗਾਂ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਨਾਲ ਪਵੇਗਾ। ਇਸ ਸਾਰੇ ਮੇਲੇ ਦੀ ਸੇਵਾ ਸ੍ਰੀ ਤਰਸੇਮ ਚੰਦ ਅਗਰਵਾਲ ਅਰੂਸ਼ਾ, ਤਨਜ਼ਾਨੀਆ ਨਿਵਾਸੀ ਨੂੰ ਬਖਸ਼ਿਸ ਹੋਈ ਹੈ।

ਵਰਿਆਮ ਦੇ ਪਾਠਕ ਆਪਣੇ ਪੁਰਾਣੇ ਅਤੇ ਨਵੇਂ ਚੰਦੇ ਵਰਿਆਮ ਦੇ ਸਟਾਲ ਤੇ ਜਮ੍ਹਾਂ ਕਰਾਉਣ ਦੀ ਕ੍ਰਿਪਾ ਕਰਨ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸ਼ਤਾਬਦੀ

੧ ਸਤੰਬਰ ੨੦੦੩ ਤੋਂ ਆਰੰਭ ਹੋ ਕੇ ਸਾਰਾ ਸਾਲ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਚੌਥੀ ਪ੍ਰਕਾਸ਼ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਸਬੰਧ ਵਿੱਚ ਵੱਖ-ਵੱਖ ਜਥੇਬੰਦੀਆਂ ਵਲੋਂ ਬੜੇ-ਬੜੇ ਵੱਡੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ।

ਅਸੀਂ ਸਮਝਦੇ ਹਾਂ ਕਿ ਗੁਰਬਾਣੀ ਵਿਚ ਦਰਜ ਸਤਿਗੁਰੂ ਪੁਰਖਾਂ ਅਤੇ ਮਹਾਨ ਸੰਤਾਂ ਭਗਤਾਂ ਦਾ ਉਪਦੇਸ਼ ਸਭ ਵਰਨਾਂ ਜਾਤਾਂ ਅਤੇ ਸਮੁੱਚੀ ਮਾਨਵਤਾ ਵਾਸਤੇ ਸਾਂਝਾ ਅਤੇ ਕਲਿਆਣਕਾਰੀ ਹੈ। ਇਸ ਮਹਾਨ ਗ੍ਰੰਥ ਵਿਚ ਜੁਗਾਂ ਜੁਗਾਂਤਰਾਂ ਦਾ ਚਿੰਤਨ ਧਰਮ ਇਤਿਹਾਸ ਸੱਭਿਆਚਾਰ ਚੱਜ ਆਚਾਰ ਅਮਨ ਏਕਤਾ ਸਾਂਝੀਵਾਲਤਾ ਦਾ ਪੈਗ਼ਾਮ ਦਰਜ ਹੈ। ਹਿੰਦੂ, ਮੁਸਲਿਮ ਧਰਮਾਂ ਵਿੱਚ ਪ੍ਰਚਲਤ ਰੱਬ-ਪ੍ਰਮਾਤਮਾ ਦੇ ਨਾਮ ਵੀ ਦਰਜ ਹਨ। ਜਿਥੇ ਰਾਮ ਹੈ ਉਥੇ ਰਹੀਮ ਵੀ ਹੈ। ਜਿਥੇ ਈਸ਼ਵਰ, ਪ੍ਰਮੇਸ਼ਰ, ਪ੍ਰਭੂ ਪ੍ਰਮਾਤਮਾ ਆਦਿਕ ਨਾਮ ਹਨ ਉਥੇ ਮੌਲਾ ਖੁਦਾ ਅਲਹ ਆਦਿਕ ਨਾਮ ਵੀ ਹਨ। ਇਸ ਤੋਂ ਇਲਾਵਾ ਸਭ ਕਥਿਤ ਉੱਚੀਆਂ ਨੀਵੀਆਂ ਜਾਤਾਂ ਦੇ ਮਹਾਂਪੁਰਖਾਂ ਦੇ ਪ੍ਰਵਚਨ ਵੀ ਦਰਜ ਹਨ।

ਸੜਦੇ ਬਲਦੇ ਜਗਤ ਨੂੰ ਆਪਣੀ ਕਿਰਪਾ ਨਾਲ ਉਭਾਰ ਲੈਣ ਵਾਸਤੇ ਪ੍ਰਮਾਤਮਾ ਅਗੇ ਅਰਦਾਸ ਹੈ ਅਤੇ ਇਸ ਵਾਸਤੇ ਇਕੋ ਹੀ ਰਸਤਾ ਵਿਸ਼ੇਸ਼ ਨਹੀਂ ਚੁਣਿਆ ਗਿਆ। ਸਗੋਂ ਬੇਨਤੀ ਹੈ ਕਿ "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ"

"ਏਕੋ ਅਲਹੁ ਪਾਰਬ੍ਰਹਮ" ਨੂੰ ਦ੍ਰਿੜ ਕਰਾਉਂਦਾ ਗੁਰੂ ਕਥਨ ਵੱਖ-ਵੱਖ ਧਰਮਾਂ ਫਿਰਕਿਆਂ ਵਿਚ ਏਕਤਾ ਦਾ ਮਾਰਗ ਦਰਸਾਉਂਦਾ ਹੈ। ਗੁਰੂਬਾਣੀ ਉਪਦੇਸ਼ ਸਾਰਿਆਂ ਬੰਦਿਆਂ ਵਿਚ ਅਲਹ ਦਾ ਨੂਰ ਵੇਖਦਾ ਹੈ ਅਤੇ ਸਮੁੱਚੀ ਮਨੁੱਖਤਾ ਇਕ ਇਲਾਹੀ ਨੂਰ ਤੋਂ ਉਪਜੀ ਦੱਸੀ ਗਈ ਹੈ। ਇਹ ਸਾਰੀ ਪੈਦਾਇਸ਼ ਇਕੋ ਹਸਤੀ ਦੁਆਰਾ ਕੀਤੀ ਗਈ ਦਸੀ ਹੈ।

ਸੰਨ ੧੯੯੯ ਦੇ ਅੰਤ ਤੇ ਦੱਖਣੀ ਅਫਰੀਕਾ ਦੇਸ਼ ਦੇ ਕੇਪਟਾਊਨ ਸ਼ਹਿਰ ਵਿਚ ਸਾਰੀ ਦੁਨੀਆਂ ਦੇ ਧਰਮਾਂ ਦੀ ਪਾਰਲੀਮੈਂਟ ਦਾ ਸਮਾਗਮ ਹੋਇਆ। ਇਸ ਵਿਚ ਸਾਨੂੰ ਵੀ ਜਾਣ ਦਾ ਅਵਸਰ ਮਿਲਿਆ। ਇਸ ਵਿਚ ਸਾਰੇ ਦੇਸ਼ਾਂ ਵਿਚੋਂ ਵੱਖ-ਵੱਖ ਧਰਮਾਂ ਅਤੇ ਅਗੋਂ ਉਹਨਾਂ ਧਰਮਾਂ ਦੀਆਂ ਵੱਖ-ਵੱਖ ਸ਼ਾਖਾਵਾਂ ਸੰਪਰਦਾਵਾਂ, ਵਿਭਾਗ, ਵਿਚਾਰਾਂ ਵਾਲੀਆਂ ਜਥੇਬੰਦੀਆਂ ਦੇ ਲੋਗ ਆਏ ਸਨ। ਈਸਾਈ, ਬੋਧੀ, ਮੁਸਲਮਾਨ, ਹਿੰਦੂ, ਸਿੱਖ ਅਤੇ ਹੋਰ ਧਰਮ ਜਿਨ੍ਹਾਂ ਦਾ ਏਧਰ ਲੋਕ ਨਾਮ ਵੀ ਨਹੀਂ ਜਾਣਦੇ ਉਹਨਾਂ ਦੇ ਪੈਰੋਕਾਰ ਵੀ ਇਕੱਠੇ ਸਨ। ਵੱਖ ਵੱਖ ਪਹਿਰਾਵਿਆਂ ਵਾਲੇ ਇਹਨਾਂ ਸਭ ਇਕੱਠੇ ਹੋਏ ਲੋਕਾਂ ਦਾ ਆਪਸ ਵਿਚ ਮੇਲ ਮਿਲਾਪ ਅਤੇ ਵਿਚਾਰ ਵਟਾਂਦਰਾ ਅੰਤ ਇਕ ਗਲ ਤੇ ਜ਼ੋਰ ਦਿੰਦਾ ਸੀ ਕਿ ਅੱਜਕਲ੍ਹ ਇੰਟਰਫੇਥ ਦਾ ਜੁੱਗ ਹੈ। ਆਪਣੇ ਆਪਣੇ ਅਕੀਦੇ ਤੇ ਰਹਿੰਦਿਆਂ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲਿਆਂ ਦਾ ਪ੍ਰਸਪਰ ਸਹਿਯੋਗ ਅਤੇ ਸਹਿਹੋਂਦ ਦਾ ਯੁਗ ਹੈ। ਅਸੀਂ ਉਦੋਂ ਵੀ ਉਥੇ ਵੀ ਕਿਹਾ ਸੀ ਅਤੇ ਲਿਖਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀ ਬਾਣੀ ਸਾਰਾ ਹੀ ਇੰਟਰਫੇਥ ਹੈ। ਇਹ ਕਿਸੇ ਇਕ ਧਰਮ ਜਾਂ ਸੰਪਰਦਾ ਦਾ ਕਾਪੀ ਰਾਈਟ ਨਹੀਂ। ਇਹ ਸਰਬ ਸਾਂਝਾ ਉਪਦੇਸ਼ ਹੈ, ਧੁਰ ਕੀ ਬਾਣੀ ਹੈ। ਜੋ ਵੀ ਇਸ ਨੂੰ ਸੁਣ ਪੜ੍ਹ ਕੇ ਅਮਲ ਕਰੇਗਾ ਉਹ ਆਪਣੇ ਬਾਹਰੀ ਧਰਮ ਵਿਚ ਵਿਚਰਦਾ ਹੋਇਆ ਵੀ ਸੁਖ ਪ੍ਰਾਪਤ ਕਰੇਗਾ।

ਇਸ ਮਹਾਨ ਗ੍ਰੰਥ ਦੇ ਪ੍ਰਸੰਗ ਵਿਚ, ਵਿਆਖਿਆ ਵਿਚ, ਸੋਭਾ ਵਿਚ, ਗ੍ਰੰਥ ਦੇ ਆਕਾਰ ਤੋਂ ਵੱਡਾ ਗ੍ਰੰਥ ਲਿਖਿਆ



Sri Satguru Jagjit Singh Ji eLibrary NamdhariElibrary@gmail.com

ਜਾ ਸਕਦਾ ਹੈ। ਇਸ ਨੂੰ ਸਾਰੀ ਦੁਨੀਆਂ ਦੇ ਵਿਚਾਰਵਾਨ ਮੰਨਦੇ ਵੀ ਹਨ ਅਤੇ ਇਹਨਾਂ ਗੱਲਾਂ ਦਾ ਜ਼ਿਕਰ ਅਕਸਰ ਅਖਬਾਰਾਂ, ਰਸਾਲਿਆਂ, ਪੁਸਤਕਾਂ, ਭਾਸ਼ਨਾਂ ਅਤੇ ਹੋਰ ਮਾਧਿਅਮਾਂ ਰਾਹੀਂ ਹੁੰਦਾ ਰਹੇਗਾ ਪਰ ਗੱਲ ਹੋਰ ਵਿਚਾਰਨ ਵਾਲੀ ਹੈ। ਗੁਰਬਾਣੀ ਵਿਚ ਬਾਰ-ਬਾਰ ਮਨੁੱਖ ਦੇ ਅਮਲੀ ਜੀਵਨ ਵਿਚ ਸ਼ੁੱਧਤਾ, ਸੱਚਾਈ, ਖਰਾਪਣ ਦਾ ਅਤੇ ਅਸਲੀਅਤ ਦਾ ਜ਼ਿਕਰ ਕੀਤਾ ਗਿਆ ਹੈ। ਜਿਥੇ ਜਿਥੇ ਗੁਰੂ ਸਾਹਿਬਾਨ ਅਤੇ ਹੋਰ ਮਹਾਂਪੁਰਖਾਂ ਨੇ ਤਰਕ ਕੀਤਾ ਹੈ ਉਥੇ ਪਖੰਡ, ਦੋਗਲੇਪਣ ਉੱਤੇ ਹੀ ਵਾਰ ਕੀਤਾ ਹੈ। ਮੁਸਲਮਾਨ, ਹਿੰਦੂ ਸੰਗਠਨਾਂ ਦਾ ਵਿਰੋਧ ਨਹੀਂ ਸਗੋਂ ਲੋਕਾਂ ਨੂੰ ਸਮਝਾਇਆ ਹੈ ਕਿ ਬਨਣਾ ਹੈ ਤਾਂ ਸੱਚਾ ਮੁਸਲਮਾਨ, ਸੱਚਾ ਪੰਡਿਤ, ਸੱਚਾ ਵੈਸ਼ਨੋ, ਸੱਚਾ ਮਨੁੱਖ ਬਣ।

ਇਹ ਹੀ ਤਰਕ ਸਾਡੇ ਆਪਣੇ ਉਤੇ ਤੇ ਲਾਗੂ ਹੁੰਦਾ ਹੈ। ਸਿੱਖ ਸਮਾਜ ਵਿਚ ਭਾਰੂ ਭਾਗ ਇਸ ਗ੍ਰੰਥ ਨੂੰ ਗੁਰੂ ਗ੍ਰੰਥ ਮੰਨਦਾ ਹੈ, ਕੋਈ ਗੁਰੂ ਕਾ ਗ੍ਰੰਥ ਮੰਨਦਾ ਹੈ, ਕੋਈ ਗੁਰੂ ਦੇ ਨਾਮ ਅਤੇ ਪ੍ਰਮਾਤਮਾ ਤਕ ਪਹੁੰਚਾਣ ਵਾਲਾ ਮਾਧਿਅਮ ਮੰਨਦਾ ਹੈ ਪਰ ਸਭ ਲੋਕ ਇਸ ਦੀ ਸਰਬ ਉੱਚਤਾ, ਸੁੱਚਤਾ ਅਤੇ ਪਰਮ ਸਤਿਕਾਰਤਾ ਨੂੰ ਮੰਨਦੇ ਹਨ। ਪਰ ਤਰਕ ਇਹ ਹੀ ਆਉਂਦਾ ਹੈ ਕਿ ਕੀ ਇਹ ਸਾਰੇ ਅਸਲ ਵਿਚ ਮਨੋਂ ਉਹ ਮੰਨਦੇ ਹਨ ਜੋ ਆਖਦੇ ਤੇ ਪ੍ਰਚਾਰਦੇ ਹਨ। ਕੀ ਸਭ ਦੀ ਤਾਤ ਪਰਾਈ ਵਿਸਰ ਗਈ ਹੈ। ਕੀ ਸਭ ਲੋਕਾਂ ਨੂੰ ਆਪਣਾ ਮੀਤ ਮੰਨਦੇ ਹਨ, ਕੀ ਉਹ, ਨਾ ਕਿਸੇ ਨੂੰ ਵੈਰੀ ਤੇ ਨਾ ਕਿਸੇ ਨੂੰ ਬੇਗਾਨਾ ਮੰਨਦੇ ਹਨ। ਕੀ ਸਾਡੇ ਵਿਚੋਂ ਹੰਕਾਰ ਦੀ ਕੰਧ ਟੁੱਟ ਗਈ ਹੈ। ਕੀ ਗੁਰੂ ਗ੍ਰੰਥ ਦੇ ਅਨੁਆਈਆਂ ਵਿਚ ਪਰਮ ਸੁੱਖ ਸ਼ਾਂਤੀ ਏਕਤਾ, ਸਬਰ ਸੰਤੋਖ ਆ ਗਿਆ ਹੈ ਜਾਂ ਇਸ ਸ਼ਤਾਬਦੀ ਵਿਚ ਇਸ ਨੂੰ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ। ਅਸੀਂ ਤਾਂ ਅਜੇ ਦੁਨੀਆਂ ਦੇ ਲੋਕਾਂ ਨੂੰ ਵਿਸ਼ੇਸ਼ ਕਰਕੇ ਇੰਟਰਫੇਥ ਦੀਆਂ ਸਰਗਰਮ ਜਥੇਬੰਦੀਆਂ ਨੂੰ ਵੀ ਨਹੀਂ ਦਸ ਸਕੇ ਕਿ ਇੰਟਰਫੇਥ ਵਿਚਾਰਾਂ ਦਾ ਰੌਸ਼ਨ ਮੀਨਾਰ ਇਕ ਗ੍ਰੰਥ ਵੀ ਹੈ।

ਗੁਰੂ ਜੀ ਨੇ ਬਾਣੀ ਵਿਚ ਛੋਟੇ ਕਹੇ ਜਾਂਦੇ ਲੋਕਾਂ 'ਨੀਚਾਂ' ਵਿੱਚ ਆਪਣੇ ਆਪ ਨੂੰ ਸ਼ਾਮਲ ਕੀਤਾ ਹੈ। ਉਹਨਾਂ ਆਪਣੇ ਆਪ ਨੂੰ ਸ਼ਾਇਰ ਅਤੇ 'ਜਨ' ਸਾਧਾਰਨ ਲੋਕ ਜਨਤਾ ਵੀ ਲਿਖਿਆ ਹੈ। ਆਪਣੇ ਜੀਵਨ ਦੇ ਅਮਲੀ ਵਿਵਹਾਰ ਵਿੱਚ ਵੀ ਇਹ ਗਲ ਲਾਗੂ ਕੀਤੀ। ਜਦੋਂ ਗੁਰੂ ਨਾਨਕ ਦੇਵ ਜੀ ਜਨਮ ਸਾਖੀ ਭਾਸ਼ਾ ਵਿੱਚ ਆਖਦੇ ਹਨ ਚਲ ਮਰਦਾਨਿਆ ਹਿਕ ਤ੍ਰਖਾਣ ਲਾਲੋ ਏਮਨਾਬਾਦ ਦੇ ਪਰਗਣੇ ਰਹਿੰਦਾ ਹੈ ਅਤੇ ਸਾਧ ਹੈ, ਉਸ ਦਾ ਦਰਸ਼ਨ ਕਰ ਆਵੀਐ (ਜਨਮ ਸਾਖੀ ਭਾਈ ਬਾਲੇ ਵਾਲੀ) ਤਾਂ ਇਹ ਸਿਧ ਹੋ ਜਾਂਦਾ ਹੈ ਕਿ ਗੁਰੂ ਜੀ ਕਿਸ ਦੇ ਨਾਲ ਖੜ੍ਹੇ ਹਨ।

ਸ਼ਤਾਬਦੀਆਂ ਦਾ ਯੁੱਗ ਚੱਲ ਰਿਹਾ ਹੈ। ਇਸ ਸ਼ਤਾਬਦੀ ਵਿੱਚ ਵੀ ਅਮੀਰ ਲੋਕ ਸੋਨੇ ਦੀਆਂ ਪਾਲਕੀਆਂ ਅਤੇ ਚੰਦੋਏ ਬਨਾਉਣਗੇ ਜਿਨ੍ਹਾਂ ਦੇ ਦਰਸ਼ਨਾਂ ਨੂੰ ਆਮ ਲੋਕ ਉਲਰਣਗੇ। ਸਿਆਸੀ ਸਰੋਕਾਰਾਂ ਵਾਲੇ ਲੋਕ ਲੰਮੇ ਲੰਮੇ ਜਲੂਸ ਕਢਣਗੇ। ਵਪਾਰੀ ਲੋਕ ਭਾਰੀ ਖਰਚ ਕਰਕੇ ਅਖਬਾਰਾਂ ਤੇ ਟੀ. ਵੀ. ਚੈਨਲਾਂ ਤੇ ਇਸ਼ਤਿਹਾਰ ਦੇਣਗੇ। ਲੰਗਰਾਂ ਦਾ ਦੀਵਾਨਾਂ ਦਾ ਪਾਰਾਵਾਰ ਨਹੀਂ ਰਹੇਗਾ ਪਰ ਕੀ ਅਸੀਂ ਗੁਰੂ ਵਾਕਾਂ ਨੂੰ ਅਮਲ ਵਿਚ ਲੋਕਾਂ ਤਕ ਲੈ ਜਾਵਾਂਗੇ। ਬਾਕੀ ਦੁਨੀਆ ਵਿੱਚ ਵੀ ਸ਼ਾਂਤੀ ਤੇ ਏਕਤਾ ਦਾ ਸੰਦੇਸ਼ ਪਹੁੰਚਾਇਆ ਜਾ ਸਕਦਾ ਹੈ ਪਰ ਕੀ ਕਰਤਾ ਧਰਤਾ ਲੋਕ ਸਿਖ ਭਾਈਚਾਰੇ ਵਿੱਚ ਵੀ ਅਮਨ ਏਕਤਾ ਅਤੇ ਸੁਹਿਰਤਾ ਪੈਦਾ ਕਰ ਸਕਣਗੇ ਆਮ ਸਿਖ ਆਮ ਲੋਕਾਈ ਇਸ ਚਾਨਣ ਤੋਂ ਫੈਜ਼ਯਾਬ ਹੋ ਸਕੇਗੀ ?

ਇਸ ਵਾਸਤੇ ਗੁਰੂ ਬਾਬਾ ਜੀ ਅੱਗੇ ਹੀ ਅਰਦਾਸ ਕਰਨੀ ਬਣਦੀ ਹੈ।

"ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ"

*ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਇਕ ਚਿੱਠੀ ਅਲਪ ਸੰਖਿਅਕ ਆਯੋਗ ਦੇ ਚੇਅਰਮੈਨ ਵਲੋਂ

तरलोचन सिंह
अध्यक्ष
**Tarlochan Singh**
Chairman

भारत सरकार
**Government of India**
राष्ट्रीय अल्पसंख्यक आयोग
**National Commission for Minorities**

ਸਤੰਬਰ 2, 2003

ਪਿਆਰੇ ਸ੍. ਜਗਦੀਸ਼ ਸਿੰਘ ਜੀ,

ਧੰਨਵਾਦ ਲਈ ਕੋਈ ਸ਼ਬਦ ਨਹੀਂ ਹਨ ਜੋ ਮੈਂ ਲਿਖ ਸਕਾਂ। ਤੁਹਾਡੇ ਵਰਗੇ ਵਿਦਵਾਨ ਅਤੇ ਉੱਚ ਕੋਟੀ ਦੇ ਲੇਖਕ ਸਾਹਮਣੇ ਮੇਰੀ ਭਾਸ਼ਾ ਵੈਸੇ ਹੀ ਚੰਗੀ ਨਹੀਂ ਲਗਦੀ। ਜਦ ਦੇ ਅਸੀਂ ਇਕ ਦੂਜੇ ਨੂੰ ਮਿਲੇ ਹਾਂ ਤੁਹਾਡੇ ਵਲੋਂ ਪਿਆਰੇ ਅਤੇ ਸ਼ੁਭ ਇਛਾਵਾਂ ਦਾ ਹੜ੍ਹ ਮੇਰੇ ਵਲ ਆਉਂਦਾ ਹੈ। ਕਦੇ ਕੋਈ ਅਵਸਰ ਮਿਲੇ ਤੁਸੀਂ ਮੈਨੂੰ ਨਿਵਾਜਦੇ ਹੋ। ਜੋ ਇਸ ਵਾਰੀ ਤੁਸੀਂ ਸਤਿਗੁਰੂ ਰਾਮ ਸਿੰਘ ਜੀ ਦੀ ਫੋਟੋ ਸਬੰਧੀ ਕਿਹਾ ਉਸ ਲਈ ਮੈਂ ਪਹਿਲਾਂ ਹੀ ਯਤਨਸ਼ੀਲ ਹਾਂ। ਮੈਂ ਤੇ ਇਸ ਵਾਰੀ ਵੀ ਉਹਨਾਂ ਦਾ ਨਾਂ ਸਭ ਤੋਂ ਉਤੇ ਰਖਿਆ ਸੀ ਪਰ ਕਮੇਟੀ ਵਿੱਚ ਉਹ ਪਾਸ ਨਾ ਹੋ ਸਕਿਆ। ਮੈਂ ਇਸ ਲਈ ਯਤਨਸ਼ੀਲ ਰਹਾਂਗਾ।

ਪਿਛਲੇ ਐਤਵਾਰ ਮੈਂ ਭੈਣੀ ਸਾਹਿਬ ਗਿਆ ਸੀ। ਦੁਪਹਿਰ ਦਾ ਕੀਰਤਨ ਚਲ ਰਿਹਾ ਸੀ ਤੇ ਇਕ ਘੰਟਾ ਬੈਠ ਕੇ ਮੈਂ ਵੀ ਗੁਰਬਾਣੀ ਦਾ ਸਰਵਣ ਕੀਤਾ ਅਤੇ ਇਸ ਪਿਛੋਂ ਮੈਂ 10 ਮਿੰਟ ਭਾਸ਼ਣ ਦਿੱਤਾ ਤੇ ਦਸਿਆ ਕਿ ਜੋ ਇਥੇ ਵੇਖਿਆ ਹੈ ਉਹ ਬੈਕੁੰਠ ਵਾਗੂੰ ਹੀ ਲਗਦਾ ਹੈ। ਨਿਰੋਲ ਕੀਰਤਨ ਤੇ ਉਹ ਵੀ ਰਾਗਾਂ ਅਨੁਸਾਰ ਅਤੇ ਪੁਰਾਤਨ ਸਾਜ਼ਾਂ ਨਾਲ ਕੇਵਲ ਭੈਣੀ ਸਾਹਿਬ ਵਿੱਚ ਹੀ ਪ੍ਰਚਲਿਤ ਹੈ। ਕੋਈ ਸਿਆਸਤ ਨਹੀਂ, ਕੋਈ ਝਗੜਾ ਨਹੀਂ, ਕੇਵਲ ਗੁਰਬਾਣੀ ਦਾ ਹੀ ਪ੍ਰਵਾਹ ਚਲਦਾ ਹੈ। ਸਤਿਗੁਰੂ ਜੀ ਦੀ ਸੇਹਤ ਅੱਗੇ ਨਾਲੋਂ ਚੰਗੀ ਹੈ। ਉਹਨਾਂ ਨਾਲ ਬੈਠਕੇ ਉਹਨਾਂ ਤੋਂ ਆਸ਼ੀਰਵਾਦ ਲੈਣ ਦਾ ਵੀ ਅਵਸਰ ਮਿਲਿਆ। ਮੈਂ ਉਹਨਾਂ ਨੂੰ ਅਗਲੇ ਸਾਲ ਬਾਰਸੀਲੋਨਾ, ਸਪੇਨ ਵਿਚ World Religion Parade ਵਿਚ ਸ਼ਾਮਲ ਹੋਣ ਲਈ ਕਿਹਾ, ਇਹ ਸਾਊਥ ਅਫਰੀਕਾ ਵਿੱਚ ਚਾਰ ਸਾਲ ਪਹਿਲਾਂ ਹੋਈ ਸੀ ਜਿਥੇ ਤੁਹਾਡੀ ਸੰਗਤ ਦਾ ਮਾਣ ਮੈਨੂੰ ਮਿਲਿਆ ਸੀ।

ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਦੱਸਣਾ।

ਤੁਹਾਡਾ,

ਸਹੀ

(ਤਰਲੋਚਨ ਸਿੰਘ)

**ਸ. ਜਗਦੀਸ਼ ਸਿੰਘ ਵਰਿਆਮ**
ਐਡੀਟਰ, ਵਰਿਆਮ
ਲਾਡੋਵਾਲੀ ਰੋਡ
ਜਲੰਧਰ-144 001



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਯੁੱਗ-ਪੁਰਸ਼ : ਸਤਿਗੁਰੂ ਰਾਮ ਸਿੰਘ ਜੀ

*—ਡਾ. ਰਤਨ ਸਿੰਘ ਜੱਗੀ*

ਮਹਾਂਪੁਰਸ਼ਾਂ ਦੀ ਗਤਿ ਅਪਰ-ਅਪਾਰ ਅਤੇ ਅਸੀਮ ਹੁੰਦੀ ਹੈ, ਉਸ ਨੂੰ ਸ਼ਬਦਾਂ ਨਾਲ ਪ੍ਰਗਟ ਨਹੀਂ ਕੀਤਾ ਜਾ ਸਕਦਾ ਅਤੇ ਉਹ ਵੀ ਇਕ ਮੇਰੇ ਜਿਹੇ ਸਾਧਾਰਨ ਬੰਦੇ ਤੋਂ। ਫਿਰ ਵੀ ਨਾਮਧਾਰੀ ਲਹਿਰ ਨੂੰ ਪ੍ਰਚੰਡ ਰੂਪ ਵਿੱਚ ਵਿਕਸਿਤ ਕਰਨ ਵਾਲੇ ਮਹਾਂਪੁਰਸ਼ ਸਤਿਗੁਰੂ ਰਾਮ ਸਿੰਘ ਜੀ ਬਾਰੇ ਕੁਝ ਕਹਿਣ ਲਈ ਮੈਂ ਹਠ ਕੀਤਾ ਹੈ ਕਿ ਮੈਂ ਉਨ੍ਹਾਂ ਦੇ ਯੁੱਗ-ਪੁਰਸ਼ੀ ਚਰਿਤ੍ਰ ਬਾਰੇ ਕੁਝ ਗੱਲ ਕਰਾਂ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ, ਸੱਚ ਪੁੱਛੋ, ਤਾਂ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ। ਜਦੋਂ ਸਮਾਜ ਵਿੱਚ ਵਿਕਾਰ ਪਸਰ ਜਾਂਦੇ ਹਨ, ਜਦੋਂ ਧਰਮ ਦੀ ਨੀਂਹ ਹਿੱਲ ਜਾਂਦੀ ਹੈ, ਜਦੋਂ ਮਨੁੱਖਤਾ ਆਪਣੇ ਕਰਤੱਵ ਨੂੰ ਭੁਲਾ ਦਿੰਦੀ ਹੈ, ਹਰ ਪਾਸੇ ਅਨਾਚਾਰ ਦਾ ਪਸਾਰ ਹੋ ਜਾਂਦਾ ਹੈ, ਤਦ ਉਸ ਨਿਘਰੇ ਹੋਏ ਸਮਾਜ ਵਿਚੋਂ ਹੀ ਕੋਈ ਮਹਾਨ ਆਤਮਾ ਜਨਮ ਲੈਂਦੀ ਹੈ, ਉਹ ਪੁਰਾਤਨ ਕਾਲ ਨੂੰ ਵਿਚਾਰਦੀ ਹੈ, ਵਰਤਮਾਨ ਦੇ ਨਿਘਾਰ ਨੂੰ ਸਮਝਦੀ ਹੈ ਅਤੇ ਭਵਿੱਖਮੁਖੀ ਉਸਾਰੂ ਸ਼ਕਤੀਆਂ ਨੂੰ ਸੰਜੋ ਕੇ, ਇਕ ਨਵੇਂ ਸਮਾਜ ਨੂੰ ਜਨਮ ਦਿੰਦੀ ਹੈ। ਉਹ ਸਮਾਜ ਪਹਿਲਾਂ ਵਾਲਾ ਨਹੀਂ ਹੁੰਦਾ, ਪਰ ਉਸ ਤੋਂ ਟੁੱਟਿਆ ਹੋਇਆ ਵੀ ਨਹੀਂ ਹੁੰਦਾ ਆਪਣੇ ਸਭਿਆਚਾਰ ਪਿਛੋਕੜ ਉਤੇ ਇਕ ਨਵਾਂ ਸਭਿਆਚਾਰ ਉਸਰਦਾ ਹੈ, ਜੋ ਪਹਿਲੇ ਨਾਲ ਸੰਬੰਧ ਰੱਖਣ ਦੇ ਬਾਵਜੂਦ ਪਹਿਲਾਂ ਵਰਗਾ ਨਹੀਂ ਹੁੰਦਾ, ਉਹ ਨਵਾਂ ਹੋ ਕੇ ਵੀ ਨਿਰਾਪੁਰਾ ਨਵਾਂ ਨਹੀਂ ਹੁੰਦਾ। ਅਜਿਹਾ ਉਭਾਰ ਕਿਸੇ ਸਭਿਆਚਾਰ ਵਿੱਚ ਉਦੋਂ ਹੀ ਆਉਂਦਾ ਹੈ ਜਦੋਂ ਕੋਈ ਮਹਾਂਪੁਰਸ਼ ਜਨਮ ਲੈਂਦਾ ਹੈ। ਇਹ ਮਹਾਂਪੁਰਸ਼ ਹੀ ਯੁਗ ਪੁਰਸ਼ ਹੁੰਦਾ ਹੈ ਅਤੇ ਅਜਿਹੇ ਯੁਗ-ਪੁਰਸ਼ ਬਾਰੇ ਹੀ ਅੱਜ ਮੈਂ ਗੱਲ ਕਰਨੀ ਹੈ।

ਯੁਗ-ਪੁਰਸ਼ ਸਮੇਂ ਦੀ ਆਵਾਜ਼ ਨੂੰ ਸੁਣਦਾ ਹੈ, ਯੁਗ ਦੀ ਨਬਜ਼ ਨੂੰ ਵੇਖਦਾ ਹੈ ਅਤੇ ਆਪਣਾ ਉਪਚਾਰ ਸੁਝਾਉਂਦਾ ਹੈ। ਬਾਬਾ ਬਾਲਕ ਸਿੰਘ ਜੀ ਤੋਂ ਵਰੋਸਾਏ ਸਤਿਗੁਰੂ ਰਾਮ ਸਿੰਘ ਜੀ ਨੇ ਉਸ ਸਮੇਂ ਦੇ ਸਿੱਖ ਸਮਾਜ ਦੀ ਆਵਾਜ਼ ਨੂੰ ਸੁਣਿਆ। ਮਹਾਰਾਜਾ ਰਣਜੀਤ ਸਿੰਘ ਨੇ ਜਿਸ ਸਮਾਜ ਨੂੰ ਸੁਵਿਵਸਥਿਤ ਢੰਗ ਨਾਲ ਜੋੜ ਕੇ ਖਾਲਸਾ ਰਾਜ ਕਾਇਮ ਕੀਤਾ, ਉਸ ਸਮਾਜ ਦੇ ਸਰਦਾਰਾਂ ਅਤੇ ਹਾਕਮਾਂ ਵਿੱਚ ਹੌਲੀ ਹੌਲੀ ਕੀ ਧਾਰਮਿਕ ਅਤੇ ਕੀ ਸਮਾਜਕ ਖੇਤਰ ਵਿੱਚ ਢਿੱਲ ਆਣ ਲੱਗ ਗਈ। ਉਨ੍ਹਾਂ ਵਿੱਚ ਰਈਸੀ ਰੁਚੀਆਂ ਦਾ ਵਿਕਾਸ ਹੋਇਆ। ਹਰ ਪ੍ਰਕਾਰ ਦੀਆਂ ਜਾਗੀਰਦਾਰੀਆਂ ਕਮਜ਼ੋਰੀਆਂ ਨਾਲ ਉਹ ਘਿਰ ਗਏ। ਉਨ੍ਹਾਂ ਅੰਦਰੋਂ ਕੌਮੀ ਏਕਤਾ ਅਤੇ ਕਰਤੱਵ ਨਿਰਬਾਹ ਦੀ ਭਾਵਨਾ ਵੀ ਖਤਮ ਹੁੰਦੀ ਗਈ। ਰਸਮੀ ਆਚਾਰਾਂ ਅਤੇ ਧਾਰਮਿਕ ਅਨੁਸ਼ਠਾਨਾਂ ਦੀ ਪਾਲਣਾ ਵੱਲ ਝੁਕ ਗਏ। ਬ੍ਰਾਹਮਣਵਾਦ ਨੇ ਧਾਰਮਿਕ ਤੌਰ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣੀ ਪਕੜ ਵਿੱਚ ਲੈ ਲਿਆ। ਸਰਦਾਰੀਆਂ ਖੁਆਰੀਆਂ ਵਿੱਚ ਬਦਲਣ ਲੱਗੀਆਂ। ਖਾਲਸਾ ਰਾਜ ਚਮਕਿਆ ਅਤੇ ਫਿਰ ਉਸ ਦਾ ਤੇਜ ਸਮਾਪਤ ਹੋ ਗਿਆ। ਇਤਿਹਾਸ ਵਿੱਚ ਉਹ ਬਿਜਲੀ ਦੀ ਚਮਕ ਵਾਂਗ ਸੀ, ਜੋ ਆਈ, ਚਮਕੀ ਅਤੇ ਫਿਰ ਸਦਾ ਲਈ ਅਲੋਪ ਹੋ ਗਈ।

ਸੰਨ ੧੮੩੭ ਈਸਵੀ ਵਿੱਚ ਆਪ ਖਾਲਸਾ ਰਾਜ ਦੀ ਸੈਨਾ ਵਿੱਚ ਭਰਤੀ ਹੋਏ। ਨਾਮ ਅਭਿਆਸੀ ਉਹ ਸ਼ੁਰੂ ਤੋਂ ਹੀ ਸਨ। ਉਨ੍ਹਾਂ ਨੇ ਸੈਨਾ ਦੀ ਨੌਕਰੀ ਦੌਰਾਨ ਆਪਣੀ ਅਧਿਆਤਮੀ ਬਿਰਤੀ ਨੂੰ ਪੂਰੀ ਤਰ੍ਹਾਂ ਵਿਕਸਿਤ ਰੱਖਿਆ ਅਤੇ ਆਪਣੇ ਅਨੇਕਾਂ ਸਾਥੀਆਂ ਨੂੰ ਨਾਮ ਦੇ ਰੰਗ ਵਿੱਚ ਰੰਗ ਦਿੱਤਾ। ਆਪ ਦੀ ਪਲਟਨ ਦਾ ਨਾਂ ਵੀ 'ਭਗਤਾਂ ਵਾਲੀ ਰੈਜਮੈਂਟ' ਪੈ ਗਿਆ। ਉਨ੍ਹਾਂ ਦੇ ਸਾਹਮਣੇ ਖਾਲਸਾ ਰਾਜ ਦਰਿਆ ਦੇ ਢਾਹ ਲਗੇ ਕੰਢੇ ਵਾਂਗ ਖੁਰਦਾ ਚਲਾ ਗਿਆ ਅਤੇ ਕੁਝ ਹੀ ਸਮੇਂ ਵਿੱਚ ਸਭ ਕੁਝ ਢਹਿ-ਢੇਰੀ ਹੋ ਗਿਆ। ਆਪ ਨੇ ਫੌਜੀ ਨੌਕਰੀ ਤਿਆਗ ਦਿੱਤੀ ਅਤੇ ਭੈਣੀ ਸਾਹਿਬ ਆ ਕੇ ਨਾਮ ਅਭਿਆਸ ਵਿਚ ਲੀਨ ਹੋ ਗਏ। ਉਨ੍ਹਾਂ ਦੇ ਰੰਗ ਵਿੱਚ ਰੰਗੇ ਕਈ ਪੁਰਾਣੇ ਫੌਜੀ ਮਿੱਤਰ ਵੀ ਉਨ੍ਹਾਂ ਦੀ ਚਰਨ ਸ਼ਰਨ ਵਿੱਚ ਆ ਗਏ।

ਸਤਿਗੁਰੂ ਜੀ ਨੇ ਸਭ ਨੂੰ ਗੁਰਬਾਣੀ ਅਨੁਸਾਰ ਆਚਰਣ ਢਾਲਣ ਦਾ ਉਪਦੇਸ਼ ਦਿੱਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਦਰਸਾਏ ਮਾਰਗ ਉੱਤੇ ਚੱਲਣ ਲਈ ਆਪਣੇ ਅਨੁਯਾਈਆਂ ਵਿਚ ਸ਼ਕਤੀ ਦਾ ਸੰਚਾਰ ਕੀਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਸੰਨ ੧੮੫੭ ਦੀ ਵਿਸਾਖੀ ਵਾਲੇ ਦਿਨ ਪੁਨਰ-ਸੰਚਾਰਿਤ ਕੀਤਾ ਅਤੇ ਆਚਾਰ-ਵਿਚਾਰ ਤੋਂ ਖਾਲਸੇ ਨੂੰ ਦ੍ਰਿੜ ਕਰਕੇ ਫਿਰ ਤੋਂ ਕੌਮ ਨੂੰ ਨੌ-ਬਰ-ਨੌ ਕਰਕੇ ਸਮਕਾਲੀ ਪਰਿਸਥਿਤੀਆਂ ਦਾ ਹਾਣੀ ਬਣਾਇਆ। ਸਤਿਗੁਰੂ ਜੀ ਇਹ ਚੰਗੀ ਤਰ੍ਹਾਂ ਅਨੁਭਵ ਕਰ ਚੁੱਕੇ ਸਨ ਕਿ ਕੌਮਾਂ ਅਮਲੀ ਜੀਵਨ ਵਿੱਚ ਸਵੱਛਤਾ ਲਿਆਉਣ ਨਾਲ ਹੀ ਬਲਵਾਨ ਹੁੰਦੀਆਂ ਹਨ। ਇਸ ਨਾਲ ਸਾਂਝੀ ਸ਼ਕਤੀ ਦਾ ਜਨਮ ਹੁੰਦਾ ਹੈ। ਇਹ ਸ਼ਕਤੀ ਹੀ ਕੌਮ ਨੂੰ ਸਿਖਰ ਵੱਲ ਲੈ ਜਾਂਦੀ ਹੈ। ਕੌਮੀ ਏਕਤਾ ਪੈਦਾ ਕਰਨ ਲਈ ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਦੇ ਦੌਰੇ ਕਰਨੇ ਸ਼ੁਰੂ ਕੀਤੇ।



Sri Satguru Jagjit Singh Ji eLibrary NamdhariElibrary@gmail.com

ਜਿੱਥੇ ਵੀ ਜਾਂਦੇ, ਉਨ੍ਹਾਂ ਦੇ ਗੌਰਵਸ਼ਾਲੀ ਵਿਅਕਤਿਤਵ ਦੇ ਦਰਸ਼ਨ ਕਰਕੇ ਲੋਕੀ ਮੋਹੇ ਜਾਂਦੇ, ਉਨ੍ਹਾਂ ਦੀ ਛੋਹ ਨਾਲ ਹੀ ਪਤਿਤ ਤੋਂ ਪੁਨੀਤ ਹੋ ਜਾਂਦੇ। ਸਭ ਦਾ ਕਾਇਆ-ਕਲਪ ਹੋ ਜਾਂਦਾ। ਤੇ ਇਸ ਤਰ੍ਹਾਂ ਸਿੱਖ ਸਮਾਜ ਵਿੱਚ ਇਕ ਨਵੀਂ ਜੀਵਨ-ਰੌ ਚਲ ਪਈ।

ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਅੰਦਰ ਆਤਮਿਕ ਬਲ ਪੈਦਾ ਕਰਨ ਲਈ ਗੁਰਮਤਿ ਸੰਗੀਤ ਦਾ ਮਰਯਾਦਾ ਅਨੁਸਾਰ ਤੰਤਰੀ ਸਾਜ਼ਾਂ ਨਾਲ ਕੀਰਤਨ ਅਧਿਕ ਤੋਂ ਅਧਿਕ ਪ੍ਰਚਾਰਿਤ ਕੀਤਾ। ਇਸ ਨਾਲ ਸਿੱਖਾਂ ਦੀ ਆਤਮਾ ਸਵੱਛ ਹੋ ਗਈ। ਪਰ ਉਨ੍ਹਾਂ ਅੰਦਰ ਪਸਰੀ ਹੋਈ ਸਿਥਲਤਾ ਨੂੰ ਦੂਰ ਕਰਨ ਲਈ ਬੀਰ-ਰਸੀ ਕੀਰਤਨ ਕਰਵਾਉਣਾ ਸ਼ੁਰੂ ਕੀਤਾ, ਜਿਸ ਨੂੰ 'ਹੱਲੇ ਦਾ ਕੀਰਤਨ' ਕਿਹਾ ਜਾਂਦਾ ਹੈ। ਇਸ ਨਾਲ ਸਿੱਖਾਂ ਅੰਦਰ ਅਧਿਆਤਮਿਕ ਅਤੇ ਬੀਰ-ਰਸੀ ਭਾਵਨਾ ਪਰਸਪਰ ਮਿਲਕੇ ਅਜਿਹੀ ਵਿਕਸਿਤ ਹੋਈ ਕਿ ਕੌਮ ਧਰਮ ਦੀ ਰੱਖਿਆ, ਦੇਸ਼ ਦੀ ਆਜ਼ਾਦੀ ਦੀ ਰੱਖਿਆ ਅਤੇ ਮਾਨਵਤਾ ਦੇ ਕਲਿਆਣ ਲਈ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਈ। ਕਿਤਨੇ ਹੀ ਨਾਮਧਾਰੀ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੀ ਨਵੀਂ ਚੇਤਨਾ ਤੋਂ ਜਨਤਾ ਨੂੰ ਜਾਣੂੰ ਕਰਾਉਣ ਲਈ ਸਾਰੇ ਪੰਜਾਬ ਵਿੱਚ ਖਿਲਰ ਗਏ ਅਤੇ ਅੰਮ੍ਰਿਤ ਪਾਨ ਕਰਾਉਣ ਦੇ ਸਮਾਗਮ ਹੋਣ ਲੱਗੇ। ਇਥੋਂ ਤਕ ਕਿ ਸਿੱਖ ਇਸਤਰੀਆਂ ਨੂੰ ਵੀ ਖੰਡੇ ਦਾ ਅੰਮ੍ਰਿਤ ਛਕਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਉਚੇਚਾ ਉੱਦਮ ਕੀਤਾ। ਇਸ ਤਰ੍ਹਾਂ ਸਿੱਖਾਂ ਅੰਦਰ ਮਰਜੀਵੜਿਆਂ ਦੇ ਰੂਪ ਵਿੱਚ ਆਪਣੇ ਅਨੁਯਾਈ ਸੁਸਜਿਤ ਕੀਤੇ। ਨਾਮ ਅਭਿਆਸੀ ਹੋਣ ਕਰਕੇ ਨਾਮਧਾਰੀ ਸਿੰਘਾਂ ਦਾ ਸਰੂਪ ਉਪਰੋਂ ਹੰਸਾਂ ਵਰਗਾ ਹੁੰਦਾ ਹੈ, ਪਰ ਸੰਕਟ ਵੇਲੇ ਉਨ੍ਹਾਂ ਦੀਆਂ ਸ਼ਾਂਤ ਪ੍ਰਕਿਰਤੀਆਂ ਵਿਚ ਕਹਿਰਾਂ ਦਾ ਜੋਸ਼ ਉੱਗਮ ਪੈਂਦਾ ਹੈ। ਫਿਰ ਉਹ ਕਿਸੇ ਸੰਕਟ ਨੂੰ ਸਹਿਣ ਲਈ ਤਿਆਰ ਹੋ ਜਾਂਦੇ ਹਨ। ਨਾਮਧਾਰੀ ਸਿੰਘਾਂ ਦਾ ਇਤਿਹਾਸ ਅਤੇ ਉਨ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਇਸ ਗੱਲ ਦੀਆਂ ਗਵਾਹ ਹਨ।

ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਭਾਵਸ਼ਾਲੀ ਧਰਮ ਪ੍ਰਚਾਰ ਤੋਂ ਅੰਗਰੇਜ਼ ਸਰਕਾਰ ਸੁਚੇਤ ਹੋ ਗਈ। ਸੰਨ ੧੮੬੩ ਤੋਂ ੧੮੬੭ ਤਕ ਚਾਰ ਸਾਲਾਂ ਲਈ ਆਪ ਜੀ ਦੀਆਂ ਗਤੀਵਿਧੀਆਂ ਨੂੰ ਭੈਣੀ ਸਾਹਿਬ ਦੀਆਂ ਹੱਦਾਂ ਤਕ ਸੀਮਿਤ ਕਰ ਦਿੱਤਾ ਗਿਆ। ਪਰ ਇਸ ਤੋਂ ਬਾਦ ਫਿਰ ਪ੍ਰਚਾਰ ਦਾ ਕੰਮ ਸ਼ੁਰੂ ਹੋ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਾਂ ਨੇ ਨਾਮਧਾਰੀ ਆਦਰਸ਼ ਨੂੰ ਅਪਨਾ ਲਿਆ। ਸਤਿਗੁਰੂ ਜੀ ਨੇ ਸਿੱਖਾਂ ਦੀਆਂ ਅਲਸਾਈਆਂ ਹੋਈਆਂ ਸ਼ਕਤੀਆਂ ਨੂੰ ਅਜਿਹਾ ਹੁਲਾਰਾ ਦਿੱਤਾ ਕਿ ਸਮੁੱਚੀ ਕੌਮ ਵਿਵਸਥਿਤ ਲਹਿਰ ਦੇ ਰੂਪ ਵਿੱਚ ਵਟ ਗਈ। ਨਾਮਧਾਰੀ ਸਿੰਘ ਆਜ਼ਾਦੀ ਦੀ ਸ਼ਮ੍ਹਾਂ ਦੇ ਪਰਵਾਨੇ ਬਣ ਗਏ। ਮਲੇਰਕੋਟਲੇ ਅਤੇ ਹੋਰਨਾਂ ਥਾਵਾਂ ਤੇ ਹੋਏ ਸਾਕਿਆਂ ਨੇ ਦੇਸ਼ ਦੀ ਚਿਣਗ ਭਾਂਬੜ ਵਿੱਚ ਬਦਲ ਦਿੱਤੀ। ਭਾਰਤੀਅਤਾ ਦੀ ਆਰਥਿਕਤਾ ਅਤੇ ਧਾਰਮਿਕਤਾ ਦੀ ਪ੍ਰਤੀਕ ਗਊ ਦੀ ਰੱਖਿਆ ਨਾਮਧਾਰੀ ਲਹਿਰ ਦਾ ਇਕ ਮੁੱਦਾ ਬਣ ਗਿਆ।

ਭੈਣੀ ਸਾਹਿਬ ਵਿੱਚ ਨਜ਼ਰਬੰਦੀ ਦੌਰਾਨ ਆਪ ਨੇ ਆਜ਼ਾਦੀ ਪ੍ਰਾਪਤ ਕਰਨ ਦੀ ਵਿਸਤਾਰ ਸਹਿਤ ਯੋਜਨਾ ਬਣਾਈ। ਉਸ ਵਿਚੋਂ ਇਕ ਪੱਖ ਸੀ ਸਾਰੇ ਧਰਮ ਪ੍ਰਚਾਰ ਨੂੰ ਵਿਵਸਥਿਤ ਕਰਨ ਲਈ ੨੨ ਸੂਬਿਆਂ ਦੀ ਨਿਯੁਕਤੀ ਕਰਨਾ। ਇਸ ਤੋਂ ਇਲਾਵਾ ਬਦੇਸ਼ੀ ਕੱਪੜੇ ਅਤੇ ਹੋਰ ਹਰ ਪ੍ਰਕਾਰ ਦੇ ਸਮਾਨ ਦੀ ਵਰਤੋਂ ਨਾ ਕਰਨਾ, ਸਰਕਾਰੀ ਡਾਕ ਸਿਸਟਮ ਦੀ ਥਾਂ ਆਪਣੀ ਡਾਕ ਵਿਵਸਥਾ ਹਰਕਾਰਿਆਂ ਰਾਹੀਂ ਕਰਨਾ, ਸਰਕਾਰੀ ਨੌਕਰੀ ਨਾ ਕਰਨਾ, ਕਚਹਿਰੀਆਂ ਦੀ ਥਾਂ ਪੰਚਾਇਤਾਂ ਵਿੱਚ ਹਰ ਤਰ੍ਹਾਂ ਦੇ ਝਗੜਿਆਂ ਦਾ ਨਿਪਟਾਰਾ ਕਰਨਾ ਆਦਿ। ਇਹ ਸਭ ਕੁਝ ਕਾਂਗਰਸ ਦੁਆਰਾ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਚਲਾਈ ਨਾਮਿਲਵਰਤਣ ਲਹਿਰ ਦਾ ਬੁਨਿਆਦੀ ਉੱਦਮ ਸੀ।

ਧਾਰਮਿਕਤਾ ਨਾਲ ਜਿਸ ਪ੍ਰਕਾਰ ਦੇਸ਼ ਭਗਤੀ ਦਾ ਸਾਮੰਜਸ ਸਤਿਗੁਰੂ ਰਾਮ ਸਿੰਘ ਜੀ ਨੇ ਕੀਤਾ, ਉਹ ਆਪਣੇ ਆਪ ਵਿੱਚ ਅਦੁੱਤੀ ਸੀ। ਇਸ ਦੇ ਨਾਲ ਹੀ ਆਪ ਨੇ ਆਪਣੇ ਅਨੁਯਾਈਆਂ ਨੂੰ ਸਮਾਜਕ ਪੱਖ ਤੋਂ ਹੀ ਬਹੁਤ ਉੱਨਤ ਕੀਤਾ। ਪਹਿਲੀ ਗੱਲ ਆਪ ਨੇ ਇਹ ਕੀਤੀ ਕਿ ਆਪਣੇ ਅਨੁਯਾਈਆਂ ਵਿੱਚ ਸੰਤੋਖ ਦੀ ਭਾਵਨਾ ਭਰੀ, ਜਿਸ ਨਾਲ ਉਨ੍ਹਾਂ ਦੀ ਸੰਸਾਰਕ ਭਟਕਣਾ ਖਤਮ ਹੋਈ। ਦੂਜੀ ਗੱਲ ਆਪ ਨੇ ਸਮਾਜ ਵਿੱਚ ਪਸਰੇ ਹੋਏ ਧਾਰਮਿਕ ਅੰਧ-ਵਿਸ਼ਵਾਸਾਂ ਨੂੰ ਖਤਮ ਕੀਤਾ। ਧਾਰਮਿਕ ਰੀਤੀ ਰਿਵਾਜ, ਮੜ੍ਹੀਆਂ ਮਸਾਣਾਂ ਦੀ ਪੂਜਾ ਤੋਂ ਨਵ-ਸਿਰਜੇ ਸਮਾਜ ਨੂੰ ਖਲਾਸ ਕੀਤਾ।

ਸਤਿਗੁਰੂ ਰਾਮ ਸਿੰਘ ਨੇ ਸਮਾਜ ਵਿੱਚ ਜੋ ਮਹੱਤਵਪੂਰਨ ਸੁਧਾਰ ਕੀਤਾ, ਉਹ ਹੈ ਵਿਆਹ ਪ੍ਰਥਾ ਨੂੰ ਸਰਲ ਅਤੇ ਗੁਰਮਤਿ ਮਰਯਾਦਾ ਦੇ ਅਨੁਕੂਲ ਬਣਾਉਣਾ। ਧਰਮ ਦੇ ਤਥਾ-ਕਥਿਤ ਆਗੂਆਂ, ਬ੍ਰਾਹਮਣਾਂ ਅਤੇ ਲਾਗੀਆਂ ਦੁਆਰਾ ਵਿਆਹ ਨੂੰ ਬਹੁਤ ਖਰਚੀਲਾ ਬਣਾ ਦਿੱਤਾ ਗਿਆ ਸੀ। ਦਾਜ ਦੀ ਪ੍ਰਥਾ ਅਤੇ ਉਸ ਪਿੱਛੇ ਲੁਕੀ ਆਪਾ-ਪ੍ਰਦਰਸ਼ਨ ਦੀ ਪ੍ਰਵਿਰਤੀ ਨੇ ਸਮਾਜ ਵਿੱਚ ਅਜਿਹੇ ਕੋਹੜ ਦਾ ਸੰਚਾਰ ਕਰ ਦਿੱਤਾ ਸੀ ਕਿ ਉਸ ਨੂੰ ਖਤਮ ਕਰਨਾ ਭਾਵੇਂ ਹਰ ਵਿਅਕਤੀ ਚਾਹੁੰਦਾ ਸੀ, ਪਰ ਉਸ ਤੋਂ ਛੁਟਕਾਰਾ ਪਾਣਾ ਸੰਭਵ ਨਹੀਂ ਸੀ ਹੋ ਰਿਹਾ। ਇਸ ਦਿਸ਼ਾ ਵੱਲ ਸਤਿਗੁਰੂ ਜੀ ਨੇ ਲੋਕਾਂ ਨੂੰ ਭਰਪੂਰ ਅਗਵਾਈ



Sri Satguru Jagjit Singh Ji eLibrary NamdhariElibrary@gmail.com

ਦਿੱਤੀ ਅਤੇ ਸੰਨ ੧੮੬੩ ਵਿੱਚ 'ਖੋਟਿਆਂ' ਪਿੰਡ ਵਿੱਚ ਗੁਰਮਰਯਾਦਾ ਅਨੁਸਾਰ ਵਿਆਹ ਕਰਨੇ ਸ਼ੁਰੂ ਕੀਤੇ। ਇਸ ਪ੍ਰਕਾਰ ਦੇ ਵਿਆਹ ਨਾਲ ਦੋ ਲਾਭ ਹੋਏ : ਇਕ ਇਹ ਕਿ ਲੋਕ ਵਿਆਹ ਉਤੇ ਵਿਅਰਥ ਖਰਚ ਕਰਨੋਂ ਬਚ ਗਏ ਅਤੇ ਦੂਜਾ, ਵਿਆਹ ਤੇ ਹੋਣ ਵਾਲੇ ਅਤਿ ਅਧਿਕ ਖਰਚਿਆਂ ਤੋਂ ਬਚਣ ਲਈ ਜੰਮਦਿਆਂ ਹੀ ਬੱਚੀਆਂ ਨੂੰ ਮਾਰਨ ਦੀ ਕੁਪ੍ਰਥਾ ਨੂੰ ਆਪਣੇ ਆਪ ਠੱਲ੍ਹ ਪੈ ਗਈ।

ਸਤਿਗੁਰੂ ਜੀ ਨੇ ਕੁੜੀਆਂ ਜੰਮਦਿਆਂ ਹੀ ਮਾਰਨ ਦੀ ਰੁਚੀ ਵੱਲੋਂ ਲੋਕਾਂ ਦਾ ਮਨ ਮੋੜਨ ਤੋਂ ਇਲਾਵਾ ਵੱਟੇ ਦੇ ਸਾਕ ਕਰਨੇ ਬੰਦ ਕਰਵਾਏ ਅਤੇ ਮ੍ਰਿਤ ਪਤੀ ਨਾਲ ਸਤੀ ਹੋਣ ਦੇ ਭ੍ਰਿਸ਼ਟ ਆਚਾਰ ਨੂੰ ਵੀ ਖਤਮ ਕੀਤਾ। ਇਸ ਤੋਂ ਇਲਾਵਾ ਛੋਟੀ ਉਮਰ ਵਿੱਚ ਵਿਆਹ ਕਰਨ ਨੂੰ ਅਨੁਚਿਤ ਦਸਿਆ ਅਤੇ ਵਿਧਵਾ-ਵਿਆਹ ਦੀ ਵੀ ਖੁੱਲ੍ਹ ਦਿੱਤੀ। ਇਸਤਰੀਆਂ ਦੇ ਜੀਵਨ ਵਿਚ ਇਹ ਕਮਾਲ ਦੀ ਤਬਦੀਲੀ ਸੀ। ਸਿੱਖ ਪਰੰਪਰਾ ਵਿੱਚ ਇਸਤਰੀ ਨੂੰ ਬੜਾ ਉੱਚਾ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿੱਚ ਇਸਤਰੀ ਦੇ ਗੌਰਵ ਨੂੰ ਬੜੀ ਦ੍ਰਿੜਤਾ ਨਾਲ ਸਥਾਪਿਤ ਕੀਤਾ ਹੈ। ਗੁਰੂ ਅਮਰਦਾਸ ਨੇ ਸਤੀ ਦੀ ਪ੍ਰਥਾ ਨੂੰ ਬੰਦ ਕਰਨ ਉਤੇ ਬਹੁਤ ਬਲ ਦਿੱਤਾ ਹੈ। ਭਾਈ ਗੁਰਦਾਸ ਨੇ ਇਸਤਰੀ ਨੂੰ 'ਅਰਧ ਸਰੀਰੀ ਮੋਖ ਦੁਆਰੀ' ਮੰਨਿਆ ਹੈ। ਗੁਰੂ ਗੋਬਿੰਦ ਸਿੰਘ ਨੇ ਇਸਤਰੀਆਂ ਨੂੰ ਯੁੱਧ ਵਿੱਚ ਭਾਗ ਲੈਣ ਲਈ ਵੀ ਤਿਆਰ-ਬਰ-ਤਿਆਰ ਕੀਤਾ ਹੈ। ਪਰ ਇਸ ਪਰੰਪਰਾ ਵਿੱਚ ਕਾਲਾਂਤਰ ਵਿੱਚ ਬ੍ਰਾਹਮਣਵਾਦ ਨੇ ਪ੍ਰਵੇਸ਼ ਕਰਕੇ ਇਸਤਰੀ ਗੌਰਵ ਨੂੰ ਨਕਾਰਨ ਦੇ ਜੋ ਯਤਨ ਕੀਤੇ ਹੋਏ ਸਨ, ਉਨ੍ਹਾਂ ਨੂੰ ਮੁੜ ਸਤਿਗੁਰੂ ਰਾਮ ਸਿੰਘ ਜੀ ਨੇ ਨਿਸਫਲ ਬਣਾਣ ਲਈ ਪੂਰਾ ਉੱਦਮ ਕੀਤਾ ਅਤੇ ਗੁਰੂ ਸਾਹਿਬਾਨ ਦੁਆਰਾ ਚਲਾਈ ਪਰੰਪਰਾ ਨੂੰ ਅੱਗੇ ਤੋਰਦਿਆਂ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਨੂੰ ਮਰਦ ਦੇ ਬਰਾਬਰ ਸਥਾਨ ਦੇ ਕੇ ਖੰਡੇ ਦਾ ਅੰਮ੍ਰਿਤ ਪਾਨ ਵੀ ਕਰਵਾਇਆ। ਉਸ ਦੀ ਰਹਿਣੀ ਬਹਿਣੀ ਵਿੱਚ ਪਰਿਵਰਤਨ ਲਿਆ ਕੇ ਉਸ ਨੂੰ ਅਬਲਾ ਤੋਂ ਸਬਲਾ ਬਣਾਇਆ ਅਤੇ ਸਮਾਜ ਵਿੱਚ ਮਰਦ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣਾ ਕਰਤੱਵ ਪਾਲਣ ਲਈ ਪ੍ਰੇਰਿਆ।

ਸਪੱਸ਼ਟ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਨਿਘਰੀ ਹੋਈ ਅਵਸਥਾ ਵਿਚੋਂ ਖਾਲਸੇ ਨੂੰ ਕੱਢ ਕੇ ਹੋਣੀਆਂ ਦਾ ਸੁਆਮੀ ਬਣਾਇਆ। ਅੱਜ ਜੇ ਅਸੀ ਸਿੱਖ ਮਰਯਾਦਾ ਦੀ ਸਹੀ ਪਾਲਣਾ ਨੂੰ ਵੇਖਣ ਦੇ ਇਛੁੱਕ ਹੋਈਏ ਤਾਂ ਸਾਨੂੰ ਨਾਮਧਾਰੀ ਸਿੰਘਾਂ ਦੇ ਕਿਰਦਾਰ ਨੂੰ ਵੇਖਣਾ ਹੋਵੇਗਾ। ਨਸ਼ਿਆਂ ਤੋਂ ਮੁਕਤ, ਸਮਾਜਕ ਕੁਰੀਤਾਂ ਤੋਂ ਅਪ੍ਰਭਾਵਿਤ, ਦੇਸ਼ ਭਗਤੀ ਲਈ ਸੁਚੇਤ ਅਤੇ ਨਾਮ ਸਾਧਨਾ ਦੇ ਸ਼ਾਂਤ ਸਰੂਪ ਵਿੱਚ ਵੀ ਓਜਸਵੀ ਇਰਾਦੇ ਰੱਖਣ ਵਾਲੀ ਨਾਮਧਾਰੀ ਸੰਪ੍ਰਦਾਇ ਦੀ ਹੋਂਦ ਉਸ ਯੁਗ-ਪੁਰਸ਼ ਦੀ ਚੇਤਨਾ ਦਾ ਫਲ ਹੈ, ਜਿਸ ਨੂੰ ਅਸੀਂ ਆਦਰ ਨਾਲ 'ਸਤਿਗੁਰੂ ਸ੍ਰੀ ਬਾਬਾ ਰਾਮ ਸਿੰਘ ਜੀ' ਕਹਿੰਦੇ ਹਾਂ, ਪਰ ਉਹ ਨਿਰੇ ਨਾਮਧਾਰੀ ਸੰਪ੍ਰਦਾਇ ਦੇ ਗੁਰੂ ਨਹੀਂ ਸਨ, ਸਗੋਂ ਉਨ੍ਹਾਂ ਦੇ ਮਨ ਅੰਦਰ ਵਿਸ਼ਵ ਕਲਿਆਣ ਦਾ ਉਪਕਾਰ ਸਮਾਇਆ ਹੋਇਆ ਸੀ।

ਅੰਤ ਵਿੱਚ ਮੈਂ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਕੌਮ ਨੂੰ ਜਗਾ ਕੇ ਸੁਤੰਤਰਤਾ ਦੀ ਪ੍ਰਾਪਤੀ ਦੇ ਮਾਰਗ ਉਤੇ ਅੱਗੇ ਵਧਾਇਆ। ਉਨ੍ਹਾਂ ਨਾਮਧਾਰੀ ਸ਼ਹੀਦਾਂ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਨੇ ਆਪਣੀ ਜੀਵਨ ਜੋਤਿ ਨੂੰ ਨਾਮਧਾਰੀ ਅੰਦੋਲਨ ਦੀ ਜੋਤਿ ਨੂੰ ਜਗਦਾ ਰੱਖਣ ਲਈ ਉਸ ਨਾਲ ਇਕਸੁਰ ਕਰ ਦਿੱਤਾ। ਅਤੇ ਪ੍ਰਣਾਮ ਕਰਦਾ ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ ਦੀ ਚੇਤਨਾ ਪ੍ਰਵਾਹਿਤ ਹੈ ਅਤੇ ਉਨ੍ਹਾਂ ਦੀ ਯੁਗ-ਪੁਰਸ਼ੀ ਬਿਰਤੀ ਪ੍ਰਤਿਬਿੰਬਤ ਹੋ ਰਹੀ ਹੈ। ਮੈਂ ਆਪਣੇ ਆਪ ਨੂੰ ਚੰਗੇ ਭਾਗਾਂ ਵਾਲਾ ਸਮਝਦਾ ਹਾਂ ਅਤੇ ਆਪ ਸਭ ਨੂੰ ਵਡਭਾਗੀ ਸਮਝਦਾ ਹਾਂ ਜੋ ਉਸ ਯੁਗ ਜਾਂ ਕਾਲ-ਅਵਧੀ ਵਿੱਚ ਜੀ ਰਹੇ ਹੋ, ਜਦੋਂ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਸਾਡੇ ਵਿੱਚ ਵਿਦਮਾਨ ਹਨ।

❖❖❖

## ਸੁਰਜੀਤ ਸਿੰਘ ਜੀਤ ਦਾਦਾ ਬਣੇ

ਪ੍ਰਸਿਧ ਇਤਿਹਾਸ ਖੋਜੀ ਤੇ ਲੇਖਕ ਸ. ਸੁਰਜੀਤ ਸਿੰਘ ਜੀਤ ਲੰਡਨ ਦੇ ਘਰ ਸਤਿਗੁਰਾਂ ਦੀ ਬਖਸ਼ਿਸ਼ ਨਾਲ ਪੋਤਰਾ ਹੋਇਆ ਹੈ। ਨਵਾਂ ਭੁਝੰਗੀ ਸ. ਜਸਵਿੰਦਰ ਸਿੰਘ ਹਿਸਟੋਰੀਅਨ ਦਾ ਦੋਹਤਰਾ ਵੀ ਹੈ।

ਨਵੇਂ ਜਨਮੇ ਬਾਲਕ ਦਾ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਰਪਾਲ ਸਿੰਘ ਰਖਿਆ ਹੈ। ਇਸ ਦਾ ਜਨਮ ੮ ਸਤੰਬਰ (੨੦੦੩) ਨੂੰ ਹੋਇਆ ਅਤੇ ਇਹ ਇਕ ਸੰਜੋਗ ਦੀ ਗੱਲ ਹੈ ਕਿ ਇਸ ਦੇ ਬਾਪ ਹਰਜੀਤ ਸਿੰਘ ਸੱਗੂ ਦਾ ਜਨਮ ਦਿਨ ਵੀ ੮ ਸਤੰਬਰ (੧੯੭੪) ਹੀ ਹੈ। 'ਜੀਤ' ਪਰਿਵਾਰ ਨੇ ਸਤਿਗੁਰਾਂ ਦਾ ਕੋਟਾਨ ਕੋਟ ਧੰਨਵਾਦ ਕੀਤਾ ਹੈ।

ਵਧਾਈਆਂ!



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

61040
Code 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

**G.T. Road, Opp. Jalandhar Octroi Post,**

**PHAGWARA**




Sri Satguru Jagjit Singh Ji eLibrary NamdhariElibrary@gmail.com

# ਕੂਕਾ-ਕਿਰਦਾਰ ਦੀ ਬੁਲੰਦੀ ਦੇ ਦਰਸ਼ਨ

—ਸੁਵਰਨ ਸਿੰਘ ਵਿਰਕ

੨੭ ਵੈਸਾਖ ੧੯੮੮ ਬਿਕ੍ਰਮੀ ਨੂੰ ਪੋਠੋਹਾਰ ਦੇ ਇਲਾਕੇ ਵਿਚ ਲਛਮਣ ਦਾਸ ਮਨੀਰੀ ਵਾਲੇ ਨੂੰ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਨੂੰ ਮਾਰ ਦਿੱਤਾ ਗਿਆ ਸੀ ਅਤੇ ਧੁਮਾਇਆ ਇਹ ਕਿ ਉਹ ਦੇਹ ਤੇ ਉੱਤੇ ਬੈਠਾ ਸੀ। ਉਹ ਸਹਿਜਧਾਰੀ ਨਾਮਧਾਰੀ ਸਿੱਖ ਸੀ। ਅਰਦਾਸੇ ਵਿਚ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਬਾਬਾ ਸੰਗਤਾ ਜੀ ਦਾ ਨਾਂ ਲੈਂਦਾ ਸੀ। ਦਰਅਸਲ ਅੰਗਰੇਜ਼ ਸਾਮਰਾਜ ਦੀ ਪ੍ਰਸ਼ਾਸਨਿਕ ਮਸ਼ੀਨਰੀ ਬੜੀ ਚਲਾਕ ਸੀ। ਇਹ ਸਮਾ ਸ਼ਹੀਦ ਭਗਤ ਸਿੰਘ ਹੋਰਾਂ ਦੀ ਸ਼ਹਾਦਤ ਦਾ ਸੀ। ਦੇਸ ਵਿਚ ਕੌਮੀ ਉਭਾਰ ਸਿਖਰ ਤੇ ਸੀ। ਅਜਿਹੇ ਸਮੇਂ ਉਹ ਸਾਡੇ ਭਾਈਚਾਰੇ ਦੇ ਅੰਦਰੂਨੀ ਮੱਤਭੇਦਾਂ ਨੂੰ ਲੱਭ ਕੇ ਹਵਾ ਦਿੰਦੇ ਸਨ ਅਤੇ ਵੱਖੋ ਵੱਖ ਫਿਰਕਿਆਂ ਵਿਚਾਲੇ ਪਾੜ ਵਧਾਕੇ ਆਪਣੇ ਰਾਜ ਦੀ ਉਮਰ ਲੰਮੀ ਕਰਨਾ ਚਾਹੁੰਦੇ ਸਨ। ਇਸ ਕਾਰਵਾਈ ਦੁਆਰਾ ਇਹ ਹਿੰਦੂਆਂ ਅਤੇ ਸਿੱਖਾਂ ਵਿਚ ਫਸਾਦ ਕਰਾਉਣੇ ਚਾਹੁੰਦੇ ਸਨ। ਭਾਈ ਲਛਮਣ ਦਾਸ ਨੇ ਆਪਣੇ ਨਾਲਦਿਆਂ ਨੂੰ ਅੰਤ ਸਮੇਂ ਕਿਹਾ ਸੀ ਆਪਾਂ ਗੁਰੂ ਕੇ ਸਿੰਘਾਂ ਤੇ ਹੱਥ ਨਹੀਂ ਚੁੱਕਣਾ। ਪਿਛਲੇ ਇਕ ਦਹਾਕੇ ਤੋਂ ਬੀ.ਟੀ. ਦੀਆਂ ਡਾਗਾਂ ਅੱਗੇ ਸ਼ਾਂਤ ਰਹਿਣ ਵਾਲੇ ਅਕਾਲੀ ਸੱਜਣ ਨਾਮਧਾਰੀਆਂ ਤੇ ਅਨੇਕਾਂ ਥਾਂ ਹਮਲੇ ਕਰ ਚੁੱਕੇ ਸਨ। ਗ੍ਰੰਥ ਗੁਰੂ ਜਾਂ ਦੇਹਧਾਰੀ ਗੁਰੂ ਦੇ ਸੰਦਰਭ ਵਿਚ। ਮਨੀਰੀ ਵਾਲੇ ਦੀ ਘਟਨਾ ਤੋਂ ਪੀੜਿਤ ਹੋਕੇ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਸਤਿਜੁਗ ਵਿਚ ਲਿਖ ਦਿੱਤਾ ਕਿ ਜੇ ਅਕਾਲੀਆਂ ਨੇ ਬਿਨਾਂ ਵਜਹ ਗ੍ਰੰਥ ਸਾਹਿਬ ਦੇ ਨਿਰਾਦਰ ਦਾ ਬਹਾਨਾ ਬਣਾਕੇ ਹਮਲੇ ਕਰਨੇ ਹਨ ਤਾਂ ਤੁਸੀਂ ਆਪਣੇ ਘਰ ਬਾਬੇ ਦੀ ਬੀੜ ਨਾ ਰੱਖੋ। ਬਾਣੀ ਪੋਥੀਆਂ/ਗੁਟਕਿਆਂ ਤੋਂ ਪੜ੍ਹ ਲਵੋ। ਪ੍ਰੰਤੂ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਜੀ ਦੀ ਇਸ ਗੱਲ ਨੂੰ ਭਾਰੀ ਭੁੱਲ ਆਖਿਆ ਅਤੇ ਹਜ਼ਰੋ ਸਾਹਿਬ ਜਾ ਕੇ ਉਥੋਂ ਦੀ ਸੰਗਤ ਨੂੰ ਫਿਰ ਸ੍ਰੀ ਗ੍ਰੰਥ ਸਾਹਿਬ ਦੀ ਪਾਠ ਪੂਜਾ ਪਹਿਲਾਂ ਜਿਉਂ ਜਾਰੀ ਰੱਖਣ ਦੀ ਹਦਾਇਤ ਕੀਤੀ।[੧੯]

੮-੯ ਅੱਸੂ ੧੯੯੦ ਬਿਕਰਮੀ ਨੂੰ ਗੁਰਮਤ ਸੰਗੀਤ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਗੁਰਬਾਣੀ ਤੰਤੀ ਸਾਜ਼ਾਂ ਨਾਲ ਅਤੇ ਨਿਰਧਾਰਿਤ ਰਾਗ ਵਿਚ ਹੀ ਗਾਉਣ ਦਾ ਐਲਾਨ ਪਹਿਲੋਂ ਸਤਿਜੁਗ ਵਿਚ ਕਰ ਦਿੱਤਾ ਗਿਆ ਤਾਂ ਜੁ ਰਾਗ ਦੀ ਅਲੋਪ ਹੀ ਰਹੀ ਗੁਰਮਤ ਪਰੰਪਰਾ ਨੂੰ ਫਿਰ ਜੀਵਤ ਕੀਤਾ ਜਾ ਸਕੇ। "ਸਭ ਰਾਗੀਆਂ ਧੰਨਵਾਦ ਕੀਤਾ ਤੇ ਕਿਹਾ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਦੇ ਨਾਮ ਤੇ ਵੰਡ ਪਛਾਣ ਕਾਇਮ ਕੀਤੀ ਹੈ, ਤਿਵੇਂ ਆਪਨੇ ਰਾਗ ਮਰਦੇ ਜਾਣ ਅਰੋਗਤਾ ਤੇ ਦੁਰਸਤੀ ਦਿੱਤੀ ਹੈ।"[੨੦]

ਬਿਸ਼ਨ ਸਿੰਘ ਸਰਾਫ ਲਹੌਰ ਦਾ ਪ੍ਰਸੰਗ ਵਹਿਮੀ ਜੀ ਨੇ "ਕੌਮੀ ਅਣਖ" ਦੇ ਸਿਰਲੇਖ ਹੇਠ ਲਿਖਿਆ ਹੈ। ਇਹ ਮਹਾਰਾਜਾ ਰਣਜੀਤ ਸਿੰਘ ਦੇ ਗਹਿਣੇ ਤੇ ਤਾਜ ਬਨਾਉਣ ਵਾਲਾ ਖਾਨਦਾਨ ਸੀ। ਅੰਗਰੇਜਾਂ ਨੇ ਇਸ ਨੂੰ ਆਪਣੇ ਲਈ ਇਕ ਤਾਜ ਬਨਾਉਣ ਲਈ ਕਿਹਾ ਉਸ ਜੁਅਬ ਦੇ ਦਿਤਾ। ਵਹਿਮੀ ਜੀ ਗਿਆਨੀ ਕਾਲ੍ਹਾ ਸਿੰਘ ਨੰਗਲ ਦੇ ਹਵਾਲੇ ਨਾਲ ਲਿਖਦੇ ਹਨ ਕਿ ਇਸ ਤੇ ਸਿੱਕੇ ਬਨਾਉਣ ਦਾ ਝੂਠਾ ਕੇਸ ਪਾਇਆ। ਪਰ ਸਰਕਾਰੀ ਰਿਕਾਰਡ ਵਿਚ ਦਰਜ ਹੈ ਕਿ ਇਸ ਤੇ ਲਹਿਣੇ ਦਾ ਕੋਈ ਕੇਸ ਬਣਾ ਕੇ ਡਿਗਰੀ ਕਰ ਦਿੱਤੀ ਜਿਸ ਤੇ ੧੮੭੧ ਈ. ਵਿਚ ਸਮਾਲਕੋਰਟ ਦੇ ਜੱਜ ਜਾਇਸੀ ਰਾਮ ਨੇ ਇਹਨਾਂ ਨੂੰ ਸਜ਼ਾ ਦੇ ਦਿੱਤੀ। ਸੰਤ ਬਿਸ਼ਨ ਸਿੰਘ ਨੇ ਸਲੋਤਰ ਨਾਲ ਜਾਇਸੀ ਰਾਮ ਨੂੰ ਪਾਰ ਬੁਲਾਇਆ ਅਤੇ ਆਪ ਫਾਹੇ ਲੱਗ ਗਏ। ਉਸ ਸ਼ਹੀਦ ਦੀ ਮਾਤਾ ਨੇ ਘਰ ਵਾਲਾ ਥਾਂ ਨਾਮਧਾਰੀ ਸੰਗਤ ਨੂੰ ਦੇ ਦਿੱਤਾ ਜਿਥੇ ਮੋਤੀ ਬਾਜ਼ਾਰ ਲਹੌਰ ਵਿਚ ਨਾਮਧਾਰੀ ਧਰਮਸ਼ਾਲਾ ਉਸ ਕੌਮੀ ਪਰਵਾਨੇ ਦੀ ਯਾਦ ਚੇਤੇ ਕਰਵਾਉਂਦੀ ਰਹੀ।[੨੧]

ਨਥੋਂਹ ਜਿਲ੍ਹਾ ਲਹੌਰ ਦੇ ਸੁੰਦਰ ਸਿੰਘ ਮਸਤਾਨੇ ਪਾਸ ਨੱਕੇ ਦੇ ਇਲਾਕੇ ਦੇ ਇਕ ਸਿੱਖ ਨੇ ਆਪਣੀ ਵਾਰਤਾ ਸੁਣਾਈ ਜੋ ਉਹਦਾ ਮੇਲੀ ਸੀ। ਦੋ ਧੀਆਂ ਵਿਆਹੁਣ ਵਾਲੀਆਂ ਸਨ ਬਰਾਤ ਦੇ ਖਰਚੇ ਤੋਂ ਇਲਾਵਾ ਇਕ ਦੋ ਮੱਝਾਂ ਵੀ ਕੁੜੀਆਂ ਨੂੰ ਦੇਣੀਆਂ ਜ਼ਰੂਰੀ ਸਨ। ਮਸਤਾਨੇ ਨੇ ਮੱਝਾਂ ਆਪਣੇ ਘਰੋਂ ਦੋ ਸਮੇਤ ਝੋਟੀਆਂ ਦੇ ਅਤੇ ਪੰਜ ਸੌ ਰੁਪੈ ਪੈਲੀ ਗਹਿਣੇ ਪਾਕੇ ਸਿੱਖ ਨੂੰ ਲਿਆ ਦਿੱਤੇ। ਵਿਦਾ ਹੋਣ ਲੱਗੇ ਦੋਵੇਂ ਵੈਰਾਗੀ ਹੋਏ। ਆਉਣ ਵਾਲਾ ਤਾਂ ਇਸ ਲਈ ਕਿ ਮੇਰਾ ਕੈਸਾ ਪੰਥ ਹੈ ਮੈਂ ਐਵੇਂ ਡੋਲਿਆ ਫਿਰਦਾ ਸਾਂ ਤੇ ਮਸਤਾਨਾ ਇਸ ਲਈ ਰੋਵੇ ਕਿ ਸਾਧ ਮੁਸ਼ਕਿਲ ਵਿਚ ਸੀ ਮੈਂ ਉਸ ਦੇ ਬਿਨਾਂ ਮੰਗਿਆ ਆਪ ਜਾ ਕੇ ਖੁਦ ਪਹਿਲ ਕਿਉਂ ਨਾ ਕੀਤੀ। "ਸਤਿਗੁਰੂ ਜੀ ਇਹ ਭੀ ਬਚਨ ਕੀਤਾ ਸੀ ਜੇ ਉਹ ਅਨੰਦ ਮਰਯਾਦਾ (ਸਤਿਗੁਰੂ ਰਾਮ ਸਿੰਘ ਜੀ ਵਾਲੀ-ਸਾਦਾ ਅਤੇ ਅੰਤਰਜਾਤੀ ਗੁਰਸਿੱਖਾਂ



Sri Satguru Jagjit Singh Ji eLibrary NamdhariElibrary@gmail.com

ਦੇ ਅਨੰਦ ਕਾਰਜਾਂ ਵਾਲੀ....ਸ.ਸ.ਵਿਰਕ) ਫਿਰ ਪ੍ਰਚਲਤ ਹੋ ਜਾਵੇ ਤਾਂ ਕੂਕੇ ਇਸ ਜਗਤ ਰਵਾਜ ਦੀ ਦਲਦਲ 'ਚੋਂ ਨਿਕਲ ਜਾਣਗੇ।"[੨੨]

ਵਹੀਲਾ ਜ਼ਿਲ੍ਹਾ ਲਾਇਲਪੁਰ ਦੇ ਰਾਮ ਸਿੰਘ ਦੇ ਗੁਜ਼ਰਨ ਤੇ ਜੋ ਪੁਲੀਸ ਵਿਚ ਅਫਸਰ ਸੀ। ਸਤਿਗੁਰੂ ਜੀ ਨੇ ਉਹਨੂੰ ਸੁੱਚਾ ਰਹਿਣ ਵਾਲੇ ਵਿਰਲਿਆਂ ਵਿਚ ਗਿਣਿਆ।

ਸੇਠ ਲੱਧਾ ਸਿੰਘ ਫਿਲੌਕੇ (ਗੁਜਰਾਂਵਾਲਾ) ਨੇ ਸਿਆਮ (ਥਾਈਲੈਂਡ) ਵਿਚ ਨਾਮਧਾਰੀ ਸੰਗਤ ਦਾ ਮੁੱਢ ਬੰਨ੍ਹਿਆ। ਵਰਨਾਂ ਦੇ ਸੰਤ ਧਿਆਨ ਸਿੰਘ ਜੀ ਦੇ ਪਰਚਾਰ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਸੇਠ ਲੱਧਾ ਸਿੰਘ ਦੇ ਸੱਦੇ ਤੇ ੧੯੯੦ ਬਿਕ੍ਰਮੀ ਦੇ ਸਿਆਲ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤ ਲਾਲ ਸਿੰਘ ਭੂਰੇ ਗਿੱਲ ਨੂੰ ਸੰਗਤ ਦੇ ਪਰਚੇ ਲਈ ਭੈਣੀ ਸਾਹਿਬ ਛੱਡ ਆਪਣੀ ਪਹਿਲੀ ਸਿਆਮ ਯਾਤਰਾ ਕੀਤੀ। ਮਾਤਾ ਜਿਊਣ ਕੌਰ ਜੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ, ਭਾਈ ਵਜੀਰ ਸਿੰਘ ਗੜਵਈ, ਸੰਤ ਕਿਰਪਾ ਸਿੰਘ ਲਾਂਗਰੀ, ਸੰਤ ਫੌਜਾ ਸਿੰਘ ਬੁੰਡਾਲਾ, ਸੰਤ ਪ੍ਰੀਤਮ ਸਿੰਘ ਜੀ ਚੇਲੇਕੇ, ਦਰਸ਼ਨ ਸਿੰਘ-ਖਜ਼ਾਨ ਸਿੰਘ ਜੀ ਰਾਗੀ, ਸੰਤ ਬਹਾਦਰ ਸਿੰਘ, ਸੰਤ ਸਰਦਾਰਾ ਸਿੰਘ ਜੀ, ਹਕੀਮ ਇੱਬਣ ਵਾਲੀਏ, ਸੰਤ ਮੁਹਕਮ ਸਿੰਘ ਆਦਿ ਸਤਿਗੁਰੂ ਜੀ ਸਮੇਤ ੨੨ ਸਰੀਰ ਸਨ। ਰਾਹ ਵਿਚ ਕਲਕੱਤੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਨਰਿੰਜਨ ਸਿੰਘ ਤਾਲਿਬ ਆਦਿ ਨੇ ਰੰਗੂਨ ਜਾਣ ਵਾਲੇ ਜਹਾਜ਼ ਤੇ ਸਵਾਰ ਕਰਵਾਇਆ। "ਅਜੇ ਚਾਰ ਕੁ ਮੀਲ ਹੀ ਜਹਾਜ਼ ਵਿਚ ਗਏ ਸੀ। ਸਮੁੰਦਰ ਵੱਲ ਵੇਖ ਸਤਿਗੁਰੂ ਜੀ ਦਾ ਵੈਰਾਗ ਨਾ ਠੱਲ੍ਹਿਆ ਰਿਹਾ ਤਾਂ ਸੰਤ ਹਜ਼ੂਰਾ ਸਿੰਘ ਜੀ ਦੇ ਪੁੱਛਣ ਤੇ ਕਿਹੋ ਨੇ। ਅੱਜ ਅਸੀਂ ਸਾਧ ਸੰਗਤ ਸਣੇ ਸਾਧ ਸੰਗਤ ਦੇ ਦਰਸ਼ਨ ਕਰਨ ਜਾ ਰਹੇ ਹਾਂ, ਪਰ ਉਸ ਚੀਨੀ ਵਾਲੇ ਪਾਤਸ਼ਾਹ ਦੇ ਮਨ ਵਿਚ ਤਦੋਂ ਇਥੋਂ ਜਾਣ ਸਮੇਂ ਕੀ ਹੁੰਦਾ ਹੋਵੇਗਾ, ਜਦੋਂ ਉਹ ਇਥੇ ਦੀ ਗਏ ਸੀ।"[੨੩] ਰੰਗੂਨ ਦੋ ਤਿੰਨ ਦਿਨਾਂ ਵਿਚ ਸਤਿਗੁਰੂ ਜੀ ਵਾਲਾ ਬੰਗਲਾ ਲੱਭਾ ਅਤੇ ਉਥੇ ਜੋ ਖੂਹੀ ਸਤਿਗੁਰੂ ਰਾਮ ਸਿੰਘ ਜੀ ਵਾਸਤੇ ਲਾਈ ਸੀ ਉਸਦਾ ਠੰਢਾ ਮਿੱਠਾ ਜਲ ਛਕਿਆ।

੧੯੩੪ ਈਸਵੀ ਦਾ ਹੋਲਾ ਮਹੱਲਾ ਭੈਣੀ ਸਾਹਿਬ ਵਿਖੇ ਹੀ ਮਨਾਇਆ ਗਿਆ। ਇਸ ਹੋਲੇ ਵਿਚ "ਲੰਗਰ ਸਭ ਨੂੰ ਇਕ ਰਸ ਮਿਲਦਾ। ਸਤਿਗੁਰੂ ਜੀ ਸਭ ਨੂੰ ਆਪ ਵਰਤਾਂਦੇ ਤੇ ਪੰਗਤ ਵਿਚ ਬੈਠੇ ਹੀ ਪ੍ਰਸ਼ਾਦ ਛਕਦੇ। ਮਸਤਾਨੇ ਮੌਜ ਨਾਲ ਮਨ ਮਰਜੀ ਦਾ ਬੋਲਦੇ। ਦੀਵਾਨ ਲਾਉਂਦੇ ਜੰਗੀਰੀ (ਇਹ ਮਸਾਏ ਨਾਰੋਵਾਲ ਦੇ ਨੇੜੇ ਦਾ ਕਬੀਰ ਪੰਥੀ ਸੀ) ਹੱਥ ਵਿਚ ਡਿੰਗਾ ਜਿਹਾ ਵਲਾਂ ਵਾਲਾ ਸੋਟਾ ਤੇ ਉਸ ਨਾਲ ਘੁੰਗਰੂ ਜੜਾ ਖੜ੍ਹਾ ਖੜ੍ਹਾ ਪਿੜ ਬੰਨ੍ਹ ਪੜ੍ਹਦਾ। ਕਈ ਭਾਂਤ ਦੇ ਬੋਲ ਦੋਹੜੇ—

"ਸਿਰ ਤੇ ਮਟਕੀ ਜਾਵਾਂ ਲਟਕੀ,  
ਸ਼ਾਮ ਮਿਲਿਆ ਮੈਨੂੰ ਖਿਲਦਾ ਨੀ।  
ਸ਼ਾਮ ਕੋਲੋਂ ਦੁਇ ਨੈਨ ਛੁਪਾ ਲੈ,  
ਡੇਰਾ ਮੱਲਿਆ ਦਿਲਦਾ ਨੀ।  
ਮੈਂ ਸਾਂਵਲ ਦੀ ਸਾਂਵਲ ਮੇਰਾ,  
ਫਰਕ ਨਾ ਰਹਿ ਗਿਆ ਤਿਲ ਦਾ ਨੀ।  
ਲਾਖ ਗਵਾਰ ਪਈ ਝਖ ਮਾਰੇ,  
ਦਿਲ ਦਿਤਿਆਂ ਦਿਲ ਮਿਲਦਾ ਨੀ।"

ਆਦਿ ਜੈਲੀ ਹੋਰੀਂ ਮਸਤੀ ਵਿਚ ਮਗਨ ਰਹਿੰਦੇ ਜਾਂ ਘੱਟੇ ਤੇ ਲਕੀਰਾਂ ਖਿਚਦੇ ਪਾਂਦੇ ਰਹਿੰਦੇ। ਕਦੀ ਕਦੀ ਪੜ੍ਹਦੇ ਭੀ—

"ਬਾਬੇ ਬਾਣ ਬਾਣੀ ਦੇ ਮਾਰੇ  
ਰਾਜੇ ਜੋਗੀ ਹੋ ਗਏ ਨੀ।  
ਭਰਮ ਭਉ ਸਾਰੇ ਖੋ ਗਏ ਨੀ।"[੨੪]

ਬਾਣੀ ਸ਼ੁੱਧ ਪੜ੍ਹਨ ਅਤੇ ਹੱਥੀਂ ਕੱਤੇ ਸੂਤਰ ਦੇ ਭੀ ਇਸ ਹੋਲੇ ਸਮੇਂ ਮੁਕਾਬਲੇ ਹੋਏ ਤੇ ਇਨਾਮ ਦਿੱਤੇ ਗਏ। ਕਵੀ ਦਰਬਾਰ ਵਿਚ ਵੀ।

ਸੰਤ ਮੂਲਾ ਸਿੰਘ ਜੀ ਹਰਚੰਦਪੁਰ (ਸਿਆਲਕੋਟ) ਦੇ ਬਾਜਵੇ, ਮੁਟਿਆਰ ਭੈਣ ਵਿਧਵਾ ਹੋਣ ਕਾਰਨ ਉਸ ਪਾਸ ਚੱਕ ਰਾਮਦਾਸ (ਗੁਜਰਾਂਵਾਲਾ) ਵਿਚ ਆ ਕੇ ਰਹਿੰਦੇ ਸਨ। ਇਕ ਵੇਰ ਉਹਨਾਂ ਦੀ ਲਵੇਰੀ ਮੱਝ ਚੋਰ ਲੈ ਗਏ। ਲੋਕਾਂ ਕਿਹਾ ਲੱਭੀਏ ਤਾਂ "ਸੰਤਾਂ ਕਿਹਾ ਕੋਈ ਉਸਦੀ ਢੂੰਡ ਨਾ ਕਰੋ। ਕਿਉਂਕਿ ਕੀ ਪਤਾ ਉਸਨੂੰ ਕਿੰਨੀ ਲੋੜ ਸੀ। ਜਿਸ ਰਾਤ ਏਨੀ ਖੇਚਲ ਕੀਤੀ ਹੈ। ਇਹ ਵਾਰਤਾ ਸ਼ਾਂਤਕੀ ਦੇ ਸਿੱਖੀ ਜੀਵਨ ਦਾ ਨਮੂਨਾ ਜਾਣ ਮੈਂ ਲਿਖੀਆਂ ਹਨ।"[੨੫]

"ਉੱਗੂ ਚੱਕ.......ਗੁਰੂ ਚੱਕ ਮੈਂ ਇਕ ਬਾਬਾ ਆਲਾ ਸਿੰਘ ਜੀ ਵੱਡੀ ਮਾਲਕੀ ਵਾਲੇ ਸੰਤ ਜੀ ਵੇਖੇ ਹਨ। ਉਹ ਕਿਸੇ ਗਰੀਬ ਨੂੰ ਕਦੇ ਨਾ ਦੁੱਖ ਦੇਂਦੇ ਸੀ ਤੇ ਕਿਹਾ ਕਰਦੇ, ਜ਼ਿਮੀਂਦਾਰ ਜਿਸ ਗਰੀਬ ਜਾਂ ਕੰਮੀ ਨੂੰ ਕਦੇ ਵਧ ਰਿੜੀ ਜਾਂ ਰਿਆਇਤ ਨਹੀਂ ਦਿੰਦਾ, ਉਹ ਉਸ ਨੂੰ ਵੰਗਾਰ ਜੇ ਪਾਵੇ ਤਾਂ ਦੋਸ਼ੀ ਹੁੰਦਾ ਏ ਤੇ ਜੋ ਨਾਜਾਇ।

ਗਰੀਬਾ ਉਪਰਿ ਜਿ ਖਿੰਜੈ ਦਾੜੀ॥  
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥"

ਗੁਰਵਾਕ ਦਾ ਦੋਸ਼ੀ ਹੁੰਦਾ ਹੈ। ਜੇ ਕੋਈ......ਮਾੜਾ ਸ਼ਰੀਕ ਉਹਨਾਂ ਤੇ ਵਾਧਾ ਕਰਦਾ ਤਾਂ ਬਾਬਾ ਜੀ ਕਹਿੰਦੇ। ਸਤਿਗੁਰੂ ਰਾਮ ਸਿੰਘ ਜੀ ਮੈਨੂੰ ਖਿਮਾਂ ਧੀਰਜ ਬਖਸ਼ ਕੇ ਜੱਟ ਨਹੀਂ ਰਹਿਣ



Sri Satguru Jagjit Singh Ji eLibrary NamdhariElibrary@gmail.com

ਦਿੱਤਾ, ਤੇ ਤੂੰ ਹੁਣੇ ਸਿੱਧਾ ਹੋ ਜਾ।"[੨੬]

ਬਹੁਤ ਸਾਰੇ ਵਿਅਕਤੀਆਂ ਨੇ ਸਿਰਫ ਇਸੇ ਲਈ ਜਿਊਂਦੇ ਰਹਿਣਾ ਹੈ ਕਿ ਸੰਤ ਤਰਨ ਸਿੰਘ ਵਹਿਮੀ ਆਪਣੀ ਰਚਨਾ ਵਿਚ ਉਹਨਾਂ ਦਾ ਜ਼ਿਕਰ ਕਰ ਗਏ ਹਨ ਅਤੇ ਕੇਵਲ ਜ਼ਿਕਰ ਹੀ ਨਹੀਂ ਨਖਸ਼ਿਖ ਵੀ ਵਰਣਨ ਕਰਦੇ ਸਨ ਅਤੇ ਉਹ ਮਸਤੀ ਵ੍ਰਿਚ ਆ ਕੇ ਜੋ ਬੋਲਦੇ ਸਨ ਉਹ ਭੀ ਲਿਖ ਦਿੱਤਾ ਹੈ। ਇਸ ਤਰ੍ਹਾਂ ਦੇ ਸੂਜੋਵਾਲੀ (ਸਿਆਲਕੋਟ) ਦੇ ਨਾਮਧਾਰੀ ਜਥੇਦਾਰ ਬੇਲਾ ਸਿੰਘ ਜੀ ਦਾ ਜ਼ਿਕਰ ਹੈ। ਜਿਹਨਾਂ ਦਾ ਭੋਗ ੨੩ ਚੇਤਰ ੧੯੯੧ ਬਿਕ੍ਰਮੀ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਪਿਆ–"ਸੰਤ ਬੇਲਾ ਸਿੰਘ ਜੀ ਹੋਲੇ ਤੋਂ ਆ ਥੋਹੜੇ ਦਿਨ ਬੀਮਾਰ ਹੋ ਚੜ੍ਹਾਈ ਕਰ ਗਏ। ਇਹ ਸੰਤ ਜੀ ਬਹੁਤ ਪੁਰਜੋਸ਼ ਕਾਹਲੀਆਂ ਧਾਰਨਾਂ ਲੈ ਸ਼ਬਦ ਪੜ੍ਹਦੇ, ਮਸਤ ਹੋ ਜਾਇਆ ਕਰਦੇ। ਤੰਬੂਆਂ ਦੇ ਵੰਝਾਂ ਤੋਂ ਢੋਲਕ ਤੇ ਚੜ੍ਹ ਜਾਂਦੇ ਸੀ। ਹੈ ਤਾਂ ਅਨਪੜ੍ਹ ਸੀ, ਪਰ ਸਿਮ੍ਰਤੀ ਬਹੁਤ ਤੇਜ਼ ਤੇ ਮੁਸਲਮਾਨਾਂ ਫਕੀਰਾਂ ਦੀਆਂ ਬੋਲੀਆਂ ਬਹੁਤ ਪੜ੍ਹਦੇ ਤੇ ਤੋੜਾ ਜ਼ੋਰ ਨਾਲ ਆ ਦੂਰੋਂ ਦੌੜਦੇ ਢੋਲਕ ਤੇ ਝਾੜਦੇ ਸੀ। ਮੈਂ ਉਨ੍ਹਾਂ ਤੋਂ ਸੁਣੀ ਬੋਲੀ–

"ਕੁਲ.ਫ ਯਾਂ ਕੌਣ ਅਵਾਜ਼ਾ ਕੀਤੋਈ
ਕੀਤੀਆਂ ਜ਼ੋਰਾਵਰੀਆਂ।
ਨੂਰੋ ਨੂਰ ਜੁਦਾ ਚਾ ਕੀਤੋਈ
ਅਸਾਂ ਇਹ ਭੀ ਗੱਲਾਂ ਜਰੀਆਂ।
ਇਕੇ ਤਾਂ ਵਾਲੀ ਦੇਸ਼ ਵਲਾਇਤਾਂ ਦੇ ਆਹ,
ਇਕ ਆਨ ਜਕਾਤਾਂ ਭਰੀਆਂ।
ਸਾਂਈ ਲੋਕ ਕਹੇ ਵੱਸ ਨਹੀਂ ਚੱਲਦਾ
ਨਹੀਂ ਤੇ ਕਰ ਲਈਏ ਗੱਲਾਂ ਖਰੀਆ।

ਚੇਤੇ ਆਈ ਲਿਖ ਦਿੱਤੀ ਏ। ਸੰਤ ਜੀ ਇਸ ਤਰ੍ਹਾਂ ਉਲਾਂਭੇ ਫੱਕਰਾਂ ਵਲੋਂ ਬਹੁਤ ਦੇਂਦੇ ਸੀ।"[੨੭]

੨੮, ੨੯, ੩੦ ਅੱਸੂ ੧੯੯੧ ਬਿਕ੍ਰਮੀ ਨੂੰ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਸ੍ਰੀ ਭੈਣੀ ਸਾਹਿਬ ਵਿਖੇ, ਕੌਮੀ ਇਤਫਾਕ ਵਾਸਤੇ ਕੀਤੀ ਗਈ। ਜਿਸ ਦੇ ਕੇਂਦਰ ਬਿੰਦੂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਨ। ਇਸ ਵਿਚ ਰਾਧਾ ਸਵਾਮੀ ਮੱਤ ਦੇ ਮਹਾਰਾਜ ਬਾਬਾ ਸਾਵਣ ਸਿੰਘ ਜੀ ਭੀ ਆਏ ਸਨ। ਭਾਵੇਂ ਉਹ ਆਪਣੇ ਆਪ ਨੂੰ ਨਾਨਕ ਨਾਮਲੇਵਿਆਂ ਵਿਚ ਨਹੀਂ ਗਿਣਦੇ ਸਨ। ਸਤਿਗੁਰੂ ਜੀ ਦੇ ਪਿਆਰ ਸਹਿਤ ਸੱਦੇ ਕਾਰਨ ਆਏ। ਏਥੇ ਤਹਿ ਹੋਇਆ ਕਿ "ਅਕਾਲੀਆਂ, ਉਦਾਸੀਆਂ, ਨਿਰਮਲਿਆਂ" ਆਦਿ ਦੇ ਜੋ ਆਪੋ ਵਿਚ ਮੁਕਦਮੇ ਡੇਰਿਆਂ ਦੇ ਚੱਲਦੇ ਹਨ, ਇਤਿਹਾਸਕ ਡੇਰਿਆਂ ਤੋਂ ਬਿਨਾਂ ਵਾਪਸ ਲਏ ਜਾਣ ਤੇ ਉੱਚਾ ਬੋਲ ਸੁਣਾਇਆ ਗਿਆ, ਸਭ ਗੁਰੂ ਨਾਨਕ ਨਾਮ ਲੇਵਾ ਆਪਣੇ ਧਰਮ ਦਾ ਪ੍ਰਚਾਰ ਤੇ ਕਰਨ ਪਰ ਦੂਜੇ ਧਰਮਾਂ ਨੂੰ ਨਿੰਦਣ ਨਾ। ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਚਾਲੋਂ ਬਚੋ, "ਏਕ ਪਿਤਾ ਏਕਸ ਕੇ ਹਮ ਬਾਰਿਕ ਮਤੇ ਪੇਸ਼ ਹੋਏ। ਜੈਕਾਰਿਆਂ ਦੀ ਗੂੰਜ ਵਿਚ।"[੨੮] ਇਸ ਕਾਨਫਰੰਸ ਵਿਚ ਸਤਿਗੁਰੂ ਜੀ ਨੇ ਪਾਤਸ਼ਾਹੀ ਦਸਵੀਂ ਦਾ ਅਰਦਾਸਾ ਇਕ ਦੀਵਾਨ ਵਿਚ ਕਰਨ ਦੀ ਖੁੱਲ੍ਹ ਦਿੱਤੀ ਸੀ। ਜਿਸ ਤੇ ਸੰਤ ਭਗਤ ਸਿੰਘ ਦਾਤੇਵਾਲੀਏ ਅਤੇ ਹੋਰਨਾਂ ਸਿੱਖਾਂ ਨੇ ਇਤਰਾਜ਼ ਕੀਤਾ। ਪਰ ਸਤਿਗੁਰੂ ਜੀ ਨੇ ਜੁਆਬ ਦਿੱਤਾ ਕਿ ਪੰਥਕ ਮਿਲਾਪ ਵਾਸਤੇ ਇਹ ਖੁੱਲ੍ਹ ਅਸਾਂ ਉਵੇਂ ਹੀ ਦਿੱਤੀ ਹੈ। ਜਿਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਵਲੋਂ ਦਿੱਤੀ ਨੀਲੀ ਦਸਤਾਰ ਆਪਣੇ ਸੀਸ ਤੇ ਰੱਖ ਲਈ ਸੀ। ਅੰਮ੍ਰਿਤਸਰ ਦੀ ਯਾਤਰਾ ਸਮੇਂ।

ਲਾਇਲਪੁਰ ਜ਼ਿਲ੍ਹੇ ਦੇ ਢੋਟੀਆਂ ਪਿੰਡ ਵਿਚ ਸੰਤ ਮੰਗਲ ਸਿੰਘ ਅਤੇ ਬੇਬੇ ਹਰਨਾਮ ਕੌਰ ਦੇ ਘਰ ਨੂੰ ਸਤਿਗੁਰੂ ਜੀ ਭੈਣੀ ਸਾਹਿਬ ਵਾਂਗੂੰ ਆਪਣਾ ਘਰ ਆਖਦੇ। ਸੰਤ ਜੀ ਨੇ ਬੜੇ ਤੱਤ ਦੇ ਬਚਨ ਵੀ ਆਪਣੇ ਗ੍ਰੰਥ ਵਿਚ ਲਿਖੇ ਹਨ ਕਿ ਸਾਧ ਕਿਹੋ ਜਿਹਾ ਹੋਣਾ ਚਾਹੀਦਾ ਹੈ–"ਜੋ ਸਾਧ ਪੁਣੇ ਦੇ ਨਾਲ ਜੁਗਤ ਭੀ ਹੋਵੇ ਤਾਂ ਸਾਧੂ ਨੂੰ ਸੰਸਾਰ ਪੂਜਦਾ ਹੈ ਤੇ ਜੇ ਨਿਰਾਪੁਰਾ ਸਾਧੂ ਪੁਣਾ ਸੁਧ ਪੁਣਾ ਹੀ ਹੋਵੇ, ਤਾਂ ਜਗਤ ਹਾਸੀ ਭੀ ਕਰਦਾ ਹੈ। ਤੇ ਉਸ ਤੋਂ ਭਲਾ ਭੀ ਘੱਟ ਹੀ ਸੰਸਾਰ ਦਾ ਹੁੰਦਾ ਏ।"[੨੯]

ਆਪਣੇ ਗੁਰ ਇਤਿਹਾਸ ਦੇ ਵਰਣਨ ਦੇ ਨਾਲ ਨਾਲ ਵਹਿਮੀ ਜੀ ਮਹੱਤਵਪੂਰਨ ਤੇ ਇਤਿਹਾਸਿਕ ਸਮਕਾਲੀ ਘਟਨਾਵਾਂ ਦਾ ਜ਼ਿਕਰ ਵੀ ਸਤਿਗੁਰੂ ਜੀ ਦੀ ਟਿੱਪਣੀ ਸਮੇਤ ਕਰਕੇ ਸੋਨੇ ਤੇ ਸੁਹਾਗੇ ਵਾਲਾ ਕੰਮ ਕਰ ਗਏ ਹਨ। ਜਿਵੇਂ ਕਿ ਰਿਆਸਤੀ ਪਰਜਾ ਮੰਡਲ ਦੇ ਬਾਨੀ ਅਕਾਲੀ ਦੇਸ਼ ਭਗਤ ਸ. ਸੇਵਾ ਸਿੰਘ ਠੀਕਰੀ ਵਾਲੇ ਬਾਰੇ ਇਉਂ ਦਰਜ ਹੈ–"ਸ. ਸੇਵਾ ਸਿੰਘ ਜੀ ਠੀਕਰੀ ਵਾਲੇ ਦੇ ਅਕਾਲੀ, ਜੋ ਪਟਿਆਲੇ ਦੇ ਰਾਜੇ ਭੁਪਿੰਦਰ ਸਿੰਘ ਦੀ ਕੈਦ ਵਿਚ ਪੈ. ੭ ਮਾਘ ੧੯੯੧ ਬਿਕ੍ਰਮੀ ਨੂੰ ਚੜ੍ਹ ਗਏ। ਸਤਿਗੁਰੂ ਜੀ ਸੁਣਿਆ ਤੇ ਹੌਕਾ ਭਰ ਕਿਹਾ, ਇਹੋ ਜਿਹੇ ਧਰਮੀ ਹਠੀ ਪਰਉਪਕਾਰੀ ਵਿਰਲੇ ਹੀ ਹੁੰਦੇ ਹਨ। ਇਸ ਨੇ ਪਟਿਆਲੇ ਦੀ ਰਿਆਸਤ (ਦੀ ਜਨਤਾ...ਸ.ਸ. ਵਿਰਕ) ਤੇ ਸਖਤੀ ਹੁੰਦੀ ਨਾ ਜਰੀ ਤੇ ਰਾਜੇ ਨੂੰ ਰੋਕਿਆ। ਅਖੀਰ ਮੁਕਾਬਲੇ ਤੇ ਡਟਿਆ ਰਾਜੇ ਜਿਹਲੇ ਸੁੱਟਿਆ। ਅਕਾਲੀ ਲੀਡਰਾਂ ਦੇ ਜਤਨ ਕਰਨ ਤੇ ਵੀ ਰਾਜਾ ਨਾ ਟਲਿਆ ਤੇ ਇਹ ਧਰਮੀ ਸੂਰਮਾ ਆਪਣੇ ਪ੍ਰਣ ਤੋਂ ਨਾ ਟਲਿਆ (ਭੁੱਖ ਹੜਤਾਲ ਲੰਮਾ ਸਮਾਂ ਕੀਤੀ-ਸ.ਸ. ਵਿਰਕ) ਸ਼ਹੀਦੀ ਪਾ ਗਿਆ।"[੩੦]



Sri Satguru Jagjit Singh Ji eLibrary NamdhariElibrary@gmail.com

੧੯੯੨ ਬਿਕ੍ਰਮੀ ਦੇ ਸਿਆਲ ਵਿਚ ਮਾਲਵੇ ਦਾ ਦੌਰਾ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਵਿਚ ਦਰਸ਼ਨ ਕਰਨ ਵਾਲੇ ਭਾਈ ਧੰਨਾ ਸਿੰਘ ਦੇ ਪਿੰਡ ਗੁਮਟੀ ਵਿਖੇ ਦਰਸ਼ਨ ਦਿੱਤੇ। ਧੰਨਾ ਸਿੰਘ ਦੇ ਭਰਾ ਹਰੀ ਸਿੰਘ ਦਾ ਪੁੱਤਰ ਅਜੀਤ ਸਿੰਘ ਪੁਰਾਣੇ ਸਾਧੂਆਂ ਦੀ ਰੀਤ ਵਾਲਾ ਸੀ। ਘਰੋਂ ਸੌਖਾ ਸੀ ਫਿਰ ਵੀ ਬਹੁਤ ਸਾਦਾ ਰਹਿੰਦਾ। ਸੁਭਾਅ ਬਹੁਤ ਉਦਾਰ ਸੀ। ਇਸ਼ਨਾਨ ਕਰਕੇ ਠਰ ਰਹੇ ਸਨ, ਗੁਰੂ ਕੇ ਸੇਵਕ ਬਹਾਦਰ ਸਿੰਘ ਕੱਟਿਆਂ ਵਾਲੇ ਨੇ ਲੋਈ ਦੇ ਦਿੱਤੀ। ਅਗਲੇ ਦਿਨ ਫਿਰ ਉਵੇਂ ਹੀ ਠਰਨ ਉਹ ਲੋਈ ਕਿਸੇ ਲੋੜਵੰਦ ਨੂੰ ਦੇ ਦਿੱਤੀ ਸੀ। "ਇਕ ਸਮੇਂ ਅਜੀਤ ਸਿੰਘ ਇਕ ਕੰਧ ਨਾਲ ਬੋਰੀ ਦੀ ਬੁੱਕਲ ਮਾਰੀ ਖੜੇ ਸੀ। ਸਤਿਗੁਰੂ ਜੀ ਗਲੀ ਵਿਚੋਂ ਜਾ ਰਹੇ ਸੀ। ਦੇਖ ਕਿਹੋ ਨੇ, "ਮੈਨੂੰ ਇਹੋ ਜਿਹਾ ਤੋਂ ਡਰ ਲਗਦਾ ਏ। ਦੁਨੀਆਂ ਦੇ ਲੋਕਾਂ, ਰਾਜੇ, ਬਾਬੂਆਂ ਤੋਂ ਮੈਂ ਨਹੀਂ ਡਰਦਾ।"[੩੧]

ਸਮਕਾਲੀ ਕਵੀਆਂ ਦੀਆਂ ਕਵਿਤਾਵਾਂ ਦੀਆਂ ਟੂਕਾਂ ਸ਼ਾਮਲ ਕਰਕੇ ਵਹਿਮੀ ਜੀ ਨੇ ਇਸ ਪੁਸਤਕ ਦੀ ਸਾਹਿਤਕ ਅਮੀਰੀ ਵਿਚ ਵਾਧਾ ਕੀਤਾ ਹੈ। ਸਾਮਰਾਜ ਵਿਰੋਧੀ ਜਜ਼ਬੇ ਕਾਰਨ ਕਿਰਤੀ ਕਿਸਾਨ ਲਹਿਰ ਦੇ ਉੱਘੇ ਰੁਕਨ ਸਾਥੀ ਲਾਲ ਸਿੰਘ ਕੰਵਲ ਪੀਰੋ ਚੱਕ (ਗੁਜਰਾਂਵਾਲਾ) ਨਾਮਧਾਰੀ ਸਿੰਘਾਂ ਦੇ ਬਾਰ ਦੇ ਇਲਾਕੇ ਵਿਚ ਹੋਣ ਵਾਲੇ ਸਾਰੇ ਸਮਾਗਮਾਂ ਵਿਚ ਵੀ ਅਤੇ ਸ੍ਰੀ ਭੈਣੀ ਸਾਹਿਬ ਵਿਚ ਹੋਣ ਵਾਲੇ ਹੋਲੇ ਮੇਲਿਆਂ ਵਿਚ ਵੀ ਸ਼ਾਮਲ ਹੁੰਦੇ। ਨਾਮਧਾਰੀ ਸਿੰਘਾਂ ਦੇ ਹੋਲੇ ਦੀ ਚੜ੍ਹਤ ਬਿਆਨਦੀ ਕੰਵਲ ਜੀ ਦੀ ਕਾਵਿ ਵੰਨਗੀ ਆਪਣੀ ਮਿਸਾਲ ਆਪ ਹੀ ਹੈ—

"ਕ੍ਰਿਸ਼ਨ ਤੇ ਗੋਪੀਆਂ ਦੀ ਖੁਸ਼ੀ ਭੀ ਭੁਲਾਉਣ ਵਾਲਾ
ਡਿੱਠਾ ਇਕ ਹੋਲਾ ਤੇ ਨਜ਼ਾਰਾ ਵੰਨ-ਵੰਨ ਦਾ।
ਲੱਗੀ ਘਨਘੋਰ, ਸ਼ੋਰ ਢੋਲਕ ਤੇ ਛੈਣਿਆਂ ਦਾ,
ਜਿਥੋਂ ਕਿਥੋਂ ਆਉਂਦਾ ਸੀ ਅਵਾਜ਼ਾ ਧੰਨ ਧੰਨ ਦਾ
ਘੋੜਿਆਂ ਦੀ ਦੌੜ ਛੌਣ ਘੱਤੀ ਹੋਈ ਸੀ ਸੰਗਤਾਂ ਦੀ,
ਸਭ ਤੋਂ ਉਹ ਵੱਡਾ ਸੀ ਦਿਹਾੜਾ ਉਸ ਸੰਨ ਦਾ
ਭਜਨਾਂ ਦੇ ਭੁੱਖੇ ਸੀ ਅਨੰਦ ਹੋ ਰਹੇ ਰੱਜ ਰੱਜ,
ਲੱਗਾ ਹੋਇਆ ਲੰਗਰ ਸੀ ਅਤੁੱਟ ਨਾਮ ਅੰਨ ਦਾ।"[੩੨]

੧੯੩੬ ਈ. ਵਿਚ ਹੀ ਬੰਬਈ ਨੂੰ ਜਾਂਦਿਆਂ ਝਾਂਸੀ ਪਾਸ ਚਿਰਗਾਉਂ ਜਾ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਹਿੰਦੀ ਭਾਸ਼ਾ ਦੇ ਰਾਸ਼ਟਰੀ ਕਵੀ ਮੈਥਲੀ ਸ਼ਰਨ ਗੁਪਤਾ ਨਾਲ ਦਰਸ਼ਨ ਦੀਦਾਰ ਸਾਂਝੇ ਕੀਤੇ। ਸੰਤ ਇੰਦਰ ਸਿੰਘ ਚੱਕਰਵਰਤੀ ਨੇ ਉਹਨਾਂ ਨੂੰ ਸੰਖੇਪ ਨਾਮਧਾਰੀ ਇਤਿਹਾਸ ਸੁਣਾਇਆ ਅਤੇ ਸਤਿਗੁਰੂ ਜੀ ਵਲੋਂ ਗੁਪਤਾ ਜੀ ਦਾ ਮਾਇਆ ਬਸਤਰਾਂ ਨਾਲ ਸਨਮਾਨ ਕੀਤਾ। ਗੁਪਤਾ ਜੀ ਨੇ ਗੁਰੂ ਕੁਲ ਤੇ ਸਾਕੇਤ ਪੁਸਤਕਾਂ ਭੇਟ ਕੀਤੀਆਂ। ਇਸ ਤਰ੍ਹਾਂ ਹੀ ਇਕ ਸਮੇਂ ਉੱਘੇ ਪੰਜਾਬੀ ਲੇਖਕ ਤੇ ਪ੍ਰੀਤਲੜੀ ਦੇ ਸੰਪਾਦਕ ਸ. ਗੁਰਬਖਸ਼ ਸਿੰਘ ਨੂੰ ਪੋਠੋਹਾਰ ਦੇ ਇਲਾਕੇ ਵਿਚ ਸਮਾਧ ਬਾਬਾ ਫੂਲਾ ਸਿੰਘ ਜਾ ਕੇ ਨਿਵਾਜਿਆ ਸੀ। ਜਿਥੋਂ ਉਹਨਾਂ ਆਪਣਾ ਪੰਜਾਬੀ ਪਰਚਾ ਕੱਢਣਾ ਸ਼ੁਰੂ ਕੀਤਾ ਸੀ ਅਤੇ ਕਥਿਤ ਧਾਰਮਿਕ ਲੋਕ ਉਹਨਾਂ ਦੀ ਵਿਗਿਆਨਕ ਸੋਚ ਤੇ ਤਾਰਕਿਕ ਲੇਖਣੀ ਦਾ ਵਿਰੋਧ ਕਰਿਆ ਕਰਦੇ ਸਨ ਪਰ ਸਤਿਗੁਰੂ ਜੀ ਨੇ ਮਿਲ ਕੇ ਦਿਲਾਸਾ ਦਿੱਤਾ ਸੀ। ਜਿਸ ਦਾ ਜ਼ਿਕਰ ਗੁਰਬਖਸ਼ ਸਿੰਘ ਹੋਰਾਂ ਦੀ ਆਤਮਕਥਾ ਵਿਚ ਵੀ ਹੈ।[੩੩]

ਜ਼ਿੰਦਗੀ ਦੀਆਂ ਗੁੱਝੀਆਂ ਰਮਜ਼ਾਂ ਦੇ ਅਰਥ ਸਮਝਾਉਣ ਵਿੱਚ ਵੀ ਜੱਸ ਜੀਵਨ ਦੇ ਲੇਖਕ ਨੇ ਸੰਕੋਚ ਤੋਂ ਕੰਮ ਨਹੀਂ ਲਿਆ। ਸੰਨ ੧੯੩੬ ਈ. ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਬੰਬਈ ਦੀ ਯਾਤਰਾ ਕੀਤੀ ਦੱਖਣ ਦਾ ਆਪਣਾ ਦੌਰਾ ਕਰਦਿਆਂ ਹੋਇਆ। ਇੱਥੇ ਸ੍ਰ. ਤੇਜਾ ਸਿੰਘ ਜੀ ਬਾਜਵਾ ਚੰਦੋਵਾਲ (ਸਿਆਲਕੋਟ) ਦੇ ਕਸਟਮ ਅਫਸਰ ਸਨ। ਉਹਨਾਂ ਦੇ ਪਿਆਰ ਕਾਰਨ ਕਾਫੀ ਸੰਗਤਾਂ ਦਰਸ਼ਨ ਮੇਲੇ ਨੂੰ ਆਈਆਂ। ਤੇ ਜਦੋਂ "ਸਤਿਗੁਰੂ ਵਾਪਸ ਦੇਸ਼ ਨੂੰ ਤਿਆਰ ਹੋਏ ਤਾਂ ਸ੍ਰ. ਤੇਜਾ ਸਿੰਘ, ਲੱਛਮੀ, ਬਸੰਤ ਕੌਰ (ਦੋਵੇਂ ਧਰਮਪਤਨੀਆਂ) ਤੇ ਕਾਕੇ ਸੁਰਜੀਤ ਸਿੰਘ ਕਿਹਾ, ਅਸੀਂ ਤੇ ਅਜੇ ਰੱਜ ਕੇ ਆਪ ਦਾ ਦਰਸ਼ਨ ਭੀ ਨਹੀਂ ਕੀਤਾ। ਸਤਿਗੁਰੂ ਜੀ ਉਤਰ ਦਿੱਤਾ "ਜਿਵੇਂ ਜ਼ਿੰਦਗੀ ਦਾ ਆਸਰਾ ਅਨਾਜ ਹੈ ਤਿਵੇਂ ਰੂਹ ਆਤਮਾ ਦਾ ਆਧਾਰ ਪਿਆਰ ਹੈ। ਅਨਾਜ ਬਹੁਤਾ ਰੱਜ ਕੇ ਖਾਣ ਨਾਲ ਖਰਾਬੀ ਹੁੰਦੀ ਹੈ ਤਿਵੇਂ ਪਿਆਰ ਭੀ ਕੁਝ ਨੇਮ ਅੰਦਾਜ਼ੇ ਵਿੱਚ ਰਿਹਾ ਰਸਦਾਇਕ ਤੇ ਲਾਭਵੰਦ ਹੁੰਦਾ ਹੈ। ਤੇ ਸਦਾ ਮਿਲਣ ਦੀ ਚਾਹ ਬਣੀ ਰਹਿੰਦੀ ਹੈ।" ਕਹਿ ਬੰਬਈ ਤੋਂ ਵਿਦਾ ਹੋਏ।"[੩੪]

੧੯੩੫ ਦੇ ਗੌਰਮਿੰਟ ਆਫ ਇੰਡੀਆ ਐਕਟ ਦੇ ਪਾਸ ਹੋਣ ਬਾਦ ੧੯੩੬ ਵਿੱਚ ਸਭ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ। ਸੰਤ ਇੰਦਰ ਸਿੰਘ ਚੱਕਰਵਰਤੀ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸ੍ਰ. ਆਤਮਾ ਸਿੰਘ ਰਾਵਲਪਿੰਡੀ ਅਤੇ ਸ੍ਰ. ਲਛਮਣ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਤੇ ਆਧਾਰਿਤ ਇਕ ਅਲੈਕਸ਼ਨ ਬੋਰਡ ਬਣਿਆ ਜਿਸ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਕਾਂਗਰਸ ਤੇ ਹੋਰ ਦੇਸ਼ ਭਗਤ ਜਮਾਤਾਂ ਦੇ ਉਮੀਦਵਾਰਾਂ ਦੀ ਮੱਦਦ ਕੀਤੀ। ਤਕਰੀਬਨ ਸਾਰੇ ਹੀ ਨਾਮਧਾਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਭੁਗਤੇ ਭਾਵੇ ਸਰਕਾਰੀ ਲੋਕਾਂ ਦਾ ਵਿਰੋਧ ਭੀ ਭੁਗਤਣਾ ਪਿਆ। ਵਹਿਮੀ ਜੀ ਲਿਖਦੇ ਹਨ : "ਮੈਂ ਭੀ ਪੰਜਾਬੀਆਂ ਨਾਲ ਦੁਬਿਧਾ ਪਈ ਵਿੱਚ ਤੇ ਵੋਟਾਂ ਨਾ ਸਰਕਾਰੀ ਲੋਕਾਂ ਕਹੇ ਦੇਣ ਕਾਰਨ ੬



Sri Satguru Jagjit Singh Ji eLibrary NamdhariElibrary@gmail.com

ਮਹੀਨੇ ਬੱਝਾ ਸਾਂ। ਕਿਉਂਕਿ ਜਿਸ ਹਾਕਮ ਅੱਗੇ ਮੁਕੱਮਦਾ ਪੇਸ਼ ਹੁੰਦਾ ਸੀ, ਉਹ ਸਰਕਾਰੀ ਲੋਕਾਂ ਦੇ ਕਹੇ ਚੱਲਦਾ ਸੀ। ਮੈਂ ਅਪੀਲੋਂ ਬਰੀ ਹੋ ਭੈਣੀ ਸਾਹਿਬ ਸਮੇਤ ਸੁਪਤਨੀ ਕਰਤਾਰ ਕੌਰ ਤੇ ਸਪੁੱਤਰ ਸਾਧੂ ਸਿੰਘ ਤੇ ਬਲੀ ਸਿੰਘ ਦੇ ਆ ਰਿਹਾ ਸਾਂ।"[੩੫]

ਸਰਕਾਰੀ ਉਮੀਦਵਾਰਾਂ ਦੇ ਮੁਕਾਬਲਾ ਤੇ ਕਾਂਗਰਸ ਨੂੰ ਵੋਟਾਂ ਬਹੁਤ ਜ਼ਿਆਦਾ ਮਿਲਣ ਕਾਰਨ ਅੰਗਰੇਜ਼ਾਂ ਨੇ "ਪਾੜੋ ਤੇ ਰਾਜ ਕਰੋ" ਦੀ ਨੀਤੀ ਤੇ ਜ਼ੋਰ ਦੇ ਕੇ ਫਿਰਕਿਆਂ ਵਿੱਚ ਵੈਰ ਵਿਰੋਧ ਮਜ਼ਬੀ ਤੁਅੱਸਬ ਦੇ ਨਾਂ ਤੇ ਵਧਾਉਣਾ ਸ਼ੁਰੂ ਕਰ ਦਿਤਾ। ਸਤਿਗੁਰੂ ਜੀ ਨੇ ਇਸ ਸਮੇਂ ਸਭ ਆਪਣੇ ਬਿਗਾਨੇ ਨੂੰ ਇਤਫਾਕ ਨਾਲ ਰਹਿਣ ਦੀ ਮਤ ਦਿੱਤੀ ਅਤੇ "ਇਸ ਸਾਲ ਨਾਮਧਾਰੀ ਪੰਥ ਜੋਗ ਹੁਕਮ ਕੀਤਾ, ਹਰ ਨਗਰ ਘਰ ਕੋਈ ਨੇਮ ਕਰੋ। ਪਰ ਅਰਦਾਸਾਂ ਇਹ ਕਰੋ ਕਿ ਹੇ ਸੱਚੇ ਪਾਤਸ਼ਾਹ! ਮੁਲਕ ਵਿੱਚ ਇਤਫਾਕ ਵਧੇ। ਅਸੀਂ ਪਾਟੋਧਾੜ ਦੀ ਘਾਟ ਵਿੱਚ ਨਾ ਮਰੀਏ।[੩੬] ਇਤਫਾਕ ਲਈ ਕੀਤੇ ਗਏ ਸਤਿਗੁਰੂ ਜੀ ਦੇ ਯਤਨਾਂ ਦੀ ਸਿਆਣਿਆਂ ਵੱਲੋਂ ਸਦਾ ਸ਼ਲਾਘਾ ਹੋਈ ਹੈ।

ਸਮਕਾਲੀ ਇਤਿਹਾਸ ਦੀ ਅੱਤ ਮਹੱਤਵਪੂਰਨ ਜਾਣਕਾਰੀ ਨਾਲ ਭਰਪੂਰ ਹੈ ਇਹ ਵੱਡ ਅਕਾਰੀ ਗ੍ਰੰਥ—ਜੱਸ ਜੀਵਨ ਜਿਹਾ ਕਿ "੬ ਸੂਬਿਆਂ ਵਿੱਚ ਇਸ ਸਮੇਂ ਕਾਂਗਰਸ ਦਾ ਰਾਜ ਹੋਣ ਕਰਕੇ, ਜ਼ਬਤ ਹੋਈਆਂ ਜਾਇਦਾਤਾਂ ਤੇ ਦੇਸ਼-ਭਗਤ ਕੈਦ ਹੋਏ ਛੱਡੇ ਗਏ ਸੀ। ਨਾਮਧਾਰੀ ਦਰਬਾਰ ਨੇ ਵੀ ਸਰਕਾਰ ਨੂੰ ਨਾਮਧਾਰੀਆਂ ਦੀਆਂ ਜ਼ਮੀਨਾਂ ਭੈਣੀ ਸਾਹਿਬ ਤੇ ਹੋਰ ਕੁਰਾਈਵਾਲੇ (ਮੁਕਤਸਰ ਜਿਲਾ—ਸ. ਸ. ਵਿਰਕ) ਆਦਿ ਦੀਆਂ ਲੁੱਟੀਆਂ ਵਸਤਾਂ ਤੇ ਬਦੇਸ਼ ਕੀਤੇ ਗਏ ਧਉਂਕਲ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਸਾਥ ਗਏ ਸੂਬਿਆਂ ਦਾ ਪਤਾ ਤੇ ਵਾਪਸੀ ਮੰਗੀ। ਪਰ ਕਿਸੇ ਕੋਈ ਉਤਰ ਨਾ ਦਿਤਾ। ਸਗੋਂ ਖਤਰੇ ਕਾਰਨ ਸਰਕਾਰ ਨੇ ਬਾਕੀ ਸੂਬਿਆਂ ਵਿੱਚ ਸਖਤੀ ਤੇਜ਼ ਕੀਤੀ ਕਿ ਇਹ ਵੀ ਨਾਂ ਹੱਥੋਂ ਜਾਂਦੇ ਹੋਣ।"[੩੭]

ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਵਿੱਚ ਗੁਰੂ ਹਰੀ ਸਿੰਘ ਜੀ ਨੇ ਕੁਝ ਸਿੰਘ ਸੂਬਾ ਲੱਖਾ ਸਿੰਘ ਹੋਰਾਂ ਪਾਸ ਬਰਮਾ ਭੇਜੇ ਸਨ। ਸੂਬਾ ਜੀ ਨੇ ਇਕ ਮਦਰਾਸੀ ਉਹਨਾਂ ਨਾਲ ਤੋਰਿਆ ਕਿ ਜਾਓ ਭਾਲ ਕਰੋ। ਮਦਰਾਸੀ ਕਿਤੇ ਏਧਰ ਉਧਰ ਰਾਹ ਪੁਛਣ ਕੁਝ ਸਮੇਂ ਲਈ ਹੋ ਗਿਆ। ਸਿੰਘ ਘਬਰਾ ਕੇ ਵਾਪਸ ਆ ਗਏ ਕਿ ਕੋਈ ਹੋਰ ਕਾਰਾ ਨਾ ਹੋਵੇ। ਬਾਬਾ ਲੱਖਾ ਸਿੰਘ ਹੋਰਾਂ ਗੁਰੂ ਹਰੀ ਸਿੰਘ ਜੀ ਨੂੰ ਉਲਾਂਭਾ ਭੇਜਿਆ ਕਿ ਏਡੇ ਡਰਨ ਵਾਲੇ ਕਿਉਂ ਘੱਲੇ ਜੇ ਮੈਨੂੰ ਮਦਰਾਸੀ ਨੇ ਲਾਜ਼ਮ ਕੀਤਾ ਹੈ। ਗੁਰੂ ਹਰੀ ਸਿੰਘ ਜੀ ਨੇ ਇਸਨੂੰ ਖਸਮ ਦੀ ਰਜ਼ਾ ਨਾਲ ਜੋੜ ਕੇ ਬਚਨ ਕੀਤਾ। ਰਾਮ ਵਿਓਗੀ ਆਪਣੇ ਮਨ ਇਸ ਤਰਾਂ ਹੀ ਟਿਕਾਇਆ ਕਰਦੇ ਸਨ।[੩੮]

ਸੰਤ ਮੋਹਨ ਸਿੰਘ ਭਾਗੋਵਾਲੀਏ ਦੇ ਨਾਲ ਚੁਗਾਂਵੇ ਦਾ ਇੰਦਰ ਸਿੰਘ ਫੂਲਕਈਆ ਹੁੰਦਾ ਸੀ। ਸੁਰ, ਰਾਗ ਤੇ ਮਸਤੀ ਦਾ ਅਨੂਠਾ ਸੰਗਮ ਸੀ। ਲਹੌਰ ਇਕ ਵੇਰ ਸ਼ਰਾਬੀਆਂ ਕਿਹਾ ਕਿ ਕੂਕੇ ਕਿਵੇਂ ਮਸਤ ਕਰਦੇ ਹਨ ? ਸੰਤ ਮੋਹਨ ਸਿੰਘ ਹੋਰਾਂ ਦੋ ਤਿੰਨਾ ਨੂੰ ਭਜਨ ਦਸਿਆ ਕੰਨ ਵਿੱਚ ਲੋਟ ਪੋਟ ਹੋ ਗਏ। ਦੂਜੇ ਸਾਥੀ ਜੁੱਤੀਆਂ ਛੱਡ ਕੇ ਭੱਜ ਗਏ। "ਓਏ ਕੰਜਰੋ! ਭੱਜ ਚੱਲੇ ਇਹ ਕੂਕਾ ਤੇ ਲੜਦਾ ਜਾਂਦਾ ਜੇ।"[੩੯]

ਸੰਤ ਜੀ ਨੇ ਆਪਣੇ ਗ੍ਰੰਥ ਦਾ ਤੀਸਰਾ ਭਾਗ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਦੇ ਨਾਂ ਭੇਟ ਕੀਤਾ ਹੈ ਅਤੇ ਇਸ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਛੋਟੇ ਭਾਈ ਮਹਾਰਾਜ ਨਿਹਾਲ ਸਿੰਘ ਹੋਰਾਂ ਦਾ ਚਿਤਰ ਦੇ ਕੇ ਨਾਮਧਾਰੀਆਂ ਦੀਆਂ ਕਾਂਗਰਸ ਦੇ ਪਲੇਟਫਾਰਮ ਤੋਂ ਆਜ਼ਾਦੀ ਪੂਰਵ ਦੀਆਂ ਗਤੀ ਵਿਧੀਆਂ ਨੂੰ ਚੰਗੀ ਤਰ੍ਹਾਂ ਚਿਤਾਰਿਆ ਹੈ। ਇਸ ਤੇ ਛਪਣ ਦਾ ਸੰਨ ਭਾਵੇ ਫਰਵਰੀ ੧੯੭੬ ਈ. ਹੈ ਪਰ ੪ ਜੁਲਾਈ ੧੯੭੮ ਈ. ਨੂੰ ਸੰਤ ਜੀ ਦੇ ਬੁੱਢੀ ਮਾੜੀ ਵਿਖੇ ਅਕਾਲ ਚਲਾਣਾ ਕਰਨ ਬਾਦ ਹੀ ਇਹ ਪੁਸਤਕ ਸੰਗਤਾਂ ਦੇ ਹੱਥਾਂ ਵਿੱਚ ਆਈ ਹੈ। (ਬੁੱਢੀ ਮਾੜੀ ਦਾ ਨਾਂ ਵਹਿਮੀ ਜੀ ਨੇ ਰਾਮਪੁਰ ਪਰਚਾਰਨ ਦਾ ਯਤਨ ਕੀਤਾ ਸੀ ਪਰ ਨਾਮਧਾਰੀ ਕਵੀ ਸੰਤ ਗੁਰਬਖਸ਼ ਸਿੰਘ ਰਾਮਪੁਰੀ ਤੋਂ ਬਿਨਾਂ ਹੋਰ ਕਿਸੇ ਨੇ ਇਸ ਪਾਸੇ ਯਤਨ ਨਹੀਂ ਕੀਤਾ। ਉਹ ਵੀ ਬੁੱਢੀ ਮਾੜੀ ਪਿੰਡ ਨਾਲ ਸਬੰਧਤ ਹਨ ਅਤੇ ਇਸੇ ਲਈ ਰਾਮਪੁਰੀ ਦਾ ਲਕਬ ਧਾਰਨ ਕਰਕੇ ਕਵਿਤਾ ਰਚਦੇ ਰਹੇ ਹਨ)

ਲੰਝ (ਸ਼ੇਖੂਪੁਰਾ) ਦੇ ਦੌਰੇ ਸਮੇਂ ਚੇਤਰ ੧੯੯੫ ਬਿਕ੍ਰਮੀ ਨੂੰ ਸੰਗਤ ਸਨੱਧ ਬੱਧ ਹੋ ਕੇ ਸੈਂਕੜਿਆਂ ਦੀ ਤਾਦਾਦ ਵਿੱਚ ਪੁੱਜੀ ਸੀ। ਤੁੰਗ ਪਿੰਡ ਦੇ ਸ਼ਰਾਬੀਆਂ ਵਲੋਂ ਪਿਛਲੇ ਦੀਵਾਨਾਂ ਵਿੱਚ ਕੁਝ ਖਲਲ ਪਾਉਣ ਕਾਰਨ ਸਿੰਘ ਹਮਲੇ ਦੇ ਰੌਅ ਵਿੱਚ ਸਨ। ਕੁਝ ਸਿੰਘਾਂ ਨੇ ਕਿਹਾ ਕਿ ਅਸੀਂ ਤੁੰਗ ਵਾਲਿਆਂ ਸ਼ਰਾਬੀਆਂ ਨੂੰ ਫੜ ਕੇ ਹਜ਼ੂਰ ਦੇ ਪੇਸ਼ ਕਰਦੇ ਹਾਂ ਤਾਂ ਕਿ ਉਹ ਮਾਫੀ ਮੰਗ ਸੱਕਣ। ਸਤਿਗੁਰੂ ਜੀ ਨੇ ਆਪਣੀ ਖਿਮਾ ਧੀਰਜ ਵਾਲੀ ਸ਼ਾਂਤ ਮੂਰਤੀ ਦਾ ਸੁਭਾਉ ਬਰਕਰਾਰ ਰੱਖਦਿਆਂ ਕਿਹਾ, "ਅਸੀਂ ਕਿਸੇ ਨੂੰ ਭੈ ਤੇ ਸ਼ਰਮਾਉਣਾ ਨਹੀਂ ਦੇਣਾ ਚਾਹੁੰਦੇ। ਉਹ ਅੱਗੋ ਨਾ ਐਸਾ ਚਾਲਾ ਕਰਨ ਕਹਿ ਪਾਠ ਦਾ ਭੋਗ ਪਾ ਵਿਦਾ ਹੋਏ।"[੪੦]

ਇਕ ਸਮੇਂ ਲਹੌਰ ਸਵਾਮੀ ਗਣੇਸ਼ ਦੱਤ ਦੇ ਘਰ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ ਇਕੱਠੇ ਹੋਏ, ਦੇਸ਼ ਦੇ ਭਲੇ ਹਿਤ ਵਿਚਾਰ ਕਰਨ ਲਈ। ਸਭਾ ਉਠਣ



Sri Satguru Jagjit Singh Ji eLibrary NamdhariElibrary@gmail.com

ਤੋਂ ਬਾਦ ਮਾਸਟਰ ਜੀ ਅਤੇ ਸਤਿਗੁਰੂ ਜੀ ਨੂੰ ਸਵਾਮੀ ਜੀ ਨੇ ਕੁਝ ਦੇਰ ਲਈ ਰੋਕ ਲਿਆ ਅਤੇ "ਸਤਿਗੁਰੂ ਜੀ ਤੋਂ ਪੁੱਛਿਆ ਆਪ ਆਦਿ ਤੇ ਦਸਮ ਗ੍ਰੰਥ ਵਿੱਚ ਕੁਝ ਫਰਕ ਸਮਝਦੇ ਹੋ। ਸਤਿਗੁਰੂ ਜੀ ਕਿਹਾ ਜੇ ਆਦਿ ਬਿਨਾਂ ਅਨੰਦ ਗ੍ਰਹਿਸਤ ਦਾ ਮੁੱਢ ਨਹੀਂ ਸ਼ੁਰੂ ਹੁੰਦਾ ਤਾਂ ਦਸਮ ਗ੍ਰੰਥ ਬਿਨਾਂ ਅੰਮ੍ਰਿਤ ਤੇ ਅਰਦਾਸੇ ਦਾ ਮੁੱਢ ਨਹੀਂ ਤੁਰਦਾ। ਇਸ ਲਈ ਸਾਨੂੰ ਦੋਵੇਂ ਏਕ ਸਮਾਨ ਮੰਨਣ ਜਾਨਣ ਦਾ ਹੁਕਮ ਹੈ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ.......ਸ. ਸ. ਵਿਰਕ) ਤੇ ਅਸੀਂ ਮੰਨਦੇ ਹਾਂ। ਮਾਸਟਰ ਜੀ ਕਿਹਾ "ਉਸ ਦਸਮ ਗ੍ਰੰਥ ਵਿੱਚ ਕਵੀਆਂ ਦੀ ਬਾਣੀ ਹੈ।" ਸਤਿਗੁਰੂ ਜੀ ਕਿਹਾ "ਆਦਿ ਵਿੱਚ ਭੀ ਸੁੰਦਰ, ਸੱਤੇ ਬਲਵੰਡ ਤੇ ਭੱਟਾਂ ਆਦਿ ਦੀ ਬਾਣੀ ਬਹੁਤ ਹੈ।"[੪੧] ਇਸ ਤਰ੍ਹਾਂ ਦੇ ਮਹੱਤਵਪੂਰਨ ਨਿਰਨੇ ਸਤਿਗੁਰੂ ਜੀ ਅਭਿਲਾਖੀਆਂ ਨਾਲ ਗੋਸ਼ਟਾਂ ਸਮੇਂ ਨਿਸ਼ੰਗ ਹੋ ਕੇ ਕਰਿਆ ਕਰਦੇ ਸਨ। ਅੱਜ ਵੀ ਨਾਮਧਾਰੀਆਂ, ਨਿਹੰਗਾਂ ਅਤੇ ਗੋਬਿੰਦ ਸਦਨ ਵਾਲੇ ਬਾਬਾ ਵਿਰਸਾ ਸਿੰਘ ਤੋਂ ਬਿਨਾਂ ਬਾਕੀ ਸਿੱਖ ਸਮੁਦਾਇ ਦਾ ਵੱਡਾ ਹਿੱਸਾ ਸਾਰੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਤੋਂ ਨਾਬਰ ਹੈ।

ਦੂਜੇ ਆਲਮੀ ਜੰਗ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਬੰਧਿਤ ਲਿਖਤਾਂ, ਸਮੱਗਰੀ, ਸੁਰੱਖਿਆ ਦੇ ਲਿਹਾਜ ਨਾਲ ਰਵਾਲਸਰ (ਮੰਡੀ ਹਿਮਾਚਲ) ਭੇਜ ਦਿਤੀਆਂ, ਸੁਕੇਤ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣਾ ਨਿਵਾਸ ਰੱਖਿਆ ਕੁਝ ਸਮਾਂ। ਮਾਸਟਰ ਸੁਹੇਵਾ ਸਿੰਘ ਜਾਮਣ (ਜਿਲਾ ਲਹੌਰ) ਨੇ ੯ ਸਾਲ ਸੁਕੇਤ ਦੇ ਰਾਜੇ ਲਛਮਣ ਸੈਨ ਦੇ ਸਕੂਲ ਵਿੱਚ ਡਰਾਇੰਗ ਅਧਿਆਪਕ ਦੀ ਨੌਕਰੀ ਵੀ ਕੀਤੀ। ਰਾਜੇ ਨੂੰ ਭਜਨ ਦੱਸ ਕੇ ਗੁਰੂ ਵਾਲਾ ਵੀ ਬਣਾਇਆ। ਉਸ ਦੇ ਰਾਜ ਵਿੱਚ ਲੜਕੀਆਂ ਵੇਚਣ ਤੇ ਪਾਬੰਦੀ ਵੀ ਲੁਆਈ ਅਤੇ ਮਾਸਟਰ ਜੀ ਦੇ ਉਦਮ ਨਾਲ ਹੀ ਸਕੇਤ (ਹੁਣ ਸੁੰਦਰ ਨਗਰ) ਵਿਖੇ ਨਾਮਧਾਰੀ ਧਰਮਸ਼ਾਲਾ ਦਾ ਮੁੱਢ ਬੱਝਾ। ਮਾਤਾ ਜੀਊਣ ਕੌਰ ਜੀ ਨੌਹਰ ਸੁਹੇਵਾ ਸਾਹਿਬ ਆਪਣੇ ਪੇਕੇ ਇਲਾਕੇ ਸਿਰਸੇ ਦੀ ਸਾਂਝ ਕਾਰਨ ਨਿਵਾਸ ਰੱਖਦੇ। ਸੰਤ ਆਲਾ ਸਿੰਘ ਵਰਨ ਅਤੇ ਹੋਰ ਕੁਝ ਸਿੰਘ ਟਿੱਬੀ (ਰਿਆਸਤ ਬੀਕਾਨੇਰ) ਵਿਖੇ ਸ੍ਰ. ਤਾਰਾ ਸਿੰਘ ਨਾਮਧਾਰੀ ਦੀ ਢਾਣੀ ਤੇ ਡੇਰਾ ਬਣਾ ਰਹਿੰਦੇ। ਭਾਣੇ ਦੇ ਸਮੇਂ ਨਾਮਧਾਰੀਆਂ ਦੀਆਂ ਇਹ ਤਿੰਨ ਠਾਹਰਾਂ ਪ੍ਰਸਿੱਧ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਿੰਘਾਂ ਨੇ ਪੁੱਛਿਆ ਕਿ ਤੁਸੀਂ ਇਹਨਾਂ ਮਾਰੂਥਲਾਂ ਅਤੇ ਪਰਬਤਾਂ ਦੀਆਂ ਡੂਗਰ ਵਾਟਾਂ ਵੱਲ ਆਪ ਤੇ ਸਿੰਘਾਂ ਨੂੰ ਜੰਗ ਵਿੱਚੋਂ ਜਿਉਂਦੇ ਬਚ ਰਹਿਣ ਦੀ ਲੋੜ ਵਜੋਂ ਭੇਜ ਰਹੇ ਹੋ। ਸਤਿਗੁਰੂ ਜੀ ਜੁਆਬ ਦਿਤਾ ਸਾਡਾ ਮਨੋਰਥ ਜਿਊਂਦੇ ਰਹਿਣ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀਦਾਰ ਦੀ ਤਲਬ ਹੈ। ਜੇ ਸਰੀਰ ਬਚੇਗਾ ਤਾਂ ਹੀ ਦਰਸ਼ਨ ਕਰ ਸਕਾਂਗੇ। ਹੋਰ ਕੋਈ ਕਿਸੇ ਤਰ੍ਹਾਂ ਦਾ ਡਰ ਨਹੀਂ "ਜੀਊਂਦੇ ਰਹਿਣਾ ਚਾਹੁੰਦੇ ਹਾਂ ਕਿ ਉਸ ਆਉਂਦੇ ਮਾਹੀ ਦਾ ਦਰਸ਼ਨ ਤੇ ਸਵਾਗਤ ਕਰ ਸੱਕੀਏ।"[੪੨]

ਸ੍ਰ. ਸੁੱਚਾ ਸਿੰਘ ਦਿੱਲੀ ਵਾਲੇ ਦੇ ਭਰਾ ਇੰਦਰ ਸਿੰਘ ਓਵਰਸੀਅਰ (ਪਿੰਡ ਉਟਾਲਾ ਜਿਲਾਂ ਲੁਧਿਆਣਾ) ਉਪਰ ਸਤਿਗੁਰੂ ਜੀ ਦੀ ਮਿਹਰ-ਨਿਗ੍ਹਾ ਹੋਈ। ਨਾਮ ਦੀ ਰੰਗਣਾ ਚੜ੍ਹ ਗਈ। ਮਸਤੀ ਦੀ ਹਾਲਤ ਵਿੱਚ ਰਹਿੰਦੇ ਜੇ ਕੋਈ ਉਹਨਾਂ ਨਾਲ ਹੋਈ ਬੀਤੀ ਪੁੱਛਦਾ ਤਾਂ ਵਾਰਿਸ ਸ਼ਾਹ ਦੇ ਸ਼ਬਦਾਂ ਵਿੱਚ ਜੁਆਬ ਦੇਂਦੇ :

"ਚੋਰ ਯਾਰ ਜੂ ਦੱਸ ਕੇ ਭੇਤ ਮਰਦਾ,
ਫੱਕਰ ਮਰੇ ਜ਼ਬਾਨ ਤੋਂ ਬੋਲਿਆ ਈ।
ਉਹ ਖੂਬ ਸੁਆਦ ਵੰਜਾ ਬਹਿੰਦੇ,
ਜਿਨ੍ਹਾਂ ਭੇਤ ਮਹਿਬੂਬ ਦਾ ਖੋਲ੍ਹਿਆ ਈ।"[੪੩]

ਉਸ ਸਮੇਂ ਦੇ ਭੈਣੀ ਸਾਹਿਬ ਦੇ ਆਦਿ ਗ੍ਰੰਥ, ਦਸਮ ਗ੍ਰੰਥ ਅਤੇ ਚੰਡੀ ਦੇ ਵਾਰ ਦੇ ਪਾਠਾਂ ਸਮੇਂ ਦੇ ਅਲੌਕਿਕ ਨਜ਼ਾਰਾ ਵਹਿਮੀ ਜੀ ਨੇ ਵੇਖਿਆ ਉਸ ਦੀ ਤੁਲਨਾ ਉਹਨਾਂ ਆਦਿ ਜੁੱਗ ਜਾਂ ਮੁੱਢਲੇ ਸਾਮਵਾਦੀ ਸਮਾਜ ਨਾਲ ਕੀਤੀ ਹੈ। ਜਿੱਥੇ ਕਿਸੇ ਨੂੰ ਕੋਈ ਚਿੰਤਾ ਫਿਕਰ ਕੁੱਲੀ ਗੁੱਲੀ ਜੁੱਲੀ ਦਾ ਨਹੀਂ ਦਵੈਤ ਈਰਖਾ ਨਹੀਂ। ਮਨ ਦੀ ਸਥਿਤੀ ਇਸ ਤਰ੍ਹਾਂ ਨਿਰਮਲ ਹੋ ਗਈ ਜਿਵੇਂ ਮੀਂਹ ਪੈਣ ਤੋਂ ਬਾਦ ਆਸਮਾਨ ਸਾਫ ਹੋ ਕੇ ਨਿੰਬਲ ਹੋ ਜਾਂਦਾ ਹੈ। ਕਵੀ ਵਹਿਮੀ ਵੀ, ਵਾਰਤਾਕਾਰ ਵਹਿਮੀ ਦੇ ਨਾਲ ਨਾਲ ਹੀ ਵਿਚਰ ਰਿਹਾ ਹੈ। "ਉਸ ਵਕਤ ਜੋ ਭੈਣੀ ਸਾਹਿਬ ਵਰਤਦਾ ਸੀ, ਮੈਂ ਵਿੱਚ ਰਹਿ ਵੇਖ ਲਿਖਿਆ ਹੈ :

ਸੱਚ ਸੱਚ ਆਖਾਂ ਉਹਨੂੰ ਰੱਖ ਸਾਹਵੇ,
ਭੈਣੀ ਸਾਹਿਬ ਆਇਆ ਜੋ ਅਵੱਸ਼ ਹੁੰਦਾ।
ਦਿਲ ਆਖਦਾ ਦੱਸ ਜ਼ਰੂਰ ਤਾਂ ਭੀ,
ਭਾਵੇਂ ਨਹੀਂ ਭਰਪੂਰ ਹਾਂ ਦੱਸ ਹੁੰਦਾ।
ਸੰਤ-ਮੰਡਲੀਆਂ, ਵਰਨੀਆਂ, ਕਥਾ, ਲੰਗਰ,
ਛੱਪਰ ਵੇਖ ਸੁਣਕੇ ਹਰੀ-ਜੱਸ ਹੁੰਦਾ।
ਆਇਆ ਦਿਸਦਾ ਏ ਆਦਿ-ਜੁੱਗ ਏਥੇ,
ਪੈਂਦਾ ਰਿਦੇ ਵਿਸਮਾਦ ਰੱਹਸ ਹੁੰਦਾ।
ਦੇਸ਼ ਪਿਆਰ ਤੇ ਸਾਦਗੀ ਵਿੱਚ ਵਸੇ,
ਜਿਵੇਂ ਬਿਨਾਂ ਆਜ਼ਾਦੀਉਂ ਭੱਸ ਹੁੰਦਾ।
ਨਾਵ੍ਹਨ, ਰਹਿਤ, ਸੇਵਾ, ਬਾਣੀ ਨਾਮ ਮੰਨੇ,
ਮਨ ਕਿਹਾ ਭਾਵੇਂ ਅੱਧ-ਘੱਸ ਹੁੰਦਾ।
ਵਾਧੂ ਜੀਭ ਦੇ ਬੰਦ ਸੁਆਦ ਹੁੰਦੇ,



Sri Satguru Jagjit Singh Ji eLibrary NamdhariElibrary@gmail.com

ਮੰਦਵਾਦੀਆਂ ਦਾ ਬੰਦ ਝੱਸ ਹੁੰਦਾ।
"ਵਹਿਮੀ" ਮਨ ਹੁੰਦਾ ਸੱਚੀ ਰਸ ਪਾਕੇ,
ਨਿਰਮਲ ਜਿਵੇਂ ਅਕਾਸ਼ ਮੀਂਹ ਵੱਸ ਹੁੰਦਾ।"[੪੪]

ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦਾ ਪਰਚਾਰ ਕਰਨ ਦਾ ਢੰਗ ਬੜਾ ਨਿਰਾਲਾ ਸੀ। ਰਕਾਬਗੰਜ ਗੁਰਦੁਆਰੇ ਦੀ ਕੰਧ ਢਹਿਣ ਤੇ ਕਿਉਂ ਜੁ ਵਾਇਸਰਾਏ ਨਿਵਾਸ ਨਵੀਂ ਦਿਲੀ ਵਿਖੇ ਬਣ ਰਿਹਾ ਸੀ ਜਿਸ ਲਈ ਇਹ ਕੁਕਰਮ ਹੋਇਆ, ਸੰਤ ਜੀ ਬੜੇ ਸਰਗਰਮ ਹੋਏ। ੧੯੧੨-੧੩ ਈਸਵੀ ਦਾ ਸਮਾਂ ਸੀ। ਉਹਨਾਂ ਦੀ ਜ਼ਬਾਨ ਬੰਦੀ ਸਰਕਾਰ ਨੇ ਕੀਤੀ ਸੀ। ਸ੍. ਬੂਟਾ ਸਿੰਘ ਰਈਸ ਰਾਵਲਪਿੰਡੀ ਦੇ ਪੁਤਰ ਅਤੇ ਸ੍. ਆਤਮਾ ਸਿੰਘ (ਬਾਦ ਵਿੱਚ ਆਜ਼ਾਦ ਭਾਰਤ ਦੀ ਪਹਿਲੀ ਲੋਕ ਸਭਾ ਦੇ ਸਿਰਸਾ ਤੋਂ ਮੈਂਬਰ ਬਣੇ) ਦੇ ਛੋਟੇ ਭਰਾ ਹਰਦਿਆਲ ਸਿੰਘ ਦੇ ਵਿਆਹ ਤੇ ਸੰਤ ਜੀ ਨੇ ਸਰਕਾਰੀ ਪਿਠੂਆਂ ਦਾ ਪਰਦਾ ਫਾਸ਼ ਕਰਦਿਆਂ ਨਾ ਮਿਲਵਰਤਣ ਤਹਿਰੀਕ ਦੇ ਸੁਰ ਵਿੱਚ ਬੋਲਦਿਆਂ ਆਖਿਆ : "ਦਰਗਾਹੇ ਮੈਂ ਸਰਕਾਰ ਦੇ ਸੇਵਕਾਂ ਨੂੰ ਮਾਰ ਪੈਂਦੀ ਵੇਖੀ ਹੈ ਜਿਨ੍ਹਾਂ ਅੰਗਰੇਜ਼ ਆਖੇ ਲੱਗ ਸਿੱਖਾਂ ਨੂੰ....."ਸੱਦ ਪੀੜੀ ਗੁਰੂ ਚਲੰਦੀ" ਵਲੋਂ ਹਟਾਇਆ ਹੈ ਤੇ ਕਾਲਜਾਂ 'ਚ ਸਿੱਖਾਂ ਨੂੰ ਪੜ੍ਹਾ ਅੰਗਰੇਜ਼ ਦੀ ਨੌਕਰੀ ਤੇ ਪੈਰਵੀ ਵੱਲ ਲਾਇਆ ਹੈ।"[੪੫]

੬ ਫੱਗਣ ੧੯੯੫ ਬਿਕ੍ਰਮੀ ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਉਦਾਸੀ ਸਾਧੂਆਂ ਦੀ ਮੰਡਲੀ ਆਈ ਤੇ ਉਸੇ ਦਿਨ ਬਾਦ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਭੀ ਜੋ ਲੁਧਿਆਣੇ ਆਏ ਸਨ, ਭੈਣੀ ਸਾਹਿਬ ਗੁਰਧਾਮਾਂ ਦੇ ਦਰਸ਼ਨਾਂ ਨੂੰ ਆਏ। ਨਾਮਧਾਰੀ ਇਤਿਹਾਸ ਦੀਆਂ ਹਿਰਦੇ ਵੇਧਕ ਘਟਨਾਵਾਂ ਸੁਣ ਕੇ ਦਰਵਿਤ ਹੋਏ। ਦਸ ਹਜ਼ਾਰ ਸੰਗਤ ਜੁੜ ਗਈ।

ਕਿਹੜੇ ਪਿੰਡ ਦਾ ਕਿਹੜਾ ਸਿੰਘ ਕਿਹੜੇ ਸਿੰਘ ਦੀ ਕਿਰਨਾਂ ਨਾਲ ਨਾਮਧਾਰੀ ਪੰਥ ਵਿੱਚ ਸ਼ਾਮਲ ਹੋਇਆ ਅਤੇ ਵੰਡ ਤੋਂ ਬਾਦ ਉਸ ਦਾ ਪਰਿਵਾਰ ਕਿੱਥੇ ਰਹਿ ਰਿਹਾ ਹੈ। ਇਸ ਤਰ੍ਹਾਂ ਦੀਆਂ ਮਹੱਤਵਪੂਰਨ ਜਾਣਕਾਰੀਆਂ ਨੇ ਇਸ [illegible] ਸਾਖੀਕਾਰ ਦੀ ਰਚਨਾ ਦੀ ਮਹੱਤਾ ਵਿੱਚ ਸਮਾਜ ਵਿਗਿਆਨਕ ਪੱਖ ਤੋਂ ਵੀ ਢੇਰ ਵਾਧਾ ਕੀਤਾ ਹੈ। ਅਸੀਂ ਛੋਟੇ ਹੁੰਦਿਆਂ ਤਵਿਆਂ ਵਾਲੇ ਵਾਜਿਆਂ ਦੁਆਰਾ ਜਿਸ "ਨੈਬਕੋਟੀਏ" ਅਤੇ ਉਹਦੇ "ਪੁੱਤਰ ਬੂਟਿਆ ਲਕੜੀ ਕੀ ਕਹਿੰਦੀ ਏ" ਸੁਣਿਆ ਕਰਦੇ ਸਾਂ, ਉਸ ਦਾ ਵੇਰਵਾ ਵੀ ਵਹਿਮੀ ਜੀ ਨੇ ਆਉਣ ਵਾਲੀਆਂ ਨਸਲਾਂ ਲਈ ਸਾਂਭ ਛੱਡਿਆ ਏ, ਹਵਾਲਾ ਹੈ "ਹਕੀਮ ਸਰਦਾਰਾ ਸਿੰਘ" ਦਾ ਪਰਸੰਗ : "ਹਕੀਮ ਸਰਦਾਰਾ ਸਿੰਘ ਇੱਬਣ ਵਾਲੀ, ਜ਼ਿਲ੍ਹਾ ਗੁਜਰਾਂਵਾਲਾ, ਕੋਲ ਦੇ ਪਿੰਡ ਅਨਾਇਤ ਕੋਟ ਦੇ ਨਵਾਬ ਘੁਮਿਆਰ ਨਾਲ ਆਉਂਦਾ ਅੱਗੇ ਮਿਲਿਆ। ਸੰਤ ਭਗਤ ਸਿੰਘ ਜੀ ਦਾਤੇਵਾਲੀਏ ਸਮੇਤ ਜਥੇ ਕੰਗਾਂ ਵੱਲੋਂ ਅਕਾਲ ਗੜ੍ਹ ਨੂੰ ਜਾ ਰਹੇ ਸੀ। ਸੰਤ ਜੀ ਨੂੰ ਸੁਹਣਾ ਸਰੂਪ (ਸਰਦਾਰਾ ਸਿੰਘ ਦਾ......... ਸ.ਸ. ਵਿਰਕ) ਦੇਖ ਤਰਸ ਆਇਆ ਤੇ ਸੰਤ ਜੀ ਕਿਹਾ "ਕਿਹੜੇ ਕੂੜੇ ਵਹਿਮ ਵਿੱਚ ਰੁੜ੍ਹ ਰਿਹਾ ਹੈਂ ਸੁਹਣਿਆਂ!" ਸਰਦਾਰਾ ਸਿੰਘ ਕਿਹਾ, "ਤੁਸੀਂ ਸੱਚਾ ਵਹਿਣ ਦੱਸੋ। ਜੇ ਜਚਿਆ ਤਾਂ ਤੁਹਾਡੇ ਕਹੇ ਲੱਗ ਪੈਂਦਾ ਹਾਂ।" ਸੰਤ ਜੀ ਬਹਾ, ਕੰਨਾਂ ਵਿੱਚ ਭਜਨ ਦੱਸ ਕਿਹਾ, ਪੰਜ ਸੱਤ ਮਿੰਟ ਅੱਖਾਂ ਮੀਟ, ਚੌਂਕੜਾ ਲਾ ਕੇ, ਰਸਨਾ ਹਿਲਾ ਕੇ ਕਰ। ਜੇ ਸਵਾਦ ਆਵੀ ਤਾਂ ਸਾਡੇ ਮਗਰ ਆਵੀਂ ਨਹੀਂ ਤੇ ਏਸ ਅਲਗੋਜੇ ਵਜਾਣ ਵਾਲਿਆਂ ਨਾਲ ਹੀ ਰਹੀਂ। ਸੰਤ ਜੀ ਅਕਾਲਗੜ੍ਹ ਨੂੰ ਟੁਰ ਪਏ ਤੇ ਨਵਾਬ ਸਮੇਤ ਬੂਟੇ ਦੇ ਆਪਣੇ ਰਾਹ ਤੁਰਿਆ ਗਿਆ। ਝੱਟ ਬਾਅਦ ਸਰਦਾਰਾ ਸਿੰਘ ਅੱਖੀਂ ਖੋਲ੍ਹੀਆਂ ਤਾਂ ਖੁਰਾ ਫੜ ਸੰਤਾਂ ਦੇ ਜਥੇ ਵਿਚ ਜਾ ਰਲਿਆ ਤੇ ਕਿਹਾ, "ਤੁਸੀਂ ਮੈਨੂੰ ਹੁਣ ਆਪਣੇ ਨਾਲ ਹੀ ਰੱਖੋ।" "ਪੁਨੂੰ (ਸਨਿਆਸੀ) ਤੋਂ ਚੰਗੀ ਵੈਦਗੀ ਹਾਸਲ ਕਰ ਸੰਤ ਸਰਦਾਰਾ ਸਿੰਘ ਜੀ ਫੇਰ ਸੰਤ ਆਲਾ ਸਿੰਘ ਜੀ ਦੇ ਜਥੇ ਨਾਲ ਆ ਰਲੇ। ਨਵਾਬ ਘੁਮਿਆਰ ਦਾ ਆਵਾਜ਼ ਬੜਾ ਰਸੀਲਾ ਤੇ ਉੱਚਾ ਸੀ। ਬੂਟਾ ਉਸ ਦਾ ਸਾਥੀ ਅਲਗੋਜੇ ਵਜਾਉਣ ਵਾਲਾ ਸੀ। ਇਸ ਦੇ ਰੀਕਾਰਡ ਭਰੇ ਅਜੇ ਭੀ ਸੁਣੀਦੇ ਹਨ। ਮੇਰੇ ਪਿੰਡ ਭੀ ਇਕ ਖਾਨਗਾਹ ਦੇ ਮੇਲੇ ਤੇ ਨਵਾਬ ਗਾਉਣ ਆਇਆ ਸੀ।"[੪੬]

ਇਸ ਸਰਦਾਰਾ ਸਿੰਘ ਹਕੀਮ ਦਾ ਚੇਲਾ ਹਕੀਮ ਬਘੇਲ ਸਿੰਘ ਪਿੰਡ ਮੁਗਲ ਚੱਕ (ਅੰਮ੍ਰਿਤਸਰ) ਜੀਵਨ ਨਗਰ ਦੇ ਨੇੜੇ ਖੂਹ ਅੰਮ੍ਰਿਤਸਰੀਆ ਵਿਖੇ ਹੁਕਮ ਸੱਤ ਹੋਇਆ। ਜਿਹੜਾ ਕੁਝ ਸਮਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ ਹਜ਼ੂਰੀ ਵੈਦ ਭੀ ਰਿਹਾ ਸੀ।

ਸ੍ਰੀ ਭੈਣੀ ਸਾਹਿਬ ਲੱਗੇ "ਰਾਮ ਹਰੀ ਪ੍ਰਿੰਟਿੰਗ ਪਰੈਸ" ਵਿਚੋਂ ਸਤਿਗੁਰੂ ਜੀ ਨੇ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦਾ ਲਿਖਿਆ "ਬਾਲ ਉਪਦੇਸ਼" ਛਪਵਾਇਆ ਅਤੇ ਸਭ ਅਨਪੜ੍ਹ ਸਿੰਘਾਂ ਅਤੇ ਬਾਲਕਾਂ ਵਿਚ ਵੰਡ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ "ਅੱਖਰ ਗੁਰਮੁਖੀ ਸਭ ਨੂੰ ਪੜ੍ਹਾਇ ਦੇਣੇ" ਨੂੰ ਹੂਬਹੂ ਲਾਗੂ ਕੀਤਾ। ਇਸ ਤਰ੍ਹਾਂ ਉਹ ਹਰ ਸਿੱਖ ਨੂੰ ਗੁਰਬਾਣੀ ਪੜ੍ਹਨਯੋਗ ਬਣਾਉਣਾ ਚਾਹੁੰਦੇ ਸਨ ਤਾਂਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਵੱਧ ਤੋਂ ਵੱਧ ਪਾਠ ਆਦਿ ਗ੍ਰੰਥ ਦੇ ਕਰਵਾਏ ਜਾ ਸਕਣ। ਇਸ ਮਨੋਰਥ ਲਈ ਆਦਿ ਗ੍ਰੰਥ ਦੀਆਂ ਸਫਰੀ ਬੀੜਾਂ ਵੀ ਛਪਵਾਈਆਂ ਦੋ ਹਿੱਸੇ। ਸਿੰਘ ਸਭਾ ਅਤੇ ਚੀਫ ਖਾਲਸਾ ਦੀਵਾਨ ਵਾਲੇ ਪੱਤਰਾਂ ਪਾਠਾਂ ਦੇ ਸੁਆਲ ਤੇ ਨਾਮਧਾਰੀ ਸਿੰਘਾਂ ਦਾ ਵਿਰੋਧ ਕਰਦੇ ਸਨ। ਜਦੋਂ



Sri Satguru Jagjit Singh Ji eLibrary NamdhariElibrary@gmail.com

ਕਿ ਬਸਤੀਵਾਦੀ ਅੰਗਰੇਜ਼ ਸਰਕਾਰ ਵਿਰੋਧੀ ਭੂਮਿਕਾ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਆਦਾਤਰ ਸੱਜਣ ਨਾਮਧਾਰੀਆਂ ਦੇ ਗੁਰਬਾਣੀ ਦਾ ਪਰਿਵਾਹ ਜਾਰੀ ਕਰਨ ਦੀ ਇਸ ਵਿਧੀ ਤੋਂ ਸੰਤੁਸ਼ਟ ਸਨ ਅਤੇ ਉਹ ਸਮਝਦੇ ਸਨ ਕਿ ਸਿੱਖਾਂ ਦੇ ਕਿਸੇ ਵੀ ਹੋਰ ਫਿਰਕੇ ਨਾਲੋਂ ਗੁਰਬਾਣੀ ਦੇ ਸਤਿਕਾਰ ਸੰਭਾਲ ਵਿਚ ਨਾਮਧਾਰੀ ਸਿੰਘ ਪਿੱਛੇ ਨਹੀਂ ਹਨ। ਸੰਬਤ ੧੯੯੮ ਬਿਕ੍ਰਮੀ ਵਿਚ ਨਾਮਧਾਰੀ ਸੰਗਤ ਨੇ ਇਕ ਲੱਖ ਤੋਂ ਉੱਪਰ ਸ੍ਰੀ ਆਦਿ ਗ੍ਰੰਥ ਦੇ ਪਾਠ ਸੰਪੂਰਨ ਕਰਕੇ ਭੋਗ ਪਾਏ। ਪੂਰਾ ਟੀਚਾ ਸਵਾ ਲੱਖ ਦਾ ਸੀ ਜੋ ਕੁਝ ਸਮੇਂ ਬਾਦ ਪੂਰਾ ਹੋਇਆ। ਕਰਤਾਰ ਸਿੰਘ ਆਦੋਕੇ (ਸਿਆਲਕੋਟ) ਜਹੇ ਸਾਧ ਡੇਰੇ ਵਿਚ ਪਸ਼ੂਆਂ ਦੀ ਸੇਵਾ ਵੀ ਕਰਦੇ ਅਤੇ ਪੰਜ ਪੱਤਰਿਆਂ ਦੇ ਪੰਝੀ ਪਾਠ ਵੀ ਕਰਦੇ।

"ਮੈਂ ਵੇਖਿਆ ਹੈ, ਹਾਲੀ ਫਾਲੀ, ਰਾਹੀ, ਵਾਹੀ ਵਾਲਾ ਤੇ ਬੀਬੀਆਂ ਤ੍ਰਿੰਝਣਾਂ ਵਿਚ, ਲੰਗਰ ਵਿਚ, ਕੱਤਦੀਆਂ, ਵੱਤਦੀਆਂ, ਸਿੱਖ ਸੁੱਤੇ ਜਾਗਦੇ ਪਾਠ ਕਰਦੇ ਸੀ। ਕਈਆਂ ਨੇ ਮਿਲੇ ਪੱਤਰੇ ਦਾ ਪਾਠ ਪੂਰਾ ਕਰ ਹੋਰ ਮੰਗ ਲਿਆ ਤੇ ਕਿਹਾ, ਵਿਹਲੇ ਰਹਿਣ ਨੂੰ ਹੁਣ ਹਿਰਦਾ ਮੰਨਦਾ ਨਹੀਂ। ਗੁਰਬਾਣੀ ਦਾ ਰਸ ਐਸਾ ਅੰਦਰ ਵੱਸ ਗਿਆ ਹੈ। ......ਸਤਿਗੁਰੂ ਜੀ ਹੋਲੇ ਤੇ ਭੀ ਸੁਣਾਇਆ ਸੀ ਜਿਵੇਂ ਲੁਧਿਆਣੇ ਤੇ ਸ਼ੇਖੂਪੁਰਾ ਦੇ ਜ਼ਿਲੇ ਦੇ ਸਿੱਖਾਂ ਪਾਠ ਪੂਰੇ ਕੀਤੇ ਹਨ, ਤਿਵੇਂ ਸਭ ਕਰੋ ........।"[੪੭]

ਸੰਤ ਜੀ ਨੇ ਇਸ ਵਿਸ਼ਾਲ ਗਰੰਥ ਵਿੱਚ ਸਮਕਾਲੀ ਸਿੰਘਾਂ ਦੇ ਬੜੇ ਸੰਖੇਪ ਰੇਖਾ ਚਿਤਰ ਵੀ ਪੇਸ਼ ਕੀਤੇ ਹਨ ਅਤੇ ਹੋਰਨਾਂ ਕਵੀਆਂ ਦੀਆਂ ਚੇਤਿਆਂ ਵਿੱਚ ਵੱਸਣ ਵਾਲੀਆਂ ਸਤਰਾਂ ਨੂੰ ਭੀ ਨਗੀਨਿਆਂ ਵਾਂਗ ਥਾਂ ਪਰ ਥਾਂ ਜੜਿਆ ਹੈ ਪਰ ਕਵਿਤਾ ਦਾ ਮਿਆਰ ਹਲਕਾ ਨਹੀਂ ਚੁਣਿਆ। ਭਾਈ ਜੰਗ ਸਿੰਘ ਬਿਲਗੇ ਬਾਰੇ ਥੋਹੜੇ ਸ਼ਬਦਾਂ ਵਿੱਚ ਹੀ ਕਿੰਨੀ ਭਰਪੂਰ ਜਾਣਕਾਰੀ ਲੇਖਕ ਪਰਦਾਨ ਕਰਦਾ ਹੈ। "ਸਤਿਗੁਰੂ ਜੀ ਫਲੌਰ ਦਰਸ਼ਨ ਦਿਤੇ। ਸੰਤ ਦਸੌਂਧਾ ਸਿੰਘ ਜੀ ਨਗਰ ਵਾਲਿਆਂ ਚਰਨੀ ਸੀਸ ਧਰ ਦੱਸਿਆ, ਜੰਗ ਸਿੰਘ ਬਿਲਗੇ ਦਾ ਖੋਜੀ ਚੜ੍ਹ ਗਿਆ ਹੈ।" ਸਤਿਗੁਰੂ ਜੀ ਹਉਕਾ ਭਰ ਬਚਨ ਕੀਤੇ ਕਿ ਜੰਗ ਸਿੰਘ ਦਿਲ ਤੇ ਗੁਣ ਵਾਲਾ ਸਿੱਖ ਸੀ ਤੇ ਕਿਹਾ, ਇਹ ਕਵੀ ਭੀ ਸੀ ਤੇ ਕਾਂਗਰਸ ਨਾਲ ਮਿਲ ਕੰਮ ਭੀ ਕਰਨ ਵਾਲਾ ਸੀ। ਤਿੱਖਾ ਪਾਠੀ ੩੫ ਮਿੰਟਾਂ ਵਿਚ ੫੦ ਪੱਤਰੇ ਕਰ ਲੈਂਦਾ ਸੀ। ਵੱਡੇ ਹਵਨ ਯੱਗ ਸਮੇਂ ਘੰਟੇ ਵਿਚ ੪੦ ਪਾਠ ਚੰਡੀ ਦੀ ਵਾਰ ਦੇ ਕਰਦਾ ਸੀ। ਭਾਵੇ ਕੱਦ ਛੋਟਾ ਸੀ ਪਰ ਸਰੂਪ ਗੋਰਾ, ਕੱਕਾ, ਤਿੱਖਾ ਪੁਖਤਾ ਤੇ ਸੋਹਣਾ ਸੀ। ਹਰ ਵਿਦਵਾਨ ਤੇ ਗੁਣੀ, ਬਲਵਾਨ ਦੀ ਕੋਈ ਜਹਾਨ ਤੇ ਯਾਦ ਰਹਿਣੀ ਚਾਹੀਦੀ ਹੈ। ਕਿਉਂਕਿ ਬੀਤਿਆਂ ਦੀਆਂ ਲੀਹਾਂ ਨਵੀਂ ਪਨੀਰੀ ਨੂੰ ਤਿਆਰ ਕਰਦੀਆਂ ਹਨ ਤੇ ਕਿਹੋ ਨੇ ਦੁਨੀਆਂ ਦਾਰ ਦਾ ਅੱਗਾ ਤੇ ਸਾਧਾਂ ਤੇ ਗੁਣੀਆਂ ਦਾ ਪਿੱਛਾ ਹੋਵੇ ਤਾਂ ਹੀ ਸੰਸਾਰ ਤੇ ਆਏ ਦਾ ਸਵਾਦ ਏ। ਜਿਵੇਂ ਆਖਦੇ ਹਨ :-

ਦੁਨੀਆਦਾਰ ਭਲਾ ਜਿਹਦਾ ਵਧੇ ਅੱਗਾ,
ਨੇਕ ਕਾਰ ਸਪੂਤ ਉਲਾਦ ਹੋਵੇ।
ਭਲਾ ਸੋਧ ਸੋਈ ਕੋਈ ਭਲੀ ਜਿਸ ਦੀ,
ਮੋਇਆਂ ਬਾਝ ਭੀ ਜੱਗ ਤੇ ਯਾਦ ਹੋਵੇ।"[੪੮]

ਸੂਬਾ ਮਸਤਾਨ ਸਿੰਘ ਜੀ ਰਾਇਸਰ (ਸੰਗਰੂਰ) ਵਾਲਿਆਂ ਤੋਂ ਸੁਣਿਆ ਬਚਨ ਬਾਰੇ ਲਿਖਿਆ ਹੈ। ਸੂਬਾ ਜੀ ਨੇ ਕਿਹਾ ਓਦੋਂ ਗੁਰੂ ਹਰੀ ਸਿੰਘ ਜੀ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਵਿਹਾਰ ਨਹੀਂ ਛੁਡਵਾਇਆ ਸੀ। ਉਹ ਰਾਇਸਰ ਗੱਡਾ ਲੈ ਕੇ ਆਏ ਅਤੇ ਮਸਤਾਨ ਸਿੰਘ ਹੋਰਾਂ ਵਲ ਸੁਨੇਹਾ ਭਿਜਵਾਇਆ, "ਭੈਣੀ ਸਾਹਿਬੋਂ ਇਕ ਤਰਖਾਣ ਹੈ ਜੋ ਆਪ ਨੂੰ ਮਿਲਣਾ ਚਾਹੁੰਦਾ ਹੈ।" "ਉਤਮ ਸਿੰਘ ਜੀ ਕਿਹਾ ਤੁਸੀਂ : ਘਰ ਕਿਉਂ ਨਾ ਆਏ......ਸਾਦਾ ਜਿਹਾ ਸੁਨੇਹਾ ਮੇਰੇ ਘਰ ਭੇਜਿਆ ਹੈ।" ਗੁਰੂ ਹਰੀ ਸਿੰਘ ਜੀ ਕਿਹਾ "ਮੈਂ ਸਤਿਗੁਰੂ ਜੀ ਦੇ ਪ੍ਰਤਾਪ ਦਾ ਐਵੇਂ ਕਿਉਂ ਫਾਇਦਾ ਉਠਾਵਾਂ ਮੈਂ ਤੇ ਸਾਦਾ ਤਰਖਾਣ ਹੀ ਹਾਂ।" ਇਹ ਸੁਣ ਸੰਤ ਉਤਮ ਸਿੰਘ ਜੀ ਨੇ ਜੱਫੀ ਗੁਰੂ ਜੀ ਨੂੰ ਪਾ ਲਈ ਤੇ ਕਿਹਾ "ਅਸੀਂ ਤਾਂ ਮਾਮੇ ਕੰਨੀਂ ਦੂਰ ਭਣੇਵਾਂ ਆਕੜੇ" ਬਣੇ ਫਿਰਦੇ ਹਾਂ।"[੪੯]

*(ਚਲਦਾ)*

## ਹਵਾਲੇ ਫੁਟ ਨੋਟ :-

੧੯ (੨-੨੫੧), ੨੦ (੨-੨੯੬), ੨੧ (੨-੨੯੮), ੨੨ (੨-੩੦੧), ੨੩ (੨-੩੦੯), ੨੪ (੨-੩੨੨), ੨੫ (੨-੩੨੮), ੨੬ (੨-੩੨੯), ੨੭ (੨-੩੩੫), ੨੮ (੨-੩੪੫), ੨੯ (੨-੩੬੨), ੩੦ (੨-੩੬੨), ੩੧ (੨-੩੭੯), ੩੨ (੨-੩੮੫), ੩੩ (ਮੰਜ਼ਿਲ ਦਿਸ ਪਈ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਸਫਾ-੧੩੬ ਤੋਂ ੧੩੯), ੩੪ (ਜੱਸ ਜੀਵਨ ਭਾਗ-੨-੪੦੪), ੩੫ (੨-੪੧੧), ੩੬ (੨-੪੧੮), ੩੭ (੨-੪੨੯), ੩੮ (੨-੪੪੩), ੩੯ (੨-੪੪੪), ੪੦ (ਭਾਗ-੩-੧੦), ੪੧ (੩-੧੭), ੪੨ (੩-੨੨), ੪੩ (੩-੨੫), ੪੪ (੩-੩੩), ੪੫ (੩-੩੮), ੪੬ (੩-੫੮, ੫੯), ੪੭ (੩-੧੭੩, ੧੭੪), ੪੮ (੩-੧੮੬), ੪੯ (੩-੨੧੨)



Sri Satguru Jagjit Singh Ji eLibrary NamdhariElibrary@gmail.com

# ਰਾਏਕੋਟ ਵਿਖੇ ਹੋਏ ਨਾਮਧਾਰੀ ਸ਼ਹੀਦ ਸਿੰਘਾਂ ਦਾ ਪ੍ਰਸੰਗ

*—ਸੁਰਜੀਤ ਸਿੰਘ ਜੀਤ (ਲੰਡਨ)*

ਡਾ. ਰਾਧਾ ਕ੍ਰਿਸ਼ਨਨ ਅਨੁਸਾਰ 'ਹਰ ਮਨੁੱਖ ਅੰਦਰ ਇਹ ਤੀਬਰ ਇੱਛਾ ਹੁੰਦੀ ਹੈ ਕਿ, ਉਸ ਵਲੋਂ ਨਾ ਕੇਵਲ ਜੀਵਨ ਜੀਵਿਆ ਜਾਏ, ਸਗੋਂ ਚੰਗੇਰਾ ਸੁੱਚੜਾ ਤੇ ਉਚੇਰਾ ਸੁਖੈਨ ਜੀਵਨ ਜੀਉਣ ਦਾ ਅਨੰਦ ਵੀ ਮਾਣਿਆ ਜਾਏ, ਇਹੋ ਇੱਛਾ ਮਨੁੱਖ ਅੰਦਰ 'ਧਰਮ' ਦੀ ਖੁਸ਼ਬੋ ਖਲੇਰਦੀ ਹੈ।

ਸਿੱਖ ਧਰਮ 'ਨਾਮ' ਅਤੇ 'ਗੁਰੂ' ਦਾ ਧਰਮ ਹੈ ਇਸ ਦੀ ਵਿਚਾਰਧਾਰਾ ਅਨੁਸਾਰ ਸੰਤ ਅਤੇ ਸੂਰਮਾ ਸੰਤ ਸਿਪਾਹੀ ਹੀ ਗੁਰਸਿੱਖ ਹੈ। ਗੁਰਸਿੱਖ (ਸੰਤ) ਪਦਵੀ ਨੂੰ ਪਹੁੰਚਿਆ ਮਨੁੱਖ ਪਹਿਲਾਂ ਜਦੋਂ ਧਰਮ-ਕਰਮ ਅਤੇ ਦੇਸ਼ ਕੌਮ ਦੀ ਰਖਿਆ ਲਈ ਜੂਝਦਾ ਹੋਇਆ ਸਿਰਫ ਆਪਣੇ ਸਰੀਰ ਅਤੇ ਪ੍ਰੀਵਾਰ ਦੇ ਪਾਲਣ ਪੋਸ਼ਣ ਤੋਂ ਉਪਰ ਉੱਠ ਮਨੁੱਖਤਾਂ ਲਈ ਪਰਉਪਕਾਰ ਕਰਦਾ ਹੈ ਅਤੇ ਜਦੋਂ ਦੁਨੀਆਂ ਵਿੱਚ ਉਪਦਰ ਵੱਧ ਜਾਂਦਾ ਹੈ, ਦੇਸ਼ ਕੌਮ ਉਪਰ ਬਾਹਰੀ ਹਮਲਾ ਹੁੰਦਾ ਹੈ ਜਾਂ ਮੈਦਾਨੇ ਜੰਗ ਵਿੱਚ 'ਗਗਨ ਦਮਾਮਾ ਬੱਜਦਾ ਹੈ' ਤਾਂ ਮੈਦਾਨ ਵਿੱਚ ਜੂਝਦਾ ਹੈ।

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥**
**ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਚਾਉ॥੮॥**

ਪਹਿਲਾ ਸੂਰਮਾ ਉਹ ਹੈ ਜੋ ਦੁਨੀਆਂ ਵਿੱਚ ਰਹਿੰਦਾ ਹੋਇਆ ਸਾਰੇ ਤਰ੍ਹਾਂ ਦੇ ਭੋਗ ਭੋਗਦਾ ਆਪਣੀਆਂ ਸਾਰੀਆਂ ਵਾਸ਼ਨਾਵਾਂ ਉਪਰ ਕਾਬੂ ਪਾ ਲਵੇ ਅਤੇ ਇਹ ਵਾਸ਼ਨਾਵਾਂ ਉਸ ਨੂੰ ਨਾਂ ਭੋਗਣ ਸਗੋਂ ਉਹ ਕਾਮ-ਕ੍ਰੋਧ ਆਦਿ ਉਪਰ ਜ਼ਬਤ ਰਖੇ; ਉਹ ਵੀ ਸੂਰਮਾ ਹੁੰਦਾ ਹੈ ਜਿਹੜਾ ਆਪਣੇ ਮਨ ਸ਼ੁਭ ਕਰਮਾਂ ਤੋਂ ਹਟਣ ਨਾਂ ਦੇਵੇ ਮਾੜੀਆਂ ਬਿਰਤੀਆਂ ਵਲੋਂ ਮਨ ਨੂੰ ਹੋੜ ਕੇ ਰਖੇ। ਹਮੇਸ਼ਾ ਹੀ ਸੱਚ ਬੋਲੇ, ਸੱਚ ਉਪਰ ਪਹਿਰਾ ਦੇਵੇ, ਨਿੰਦਿਆ ਚੁਗਲੀ ਤੋਂ ਸਦਾ ਹੀ ਮਨ ਨੂੰ ਬਚਾ ਕੇ ਰਖੇ।

ਗੁਰਸਿੱਖ ਆਪਣੇ ਪਿਆਰੇ ਸਤਿਗੁਰੂ ਜੀ ਦੀ ਰਜ਼ਾ ਵਿੱਚ ਰਹਿਣ ਵਾਲੇ ਪਰਉਪਕਾਰੀ ਜਨ, ਜੀਵਨ ਦਾਨ ਕਰ, ਅਮਰ ਸ਼ਹੀਦਾਂ ਦੀ ਕਤਾਰ ਵਿੱਚ ਸ਼ਾਮਲ ਹੋ ਕੇ ਸਤਿਕਾਰ ਅਤੇ ਪਿਆਰ ਦੇ ਪਾਤਰ ਬਣ ਜਾਂਦੇ ਹਨ। ਅਜਿਹੇ ਹੀ ਗੁਰਸਿੱਖਾਂ ਤੇ ਸ਼ਹੀਦਾਂ ਦੇ ਚਰਨਾਂ 'ਚ ਸ਼ਰਧਾ ਦੇ ਫੁੱਲ ਅਸੀਂ ਸਦਾ ਹੀ ਚੜਾਉਂਦੇ ਹਾਂ ਅਤੇ ਇਹ ਮਰਜੀਵੜੇ ਗੁਰੂ ਚਰਨਾਂ 'ਚ ਜਾਣ ਲਈ ਸਦਾ ਤੱਤਪਰ ਰਹਿੰਦੇ ਹਨ।

ਸਿੱਖ ਇਤਿਹਾਸ 'ਸ਼ਹੀਦਾਂ ਦੀ ਗਾਥਾ' ਹਜ਼ਾਰਾਂ ਸ਼ਹੀਦਾਂ ਤੇ ਮਹਾਨ ਗੁਰਮੁੱਖ ਹਸਤੀਆਂ ਦੀਆਂ ਅਦੁੱਤੀ ਕੁਰਬਾਨੀਆਂ ਦੇ ਰੂਪ ਵਿੱਚ ਸ਼ਹੀਦਾਂ ਦੀ ਅਮਰ ਕੀਰਤੀ ਦਾ ਜੱਸ ਬਖਾਨ ਕਰਦਾ ਹੈ। ਅੰਗਰੇਜ ਸਰਕਾਰ ਨੇ ਪੰਜਾਬ ਉਪਰ ਕਾਬਜ਼ ਹੁੰਦਿਆਂ ਸਿੰਘਾਂ ਦੇ ਧਾਰਮਿਕ ਜ਼ਜਬਿਆਂ ਦੀ ਕਦਰ ਕਰਦਿਆਂ ਪਵਿਤਰ ਗੁਰਦੁਆਰਿਆਂ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ੨੪ ਮਾਰਚ ੧੮੪੭ ਈ. ਨੂੰ ਸਰ ਹੈਨਰੀ ਐਮ. ਲਾਰੈਂਸ (Mr. H.M. Lawrance) ਨੇ ਇਕ ਤਾਂਬੇ ਦੀ ਪਲੇਟ ਲਿਖ ਅੰਮ੍ਰਿਤਸਰ (ਦਰਬਾਰ ਸਾਹਿਬ ਘੰਟਾ ਘਰ ਵੱਲ ਦੇ ਪਾਸੇ) ਵਿਖੇ ਲਗਾਈ ਸੀ ਜਿਸ ਉਪਰ ਲਿਖਿਆ ਸੀ :- "Kine Are Not To be killed at amritsar"

(24th March 1847 By. Sr. H.M. Lawrance)

ਪ੍ਰੰਤੂ ਜਿਵੇਂ ਹੀ ਅੰਗਰੇਜੀ ਸਰਕਾਰ ਦਾ ਪੰਜਾਬ ਉਪਰ ਪੂਰੀ ਤਰਾਂ ਕਬਜ਼ਾ ਹੋ ਗਿਆ ਤਿਵੇਂ ਹੀ ਅੰਮ੍ਰਿਤਸਰ ਦੀ ਪਵਿਤਰ ਭੂਮੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਨਾਲ ਲਗਦੇ ਸਥਾਨ ਉਤੇ ਵੀ ਬੁਚੜਖਾਨਾ ਖੋਹਲ ਦਿਤਾ ਗਿਆ। ਖਾਲਸਾ ਰਾਜ ਸਮੇਂ ਪੰਜਾਬ ਵਿੱਚ ਬੁਚੜਖਾਨੇ ਖੋਹਲਣ ਦੀ ਸਖਤ ਮਨਾਹੀ ਸੀ ਸ਼ਹਿਰ ਤੋਂ ਬਾਹਰ ਵਾਰ ਅਤੇ ਵਸੋਂ ਤੋਂ ਦੂਰ ਪਸ਼ੂ-ਬੱਧ ਕੀਤਾ ਜਾਂਦਾ ਸੀ ਗਊ ਹਤਿਆ ਮੁਕੰਮਲ ਤੌਰ ਤੇ ਬੰਦ ਸੀ। ਪੰਜਾਬ ਵਿੱਚ ਬਰਤਾਨਵੀ ਹਕੂਮਤ ਸਥਾਪਤ ਹੋਣ ਨਾਲ ਹੀ ਹਿੰਦ ਵਾਇਸਰਾਏ ਨੇ ੫ ਮਈ ੧੮੪੯ ਈ. ਨੂੰ ਇਕ ਐਲਾਨ ਜਾਰੀ ਕਰ ਦਿਤਾ ਜਿਸ ਦੇ ਅਨੁਸਾਰ ਸਾਰੇ ਪੰਜਾਬ ਵਿੱਚ ਗਊ ਦਾ ਮਾਸ ਵੇਚਣ ਦੀ ਕਾਨੂੰਨਨ ਖੁੱਲ ਦੇ ਦਿਤੀ। ਇਸ ਤੋਂ ਪਹਿਲਾਂ ਗੁਰੂ ਰਾਮ ਸਿੰਘ ਜੀ ਨੇ ਜਦੋਂ ੧੮੩੪ ਈ. ਵਿੱਚ ਲੁਧਿਆਣੇ ਖੁਲੇ ਮਿਸ਼ਨਰੀ ਸੈਂਟਰ ਨੂੰ ਵੇਖਿਆ ਪਾਦਰੀ ਨਾਲ ਹੋਈ ਬਹਿਸ ਤੋਂ ਬਾਅਦ ਆਪ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਲੈ ਲਈ ਜਿਥੇ ਆਪ ਜੀ ਗੁਰਸਿੱਖ ਫੌਜੀਆਂ ਨਾਲ ਮਿਲ 'ਭਾਈਆਂ ਦੀ ਰਜਮੈਂਟ' ਵਿੱਚ ਸ਼ਾਮਲ ਸਨ। ਇਹਨਾਂ ਵਿਚੋਂ ਬਹੁਤੇ ਰਾਜ ਖੁੱਸਣ ਤੋਂ ਬਾਅਦ ਖਾਲਸਾ ਰਾਜ ਦੀ ਮੁੜ ਸਥਾਪਤੀ ਲਈ ਜੂਝਦੇ ਰਹੇ। ਆਪ ਜੀ ਨੇ ੧੮੫੭ ਈ. ੧੨ ਅਪਰੈਲ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਚਲਾਈ ਅੰਮ੍ਰਿਤ ਮਰਯਾਦਾ ਨੂੰ ਮੁੜ ਸੁਰਜੀਤ ਕਰ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸਾ ਪੰਥ ਦੀ ਸਾਜਨਾ ਕੀਤੀ। ਦੂਸਰੇ ਪਾਸੇ ਅੰਗਰੇਜੀ ਸਰਕਾਰ ਨੇ ਪੱਛਮੀ ਵਿਦਿਆ ਦੇ ਪ੍ਰਚਾਰ ਰਾਹੀਂ ਪੱਛਮੀ ਸਭਿਅਤਾ ਅਤੇ ਧਰਮਾਂ ਦੀ ਪਾਲ ਚਾੜਨੀ ਸ਼ੁਰੂ ਕਰ ਦਿਤੀ।

ਗੁਲਾਮ ਮੁਲਕ ਵਿਚ ਜਦੋਂ ਦੇਸ਼ ਭਗਤ (ਧਰਮੀ) ਸ਼ਹੀਦਾਂ ਦਾ ਖੂਨ ਡੁਲਦਾ ਹੈ ਤਦ ਕੌਮਾਂ ਵਿਚ ਜਾਗ੍ਰਤੀ ਆ ਕੇ ਗੁਲਾਮ ਕੌਮਾਂ ਦੀ ਤਸਵੀਰ ਤੇ ਤਕਦੀਰ ਬਦਲ ਜਾਂਦੀ ਹੈ। ਜਦੋਂ ਹੀ ਧਰਮ ਦੀ ਗਿਲਾਨੀ ਹੁੰਦੀ ਹੈ ਤਦ ਧਰਮੀ ਜੋਧੇ



Sri Satguru Jagjit Singh Ji eLibrary NamdhariElibrary@gmail.com

ਸ਼ਹੀਦੀ ਜਾਮੇ ਪਾ ਕੇ ਮੈਦਾਨੇ ਜੰਗ ਵਿਚ ਆ ਜਾਂਦੇ ਹਨ। ਪਿੰਡ ਰਾਏਕੋਟ ਜ਼ਿਲ੍ਹਾ ਲੁਧਿਆਣਾ ਤੋਂ ੫੦ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਇਥੇ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਲੋਕ ਵਸਦੇ ਸਨ। ੧੮੬੧ ਸੰਮਤ ਬਿਕ੍ਰਮੀ ਵਿਚ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਜੰਗ ਤੋਂ ਬਾਅਦ ਇਸ ਪਿੰਡ ਦੇ ਇਕ ਜ਼ਿਮੀਂਦਾਰ ਰਾਏ ਕੱਲੇ ਦੇ ਘਰ ਦਰਸ਼ਨ ਦਿੱਤੇ ਸਨ। ਵਾਕਿਆ ਇਵੇਂ ਹੈ ਕਿ ਗੁਰੂ ਜੀ ਨੇ ਪਿੰਡ ਦੇ ਪੱਛਮੀ ਭਾਗ ਵਿਚ ਕਿਸੇ ਘਰ ਚਰਨ ਪਾਏ। ਪਿੰਡ ਦੇ ਸਰਦਾਰ ਰਾਏ ਕੱਲਾ ਦੇ ਮਨ ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਘ ਹੋਈ। ਉਸ ਅਹਿਲਕਾਰ ਭੇਜ ਦਰਸ਼ਨਾਂ ਲਈ ਅਰਜ਼ ਬੇਨਤੀ ਕੀਤੀ ਸਤਿਗੁਰਾਂ ਫੁਰਮਾਇਆ ਕਿ 'ਉਹ ਤਾਂ ਬਾਦਸ਼ਾਹ ਦੇ ਬਾਗੀ ਹਨ'। ਰਾਏ ਕੱਲੇ ਨੇ ਹਕੂਮਤ ਦੀ ਕੋਈ ਪ੍ਰਵਾਹ ਨਾ ਕੀਤੀ, ਸਤਿਗੁਰੂ ਜੀ ਨੂੰ ਘਰ ਲੈ ਗਿਆ। ਗੁਰੂ ਜੀ ਕੁਝ ਚਿਰ ਇਥੇ ਠਹਿਰੇ। ਇਥੋਂ ਹੀ ਸਤਿਗੁਰੂ ਜੀ ਦੇ ਹੁਕਮ ਨਾਲ ਕੱਲ੍ਹੇ ਰਾਏ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪਤਾ ਕਰਨ ਵਾਸਤੇ ਮਾਹੀ ਨੂੰ ਸਰਹਿੰਦ ਭੇਜਿਆ, ਜਿਸ ਨੇ ਆ ਕੇ ਉਥੋਂ ਦਾ ਸਾਰਾ ਹਾਲ ਗੁਰੂ ਜੀ ਨੂੰ ਸੁਣਾਇਆ। ਰਾਏ ਕੱਲ੍ਹੇ ਨੇ ਗੁਰੂ ਜੀ ਨੂੰ ੧ ਕੀਮਤੀ ਘੋੜਾ, ੧੦੧ ਮੋਹਰਾਂ ੧ ਦੁਸ਼ਾਲਾ, ੧ ਢਾਲਾ, ੧ ਤਲਵਾਰ ਡੱਬੀ ਬੰਦ ਭੇਟ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨਿਸ਼ਾਨੀ (ਯਾਦ) ਵਜੋਂ ੧ ਗੰਗਾ ਸਾਗਰ ੧ ਪੰਜ ਕਲਾ ਸ਼ਸਤਰ ਅਤੇ ਕਮਰ ਕਸਾ (ਨਾਲੇ ਦਾ) ਬਖਸ਼ੀਸ਼ ਦੇ ਕੇ ਰਾਏ ਕੱਲ੍ਹੇ ਨੂੰ ਕ੍ਰਿਤਾਰਥ ਕੀਤਾ।

ਇਸ ਪਵਿੱਤਰ ਅਸਥਾਨ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛਹੁ ਪ੍ਰਾਪਤ ਗੁਰਦੁਆਰੇ ਦੇ ਨਜ਼ਦੀਕ ਹੀ ਪੰਜਾਬ ਸਰਕਾਰ ਦੇ ਇਕ ਅੰਗਰੇਜ਼ ਅਧਿਕਾਰੀ ਮਿਸਟਰ ਰਿਕਟਸ ਨੇ ਬੁੱਚੜਾਂ ਨੂੰ ਪਸ਼ੂ ਬੱਧ ਤੇ ਗਊ ਹਤਿਆ ਕਰਨ ਦੀ ਖੁੱਲ੍ਹ ਦੇ ਦਿੱਤੀ। ਬੁੱਚੜ ਲੋਕ ਦਿਨ ਦਿਹਾੜੇ ਪਸ਼ੂ ਬੱਧ ਕਰਦੇ ਅਤੇ ਜਾਨਵਰ ਹੱਡੀਆਂ ਮਾਸ ਬੋਟੀਆਂ ਗੁਰੂ ਜੀ ਦੇ ਪਵਿੱਤਰ ਅਸਥਾਨ ਦੀਆਂ ਦੀਵਾਰਾਂ ਉੱਪਰ ਬੈਠ ਇਧਰ ਓਧਰ ਗੰਦ ਖਿਲਾਰਦੇ ਰਹਿੰਦੇ ਸਨ। ਪੱਛਮੀ ਮੁਲਕਾਂ ਵਿਚ ਵੀ ਬੁਚੜਖਾਨੇ ਅਤੇ ਬੁੱਚੜ ਅਜਿਹੇ ਅਸੱਭਿਅਕ ਢੰਗ ਦਾ ਵਰਤਾਰਾ ਨਹੀਂ ਕਰਦੇ ਭਾਵੇਂ ਇਥੇ ਮਾਸਾਹਾਰੀਆਂ ਦੀ ਗਿਣਤੀ ਜ਼ਿਆਦਾ ਹੈ। ਪ੍ਰੰਤੂ ਭਾਰਤ ਵਿਚ ਲੋਕਾਂ ਦੀਆਂ 'ਦਇਆ ਧਰਮ' ਵਾਲੀਆਂ ਭਾਵਨਾਵਾਂ ਦਾ ਦਿਨ ਦਿਹਾੜੇ ਮਜ਼ਾਕ, ਹਰ ਧਾਰਮਿਕ ਅਸਥਾਨ ਦੇ ਨੇੜੇ ਉੜਾਇਆ ਜਾਣ ਲੱਗ ਪਿਆ। ਸ਼ਰੇਆਮ ਬਜ਼ਾਰਾਂ ਵਿਚ ਮਾਸ ਵੇਚਿਆ ਜਾਣ ਲੱਗ ਪਿਆ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਜਿਸ ਦੀ ੮੦% ਆਬਾਦੀ ਅੱਜ ਵੀ ਖੇਤੀਬਾੜੀ ਤੇ ਨਿਰਭਰ ਹੈ ਉਸ ਸਮੇਂ ੯੦% ਖੇਤੀਬਾੜੀ ਪਸ਼ੂ ਧਨ ਤੇ ਨਿਰਭਰ ਕਰਦੀ ਸੀ। (ਅੱਜ ਭਾਵੇਂ ਇਹ ਨਫਰੀ ੬੦% ਹੋ ਗਈ ਹੈ) ਜਿਸ ਕਰਕੇ ਉਸ ਸਮੇਂ ਪਸ਼ੂ ਬੱਧ ਭਾਰਤੀ ਅਰਥਚਾਰੇ ਉੱਪਰ ਵੱਡਾ ਹਮਲਾ ਸੀ ਅਤੇ ਵਿਦੇਸ਼ੀ ਤਕਨੀਕੀ ਵਸਤਾਂ ਰਾਹੀਂ ਵੀ ਭਾਰਤੀ ਅਰਥਚਾਰੇ ਦਾ ਕਾਫੀ ਨੁਕਸਾਨ ਕੀਤਾ ਜਾ ਰਿਹਾ ਸੀ। ਇਸੇ ਕਰਕੇ ਹੀ ਨਾਮਧਾਰੀ ਸਿੰਘਾਂ ਨੇ 'ਕੂਕਾ ਲਹਿਰ' ਦੇ ਨਾਮ ਨਾਲ ਪ੍ਰਸਿੱਧ ਆਜ਼ਾਦੀ ਦੀ ਪਹਿਲੀ ਜੰਗ ਦਾ ਸੰਘਰਸ਼ ਅਰੰਭ ਕਰ ਦਿੱਤਾ ਸੀ। ਭਾਰਤ ਵਿਚ ਅੰਗਰੇਜ਼ੀ ਰਾਜ ਦੀ ਸ਼ੁਰੂਆਤ Trade Follow The Crown And Crown Follow The Cross ਨਾਲ ਸ਼ੁਰੂ ਹੋਈ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਅਤੇ 'ਅਬਚਨਿ ਰਾਜ-ਨਾਨਕ ਰਾਜ' ਦੇ ਸਿੰਘਾਂ ਲਈ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਅਸਥਾਨ ਦੀ ਬੇਅਬਦੀ ਸਹਾਰਨੀ ਬਹੁਤ ਕਠਨ ਹੋ ਗਈ। ਪਿੰਡ ਪਿਥੋ ਦੇ ਤਿੰਨ ਨਾਮਧਾਰੀ ਸਿੰਘ: ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਤੇ ਸੰਤ ਗੁਰਮੁਖ ਸਿੰਘ ਨੇ ਪਿੰਡ ਤਾਜਪੁਰ ਬੈਠ ਵਿਉਂਤ ਬਣਾਈ ਆਪਣੇ ਕੋਲ ਗੁਰਦੁਆਰੇ ਦੀ ਪਵਿੱਤਰਤਾ ਨੂੰ ਬਚਾਣ ਲਈ ਲੋੜੀਂਦੇ ਹਥਿਆਰ ਇਕੱਠੇ ਕਰ ਲਏ, ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਆਪਣੀ ਮੰਜ਼ਿਲ ਵੱਲ ਤੁਰ ਪਏ। ੧੫ ਜੁਲਾਈ ੧੮੭੧ ਈ. ਦੀ ਰਾਤ ਨੂੰ ਇਸ ਪਵਿੱਤਰ ਗੁਰਦੁਆਰੇ ਨਜ਼ਦੀਕ ਬਣੇ ਬੁਚੜਖਾਨੇ ਉੱਪਰ ਧਾਵਾ ਬੋਲ ਦਿੱਤਾ, ਜਿਨ੍ਹਾਂ ਜਾਨਵਰਾਂ ਦੀਆਂ ਜਾਨਾਂ ਬਚਾਉਣ ਆਏ ਸਿੰਘਾਂ ਦਾ ਰਸਤਾ ਰੋਕਿਆ, ਉਨ੍ਹਾਂ ਦਾ ਵੀ ਸਫਾਇਆ ਕਰ ਦਿੱਤਾ, ਜਾਨਵਰਾਂ ਅਤੇ ਗਊਆਂ ਦੇ ਰੱਸੇ ਖੋਲ੍ਹ ਦਿੱਤੇ ਅਤੇ ਗੁਰਦੁਆਰੇ ਦੇ ਆਲੇ ਦੁਆਲੇ ਸਫਾਈ ਕਰਕੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਕਰ ਸ਼ਾਂਤੀ ਸਥਾਪਤ ਕੀਤੀ। ਇਹ ਤਿੰਨੋ ਸਿੰਘ ਪਿੱਥੋ ਰਿਆਸਤ ਪਟਿਆਲਾ ਨੂੰ ਚੱਲ ਪਏ ਅਤੇ ਰਸਤੇ ਵਿਚ ਛੀਨੀਵਾਲ ਦੱਲੂ ਨੂੰ ਹਥਿਆਰ ਵਾਪਿਸ ਕਰ ਦਿੱਤੇ ਅਤੇ ਉਸ ਨੇ ਉਨ੍ਹਾਂ ਹਥਿਆਰਾਂ ਨੂੰ ਜ਼ਮੀਨ ਵਿਚ ਦੱਬ ਦਿੱਤਾ। ਇਨ੍ਹਾਂ ਕਾਤਲਾਂ ਦੀ ਭਾਲ ਕਰਨ ਲਈ ਅੰਗਰੇਜ਼ ਸਰਕਾਰ ਨੇ ੧੦੦੦/- ਰੁਪਏ ਦਾ ਇਨਾਮ ਦੇਣ ਦਾ ਐਲਾਨ ਕਰ ਦਿੱਤਾ। ਇਸ ਇਨਾਮ ਦੇ ਲਾਲਚ ਵਿਚ ਆ ਕੇ ਪਿੰਡ ਛੀਨੀਵਾਲ ਦੇ ਦੱਲ ਸਿੰਘ (ਦੱਲੂ) ਅਤੇ ਪਿੰਡ ਮੜ੍ਹਾਣੇ ਦੇ ਗੁਲਾਬ ਸਿੰਘ (ਗਲਾਬੂ) ਨੇ ਪੁਲੀਸ ਦੇ ਮੁਖਬਰ ਵਾਇਦਾ ਮੁਆਫ ਗੁਆਹ ਬਣ ਗਏ। ਅੰਤ ਵਿਚ ਸਿੰਘਾਂ ਨੂੰ ਫੜ ਲਿਆ ਗਿਆ, ੨੭ ਜੁਲਾਈ ੧੮੭੧ ਨੂੰ ਸੈਸ਼ਨ ਜੱਜ ਨੇ ਮਸਤਾਨ ਸਿੰਘ, ਗੁਰਮੁਖ ਸਿੰਘ, ਮੰਗਲ ਸਿੰਘ (ਪਿੱਥੋ ਪਿੰਡ ਵਾਸੀਆਂ) ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ੫ ਅਗਸਤ ਨੂੰ ਬੁਚੜਖਾਨੇ ਦੇ ਨੇੜੇ ਹੀ ਇਲਾਕੇ ਵਿਚ ਦਹਿਸ਼ਤ ਫੈਲਾਣ ਲਈ ਸੂਰਜ ਚੜ੍ਹਨ ਸਮੇਂ ਸ਼ਰੇਆਮ ਲੋਕਾਂ ਦੇ ਸਾਹਮਣੇ ਫਾਂਸੀ ਦੇ ਕੇ ਇਨ੍ਹਾਂ ਤਿੰਨਾਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਅੰਗਰੇਜ਼ੀ ਸਰਕਾਰ ਦਾ ਗੁੱਸਾ ਠੰਡਾ ਨਹੀਂ ਸੀ ਹੋਇਆ। ਉਹ ਲੋਕਾਂ ਵਿਚ ਦਹਿਸ਼ਤ ਪਾ ਕੇ ਆਪਣੀ ਹਕੂਮਤ ਦੀ ਧਾਂਕ ਜਮਾਉਣਾ ਚਾਹੁੰਦੇ ਸਨ। ਪੁਲਿਸ ਦੇ ਡਰਾਉਣ ਧਮਕਾਉਣ ਤੇ ਦੱਲ ਸਿੰਘ (ਦੱਲੂ) ਨੇ ਸੂਬਾ ਗਿਆਨੀ (ਰਤਨ) ਸਿੰਘ ਅਤੇ ਰਤਨ ਸਿੰਘ ਨਾਈ ਵਾਲੇ



Sri Satguru Jagjit Singh Ji eLibrary NamdhariElibrary@gmail.com

ਦਾ ਵੀ ਨਾਮ ਲੈ ਦਿੱਤਾ ਕਿ ਇਹ ਵੀ ਕਾਤਲਾਂ ਵਿਚ ਸ਼ਾਮਲ ਸਨ। ਉਸ ਦੇ ਕਹਿਣ ਤੇ ਪੁਲਿਸ ਇਨ੍ਹਾਂ ਨੂੰ ਵੀ ਗ੍ਰਿਫਤਾਰ ਕਰਕੇ ਲੁਧਿਆਣੇ ਲੈ ਗਈ ਇਹ ਬਿਲਕੁਲ ਨਿਰਦੋਸ਼ ਸਨ, ਪਰ ਇਨ੍ਹਾਂ ਉੱਪਰ ਇਲਜ਼ਾਮ ਇਹ ਲਾਇਆ ਗਿਆ ਕਿ ਇਨ੍ਹਾਂ ਨੇ ਭਾਵੇਂ ਬੁੱਚੜ ਨਹੀਂ ਮਾਰੇ ਪਰ ਬੁੱਚੜ ਮਾਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਕੇ ਬੁੱਚੜ ਮਾਰਨ ਲਈ ਪ੍ਰੇਰਿਆ। ਇਨ੍ਹਾਂ ਸੂਰਬੀਰ ਸ਼ਹੀਦਾਂ ਨੂੰ ੨੬ ਨਵੰਬਰ ੧੮੭੧ ਈ. ਨੂੰ ਲੁਧਿਆਣਾ ਵਿਖੇ ਕੇਂਦਰੀ ਜੇਲ ਦੇ ਬਾਹਰ ਫਾਂਸੀ ਦਿੱਤੀ ਗਈ।

**ਸਿੰਘਾਂ ਦੇ ਨਾਮ ਪਤੇ ਅਤੇ ਜਾਣਕਾਰੀ—**

੧. ਸ. ਗੁਰਮੁਖ ਸਿੰਘ-ਪਿਤਾ ਦਾ ਨਾਮ ਸ. ਮੇਹਰ ਸਿੰਘ ਅਤੇ ਮਾਤਾ ਦਾ ਨਾਮ ਮਾਤਾ ਅਤਰ ਕੌਰ ਸੀ। ਇਨ੍ਹਾਂ ਦਾ ਗੋਤ ਭੁੱਲਰ ਸੀ ਅਤੇ ਇਨ੍ਹਾਂ ਦਾ ਪਿੰਡ ਪਿਥੋ ਸੀ। ਇਹ ਸਿਰਫ ੩੦ ਸਾਲ ਦੀ ਉਮਰ ਦੇ ਨੌਜਵਾਨ ਗਭਰੂ ਸਨ ਜਿਨ੍ਹਾਂ ਦੇ ਆਪਣਾ ਜੀਵਨ ਜੁਆਨੀ ਦੀ ਅਵਸਥਾ ਵਿਚ ਹੀ ਦੇਸ਼ ਕੌਮ ਅਤੇ ਧਰਮ ਬਚਾਉਣ ਖਾਤਰ ਵਾਰ ਦਿੱਤਾ।

੨. ਸ. ਮਸਤਾਨ ਸਿੰਘ-ਆਪ ਦੇ ਪਿਤਾ ਦਾ ਨਾਮ ਕਿਸ਼ਨ ਸਿੰਘ ਅਤੇ ਮਾਤਾ ਖੇਮ ਕੌਰ ਸੀ ਇਹ ਵੀ ਭੁੱਲਰ ਗੋਤ ਦੇ ਸਨ। ਇਨ੍ਹਾਂ ਦੀ ਆਯੂ ਸਿਰਫ ੨੨ ਸਾਲ ਦੀ ਹੀ ਸੀ। ਇਨ੍ਹਾਂ ਨੇ ਵੀ ਚੜ੍ਹਦੀ ਜਵਾਨੀ ਵਿਚ ਹੀ ਸ਼ਹੀਦੀ ਪ੍ਰਾਪਤ ਕਰ ਨੌਜਵਾਨ ਸਰੀਰ ਦਾ ਬਲੀਦਾਨ ਦੇ ਦਿੱਤਾ।

੩. ਸ. ਮੰਗਲ ਸਿੰਘ ਆਪ ਜੀ ਦੇ ਪਿਤਾ ਸ. ਦੌਲਤ ਸਿੰਘ ਅਤੇ ਮਾਤਾ ਰੱਤੀ ਜੀ ਸਨ। ਇਨ੍ਹਾਂ ਦਾ ਗੋਤ ਵੀ ਭੁੱਲਰ ਸੀ। ਇਹ ਵੀ ਨੌਜਵਾਨ ੨੮ ਸਾਲਾਂ ਦੇ ਸਨ ਜਦੋਂ ਇਨ੍ਹਾਂ ਖਿੜੇ ਮੱਥੇ ਸ਼ਹਾਦਤ ਪ੍ਰਵਾਨ ਕਰ ਲਈ ਅਤੇ ਅਮਰ ਹੋ ਗਏ।

੪. ਸ. ਰਤਨ ਸਿੰਘ-ਆਪ ਜੀ ਦੇ ਪਿਤਾ ਸ. ਬੁੱਧ ਸਿੰਘ ਜੀ ਸਨ। ਆਪ ਜੀ ਪਿੰਡ ਨਾਈਵਾਲ ਦੇ ਰਹਿਣ ਵਾਲੇ ਸਨ। ਇਹ ਵੀ ੨੮ ਸਾਲ ਦੇ ਨੌਜਵਾਨ ਗਭਰੂ ਸਨ ਜਦੋਂ ਸ਼ਹੀਦ ਹੋਏ।

੫. ਸੂਬਾ ਗਿਆਨੀ ਰਤਨ ਸਿੰਘ ਜੀ-ਕਈ ਜਗ੍ਹਾ ਇਨ੍ਹਾਂ ਦਾ ਨਾਮ ਗਿਆਨੀ ਸਿੰਘ ਕਰਕੇ ਵੀ ਮਸ਼ਹੂਰ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਸ੍ਰੀ ਰਾਮ ਕ੍ਰਿਸ਼ਨ ਅਤੇ ਮਾਤਾ ਦਾ ਨਾਮ ਰਾਮਪੁਰੀ ਜੀ ਸੀ। ਇਹ ਮੌਰੀ ਪਿੰਡ ਮੰਡੀ ਵੱਡੀ ਰਿਆਸਤ ਪਟਿਆਲਾ ਦੇ ਜੱਟ ਸਿੱਖ ਸਨ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ ਪਿਤਾ ਜੀ ਸਵਰਗਪੁਰੀ ਸਿਧਾਰ ਗਏ ਸਨ। ਇਹ ੩੫ ਸਾਲ ਦੇ ਨੌਜਵਾਨ ਸਨ ਜਦੋਂ ਇਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ।

ਆਪ ਜੀ ਨੂੰ ਗਿਆਨੀ ਸਿੰਘ ਕਰਕੇ ਪੁਕਾਰਿਆ ਜਾਂਦਾ ਸੀ। ਇਨ੍ਹਾਂ ਦੇ ਅਧਿਆਤਮਕ ਅਤੇ ਆਤਮਿਕ ਉੱਚ ਜੀਵਨ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਜੀ ਨੂੰ ਨਾਮਧਾਰੀ ਪੰਥ ਦੇ ਪਹਿਲੇ ਥਾਪੇ ੨੨ ਸੂਬਿਆਂ ਵਿਚ ਸ਼ਾਮਲ ਕਰ ਸਤਿਕਾਰ ਦਿੱਤਾ ਸੀ। ਸੂਬਾ ਗਿਆਨੀ ਰਤਨ ਸਿੰਘ ਜੀ ਬੜੇ ਫੁਰਤੀਲੇ ਅਤੇ ਤੇਜ਼ ਬੁੱਧੀ ਵਾਲੇ ਸਨ। ਜਿਸ ਕਰਕੇ ਸਤਿਗੁਰੂ ਜੀ ਵਲੋਂ ਸੂਬਿਆਂ ਨੂੰ ਦਿੱਤੀਆਂ ਜ਼ਿੰਮੇਵਾਲੀਆਂ ਬਹੁਤ ਹੀ ਚੇਤੰਨਤਾ ਨਾਲ ਨਿਭਾਉਂਦੇ ਸਨ। ਜਦੋਂ ਇਹ ਫਾਂਸੀ ਦੇ ਤਖਤੇ ਤੇ ਚੜ੍ਹਨ ਲੱਗੇ ਤਦ ਅੰਗਰੇਜ਼ ਅਫਸਰ ਦਾ ਦਿਲ ਬਹੁਤ ਦੁਖਿਆ। ਉਹ ਇਹ ਦਰਦ ਭਰਿਆ ਸੀਨ ਨਾ ਦੇਖ ਸਕਿਆ ਅਤੇ ਪਿੱਠ ਕਰ ਖਲੋ ਗਿਆ ਤਦ ਦਲੇਰ, ਵਰਿਆਮ ਸੂਬਾ ਗਿਆਨੀ ਰਤਨ ਸਿੰਘ ਜੀ ਨੇ ਕਿਹਾ, "ਓਏ ਬਿਲਿਆ ਤੂੰ ਮੇਰੇ ਵੱਲ ਪਿੱਠ ਕਰਕੇ ਕਿਉਂ ਖਲੋਤਾ ਹੈਂ ? ਮੂੰਹ ਤਾਂ ਮੇਰੇ ਸਾਹਮਣੇ ਰੱਖ ਇਹ ਕੰਮ ਇਥੇ ਹੀ ਨਹੀਂ ਮੁੱਕ ਚਲਿਆ। ਫਿਰ ਕਿਸੇ ਬਹਾਦਰ ਜੱਟੀ ਦੇ ਪੇਟੋਂ ਜਨਮ ਲੈ ਉਦੋਂ ਤੱਕ ਜਨਮ ਲੈਂਦੇ ਰਵਾਂਗੇ ਅਤੇ ਫਰੰਗੀ ਸਰਕਾਰ ਨੂੰ ਆਪਣੇ ਦੇਸ਼ ਵਿਚ ਕੱਢ ਕੇ ਹੀ ਸੁਖ ਦਾ ਸਾਹ ਲਵਾਂਗੇ।" ਇਨ੍ਹਾਂ ਸੂਰਬੀਰ ਸ਼ਹੀਦਾਂ ਦਾ ਅੰਤਿਮ ਸੰਸਕਾਰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਬੁੱਢੇ ਦਰਿਆ (ਪਹਿਲੇ ਸਤਿਲੁਜ ਦਰਿਆ) ਕਿਨਾਰੇ ਕੀਤਾ ਗਿਆ। ਇਹ ਪਹਿਲੇ ਅਮਰ ਸ਼ਹੀਦ ਸਨ ਜਿਨ੍ਹਾਂ ਫਾਂਸੀ ਦੇ ਤਖਤੇ 'ਤੇ ਖੜ ਅੰਗਰੇਜ਼ ਨੂੰ ਵੰਗਾਰਿਆ। ਇਨ੍ਹਾਂ ਦਾ ਪ੍ਰਸੰਗ ਸੁਣ ਕੇ ਹੀ ਸ਼ਹੀਦ ਭਗਤ ਸਿੰਘ ਜੀ ਨੇ ਪਹਿਲਾਂ 'ਚਾਂਦ' ਨਾਮੀ ਮਾਸਿਕ ਪੱਤਰ ਵਿਚ ਫਿਰ ਮਹਾਰਥੀ ਰਸਾਲੇ ਵਿਚ ਨਾਮਧਾਰੀ ਸਿੰਘ ਕੂਕਾ ਵਿਦਰੋਹ ਬਾਰੇ ਲੇਖ ਲਿਖਿਆ। ਜਿਸ ਨੂੰ ਪੰਜਾਬੀ ਰੂਪ 'ਕਿਰਤੀ' ਮਾਸਿਕ ਪੱਤਰ ਵਿਚ ਪਹਿਲੀ ਵਾਰ ਦਿੱਤਾ ਗਿਆ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਬਣਿਆ ਸ਼ਹੀਦੀ ਅਸਥਾਨ ਅੱਜ ਤੱਕ ਉਨ੍ਹਾਂ ਦੀ ਯਾਦ ਤਾਜ਼ਾ ਕਰਵਾਉਣ ਲਈ ਮੂੰਹੋਂ ਬੋਲਦੀ ਤਸਵੀਰ ਹੈ, ਜਿਸ ਨੂੰ 'ਕੂਕਾ ਫਾਹੀ ਵਾਲੀ ਜਗ੍ਹਾ' ਕਹਿ ਕੇ ਪੁਕਾਰਿਆ ਜਾਂਦਾ ਸੀ। ਗੁਰੂ-ਭਗਤੀ ਦੀ ਇਕੋ ਇਕ ਮੂਰਤੀਮਾਨ ਤਸਵੀਰ 'ਧਰਮ' ਹੈ ਦ੍ਰਿਸ਼ਟਮਾਨ ਸ਼ਰਤ ਦੇਸ਼ ਭਗਤੀ ਹੈ। ਦੇਸ਼ ਕੌਮ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਗੁਰਸਿੱਖ ਮਰ-ਜੀਵੜਿਆਂ ਦੇ ਗੁਰਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਸ਼ਹੀਦਾਂ ਦੀਆਂ ਇਤਿਹਾਸਕ ਗਾਥਾਵਾਂ ਅੱਜ ਦੇ ਔਝੜੇ ਰਾਹ ਪਏ ਨੌਜਵਾਨਾਂ ਨੂੰ ਗੁਰੂ ਭਗਤੀ ਦੀਆਂ ਨਿਸ਼ਾਨੀਆਂ ਦੇਸ਼ ਭਗਤਾਂ ਦੀਆਂ ਯਾਦਗਾਰਾਂ ਦੇ ਰੂਪ ਵਿਚ ਦ੍ਰਿੜ ਕਰਵਾਉਂਦੀਆਂ ਹਨ। ਇਨ੍ਹਾਂ ਸ਼ਹੀਦਾਂ ਦੇ ਰੋਮ ਰੋਮ ਵਿਚੋਂ ਸਤਿਗੁਰੂ ਪ੍ਰਤੀ ਸ਼ਰਧਾ, ਪ੍ਰੀਤ ਪਿਆਰ ਤੇ ਦੇਸ਼ ਭਗਤੀ ਦੀ ਧੁਨੀ ਸੁਣਨ ਨੂੰ ਮਿਲਦੀ ਹੈ। ਇਨ੍ਹਾਂ ਗੁਰਮੁਖ ਪਿਆਰਿਆਂ ਲਈ ਸਰੀਰ ਤਾਂ ਕੇਵਲ ਇਕ ਠੀਕਰਾ ਹੀ ਸੀ। ਜਿਸ ਨੂੰ ਜਰਵਾਣਿਆ ਸਿਰ ਭੰਨ, ਗੁਰੂ ਦਰ ਉੱਪਰ ਉੱਜਲ ਮੁੱਖ ਹਾਜ਼ਰ ਹੋ ਕੇ ਉਹ ਲੋਕਾਈ ਨੂੰ ਜ਼ਮੀਰ ਦੀ ਆਜ਼ਾਦੀ ਕਾਇਮ ਰੱਖਣ ਦਾ ਮਾਰਗ ਦਰਸਾ ਗਏ ਹਨ ਅਤੇ 'ਧਰਮ' ਦੀ ਮਹਿਕ ਖਲੇਰ ਗਏ ਹਨ।

❖❖❖



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੬

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prof. S. Ajit Singh Namdhari

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-201007 (U.P.)
PHONE: OFF: 8-63485
RESI: 8412961
8-64574

MFRS. OF:
HYDRAULIC PRESSES FOR THE USE OF
• RUBBER MOULDING
• CONVEYOR & TRANSMISSION BELTING
• PLYWOOD HOT PRESSES
• DEEP DRAWING
• CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056



Sri Satguru Jagjit Singh Ji eLibrary NamdhariElibrary@gmail.com

# ਸੂਬਾ ਬਾਬਾ ਜਮੀਅਤ ਸਿੰਘ ਜੀ

*—ਸੁਰਜੀਤ ਸਿੰਘ ਜੀਤ (ਲੰਡਨ)*

ਮਿਲਦੀ ਜਾਣਕਾਰੀ ਅਨੁਸਾਰ ਬਾਬਾ ਜਮੀਅਤ ਸਿੰਘ ਜੀ ਦਾ ਜਨਮ ਸ: ਚੰਦਾ ਸਿੰਘ ਗਿੱਲ ਗੋਤ ਦੇ ਗ੍ਰਹਿ ਵਿਖੇ, ਗਿੱਲ ਪਿੰਡ, ਜ਼ਿਲਾ ਸਿਆਲਕੋਟ ਵਿਚ ੧੯੭੧ ਬਿਕ੍ਰਮੀ ਨੂੰ ਹੋਇਆ ਦਸਿਆ ਜਾਂਦਾ ਹੈ।

ਆਪ ਜੀ ਦਾ ਸਰੀਰ ਸਡੌਲ, ਕੱਦ ਕਾਠ ਉੱਚਾ ਲੰਬਾ ਅਤੇ ਰੰਗ ਗੋਰਾ ਦਸਿਆ ਜਾਂਦਾ ਹੈ। ਆਪ ਜੈਸੇ ਸੁੰਦਰ ਤੇ ਮਜ਼ਬੂਤ ਸਰੀਰ ਵਾਲੇ ਨੌਜਵਾਨ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੌਜ ਦਾ ਸ਼ਿੰਗਾਰ ਹੁੰਦੇ ਸਨ, ਆਪ ਜੀ ਵੀ ਸਿੱਖ ਦਰਬਾਰ ਲਾਹੌਰ ਖ਼ਾਲਸਾ ਫੌਜ ਵਿਚ ਭਰਤੀ ਹੋ ਗਏ। ਜਦੋਂ ਇਨ੍ਹਾਂ 'ਭਾਈਆਂ ਦੀ ਪਲਟਨ' ਦੇ ਪੰਜੀ ਕੁ ਸਿੰਘ ਹਜਰੋਂ ਗਏ, ਗੁਰੂ ਬਾਲਕ ਸਿੰਘ ਜੀ ਪਾਸੋਂ ਨਾਮ ਦਾਤ ਇਨਾਂ ਗੁਰੂ ਰਾਮ ਸਿੰਘ ਜੀ ਨਾਲ ਹੀ, ਪ੍ਰਾਪਤ ਕੀਤੀ ਸੀ। ਗੁਰੂ ਰਾਮ ਸਿੰਘ ਜੀ ਦਾ ਸਤਿਸੰਗ ਕਰਦਿਆਂ ਫੌਜੀ ਨੌਕਰੀ ਸਮੇਂ ਆਪ ਜੀ ਨੇ ਸਤਿਗੁਰੂ ਜੀ ਦੇ ਅਨੇਕਾਂ ਕੌਤਕਾਂ ਨੂੰ ਅੱਖੀਂ ਡਿੱਠਾ ਅਤੇ ਆਪ ਜੀ ਨਾਮ ਬਾਣੀ ਦੀ ਰੰਗਤ ਵਿਚ ਰੰਗੇ ਗਏ। ਆਪ ਜੀ ਜੀਵਨ ਭਰ ਪੂਰਨ ਗੁਰਸਿਖੀ ਜੀਵਨ ਜੀਉਂਦੇ, ਬਹੁਤ ਮਸ਼ਹੂਰ ਕਰਨੀ ਵਾਲੇ, ਸਾਧੂ ਹੋਏ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਲਿਖੇ ਹੁਕਮਨਾਮਿਆਂ ਵਿਚ ਬਾਬਾ ਜੀ ਦਾ ਜ਼ਿਕਰ ਕਰਦਿਆਂ ਇੰਝ ਲਿਖਿਆ ਹੈ, "ਜਮੀਤ ਸਿੰਘ ਜੇ ਤੇਰੇ ਵਰਗਾ ਇਕ ਸਿਖ ਵੀ ਇਕ ਪਰਗਣੇ ਵਿਚ ਹੋ ਜਾਵੇ ਤਾਂ ਸੰਸਾਰ ਦਾ ਉਧਾਰ ਹੋ ਸਕਦਾ ਹੈ।" ਇਹ ਸਤਿਗੁਰਾਂ ਦੀ ਆਪਣੀ ਬਖਸ਼ਿਸ ਨਾਲ ਹੀ ਸੰਭਵ ਹੋ ਸਕਿਆ ਸੀ।

ਸਭਰਾਵਾਂ ਦੀ ਜੰਗ ਬਾਦ, ਬਾਬਾ ਜੀ ਨੇ ਵੀ ਫੌਜੀ ਜੀਵਨ ਨੂੰ ਤਿਲਾਂਜਲੀ ਦੇ ਕੇ ਗਿੱਲੀਂ ਆ ਕੇ ਭਜਨ ਬੰਦਗੀ ਸ਼ੁਰੂ ਕਰ ਦਿਤੀ। ਸਿਮਰਨ ਦੀ ਅਵਸਥਾ ਵਿਚ ਨੀਂਦ ਵਿਘਨ ਪਾਉਂਦੀ ਸੀ। ਆਪ ਜੀ ਨੇ ਕੇਸਾਂ ਨੂੰ ਕਮਰੇ 'ਚ ਲੱਗੀ ਕਪੜੇ ਟੰਗਣ ਵਾਲੀ ਕਿੱਲੀ ਨਾਲ ਬੰਨ੍ਹ ਨੀਂਦ ਨੂੰ ਜਿੱਤ ਲਿਆ। ਸੁਰਤੀ ਸ਼ਬਦ ਨਾਲ ਮਿਲਣ ਲਈ ਤਾਂਘਣ ਲੱਗੀ, ਕਲਜੁੱਗ ਨੇ ਆਪਣਾ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ। ਸੁਰਤੀ ਸ਼ਬਦ ਵੱਲ ਜਾਂਦਿਆ ਮਾਇਆ ਦੋ ਰੂਪਾਂ ਵਿਚ ਸਾਹਮਣੇ ਆ ਖੜ੍ਹਦੀ ਹੈ—ਇਕ ਦਿਸਦੀ ਮਾਇਆ-ਦੁਨਿਆਵੀ ਪਦਾਰਥ। ਦੂਸਰੀ ਮਾਇਆ ਬਦ ਰੂਹਾਂ ਦੇ ਰੂਪ ਵਿਚ ਆਪਣਾ ਰੰਗ ਦਿਖਾਉਂਦੀ ਹੈ। ਇਸ ਸੁਪਨ ਦਰਸ਼ਨ ਦੀ ਅਵਸਥਾ ਵਿਚ ਪਹੁੰਚ ਕੇ ਸਾਧਕ ਸੋਚਦਾ ਹੈ ਕਿ ਉਸ ਪਾਸ ਅਨੋਖੀ ਸ਼ਕਤੀ ਆ ਗਈ ਹੈ, ਜਦਕਿ ਉਹ ਸੁਪਨ ਅਵਸਥਾ ਵਿਚ ਅਗੰਮੀ ਅਨੰਤ ਸ਼ਕਤੀ ਤੋਂ ਕੋਹਾਂ ਦੂਰ ਹੁੰਦਾ ਹੈ। ਪ੍ਰੰਤੂ ਉਸ ਸਾਧਕ ਨੂੰ ਜਾਪਦਾ ਹੈ ਕਿ ਉਸ ਅਗੇ ਉਸ ਦੇ ਗੋਲੇ ਹੁਕਮ ਮੰਨ ਰਹੇ ਹਨ ਉਸ ਦੇ ਚਿਤਵੇ ਕਾਰਜ ਕਰਦੇ ਹਨ। ਅਸਲ ਵਿਚ ਇਨਾਂ ਬਦਰੂਹਾਂ ਦਾ ਆਪਣਾ ਮਕਸਦ ਹੁੰਦਾ ਹੈ ਉਨਾਂ ਦਾ ਆਪਣਾ ਸਰੀਰਕ ਸਰੂਪ ਕੋਈ ਨਹੀਂ ਹੁੰਦਾ, ਪਰ ਉਹ ਸਾਧਕ ਦੇ ਕਿਆਸੇ ਸਰੂਪ ਬਣਾ ਉਸ ਨੂੰ ਭਰਮਾਉਂਦੇ ਉਸ ਦਾ ਹੁਕਮ ਮੰਨਦੇ ਨੱਚਦੇ ਰਹਿੰਦੇ ਹਨ। ਜੇ ਸਾਧਕ ਇਸ ਅਵਸਥਾ ਨੂੰ ਪਾਰ ਕਰਕੇ ਸਿਮਰਨ ਤੋਂ ਧਿਆਨ ਦੀ ਅਵਸਥਾ ਵੱਲ ਪ੍ਰਸਥਾਨ ਕਰ ਲਵੇ ਤਦ ਧਿਆਨ ਵਿਚੋਂ ਅਜਪਾ ਜਾਪ ਦੀ ਅਵਸਥਾ ਅਗੋਂ ਦਰਸ਼ਨ ਤੱਕ ਪਹੁੰਚਣਾ ਅਸਾਨ ਹੋ ਜਾਂਦਾ ਹੈ, ਪ੍ਰੰਤੂ ਇਥੇ ਪਹੁੰਚੇ ਮਹਾਤਮਾ ਪਾਸ ਸਾਰੀਆਂ ਰਿਧੀਆਂ ਸਿਧੀਆਂ ਕਰਾਮਾਤਾਂ ਕੰਮ ਕਰਦੀਆਂ ਉਸ ਦੀਆਂ ਦਾਸੀਆਂ ਬਣ ਉਸ ਨੂੰ ਸਰਗੁਣ ਸਰੂਪ ਦੇ ਦਰਸ਼ਨ 'ਤਕ ਪਹੁੰਚਣ ਤੋਂ ਰੋਕ ਲੈਂਦੀਆਂ ਹਨ। ਸੰਤ ਜਮੀਅਤ ਸਿੰਘ ਜੀ ਪਾਸ ਬਹੁਤ ਰਿਧੀਆਂ ਸਿਧੀਆਂ ਸਨ ਆਪ ਨੇ ਅਨੇਕਾਂ ਕਰਾਮਾਤਾਂ ਅਤੇ ਕੌਤਕ ਸੰਗਤਾਂ ਨੂੰ ਵਿਖਾਏ। ਅਜ ਵੀ ਬਾਬਾ ਜੀ ਦੀ ਯਾਦ ਵਿਚ ਬਣੇ ਅਸਥਾਨ ਉਪਰ ਮੇਲੇ ਲਗਦੇ ਹਨ, ਉਨ੍ਹਾਂ ਦੇ ਗੁਣ ਗਾਏ ਜਾਂਦੇ ਹਨ। ਸੰਤ ਜੀ ਨਿਤਨੇਮ ਦੇ ਬੜੇ ਦ੍ਰਿੜ ਸਨ, ਸੰਤਾਂ ਵਿਚ ਹੇਠ ਲਿਖੇ ਖਾਸ ਗੁਣ ਸਨ

—ਵੰਡ ਕੇ ਛਕਣਾ-ਨਿਰੰਤਰ ਨਿਰਵਿਘਨ ਬਿਨਾਂ ਵਿਤਕਰੇ ਲੰਗਰ ਵਰਤਾਉਣਾ।

—ਦਰ ਤੇ ਆਏ ਹਰ ਸਵਾਲੀ ਦੀ ਨਿਸ਼ਕਾਮ ਸੇਵਾ ਕਰਨੀ।

—ਮਾਇਆ ਦਾ ਤਿਆਗ ਕਰਨਾ। ਜੇ ਕੋਈ ਭੇਟਾ ਦੇ ਵੀ ਜਾਵੇ ਤਦ ਉਹ ਲੰਗਰ ਵਿਚ ਪਾ ਦੇਣੀ। ਲੰਗਰ ਦੋਨੋਂ ਵਕਤ ਬਿਨਾਂ ਵਿਤਕਰੇ ਹਰ ਇਕ ਨੂੰ ਛਕਾਉਣਾ।

—ਹਰ ਵਕਤ ਨਿਰਭੈ ਤੇ ਨਿਡਰ ਰਹਿਣਾ ਕਮਜ਼ੋਰਾਂ ਦੀ ਸਹਾਇਤਾ ਕਰਨੀ।

—ਗੁਰੂ ਘਰ ਦੀ ਨਿੰਦਾ ਕਰਨ ਵਾਲੇ ਨੂੰ ਸਮਝਾਉਣਾ ਕਿ, 'ਭਾਈ ਸਾਡਾ ਇਹ ਕੰਮ ਚੰਗਾ ਨਹੀ, ਨਿੰਦਾ ਕਰਨ ਵਾਲਾ ਗੁਰੂ ਘਰ ਦਾ ਤਾਂ ਕੁਝ ਵਿਗਾੜ ਨਹੀਂ ਸਕਦਾ, ਪ੍ਰੰਤੂ ਆਪਣੀ ਜ਼ਬਾਨ ਗੰਦੀ ਤੇ ਮਾੜੀ ਕਰ ਸਕਦਾ ਹੈ।'

—ਮਿੱਠਾ ਬੋਲਣਾ ਤੇ ਨਿਮਰਤਾ ਰਖਣੀ ਸਦਾ ਹੀ, ਸਭਨਾਂ ਨਾਲ ਇਕਸਾਰਤਾ ਰਖਣੀ।

ਪਿਛਲੀ ਵੈਸਾਖੀ ਦੇ ਮੇਲੇ ਸਮੇਂ ਦਾਸ ਬਾਬਾ ਜੀ ਦੀ ਯਾਦ ਵਿਚ ਪਾਕਿਸਤਾਨ ਵਿਖੇ ਬਣੇ ਅਸਥਾਨ ਦੇ ਦਰਸ਼ਨ ਕਰਕੇ ਆਇਆ ਹੈ, ਇਥੇ ਹਰ ਸਾਲ ਚੇਤਰ ਦੇ ਮਹੀਨੇ ਬੜੇ ਵੱਡੇ ਭੰਡਾਰੇ ਦੇ ਰੂਪ ਵਿੱਚ ਮੇਲਾ ਲਗਦਾ ਹੈ। ਤਕਰੀਬਨ ਸੌ ਕੁ ਗਊ ਆਲੇ ਦੁਆਲੇ ਦੇ ਪਿੰਡਾਂ ਵਿਚ ਖੁੱਲੀ ਫਿਰਦੀ ਹੈ, ਉਨ੍ਹਾਂ ਦੇ ਗਲਾਂ ਵਿੱਚ ਝੋਲੇ ਨੁਮਾ ਕਪੜੇ ਟੰਗੇ ਹੁੰਦੇ ਹਨ ਉਹ



Sri Satguru Jagjit Singh Ji eLibrary NamdhariElibrary@gmail.com

ਕਿਸੇ ਦਾ ਕੋਈ ਨੁਕਸਾਨ ਨਹੀਂ ਕਰਦੀਆਂ, ਲੋਕ ਸ਼ਰਧਾ ਨਾਲ ਉਨਾਂ ਦੇ ਥੈਲਿਆਂ ਵਿੱਚ ਅੰਨ ਦਾਣਾ ਤੇ ਹੋਰ ਪਦਾਰਥ ਪਾ ਦਿੰਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਮੇਲੇ ਦੇ ਦਿਨਾਂ ਵਿਚ ਇਹ ਆਵਾਰਾ ਫਿਰਦੀਆਂ ਗਊਆਂ ਇਥੇ ਬਾਬਾ ਜੀ ਦੇ ਅਸਥਾਨ ਉਪਰ ਇਕੱਠੀਆਂ ਹੋ ਜਾਂਦੀਆਂ ਹਨ। ਉਨਾਂ ਦੇ ਝੋਲਿਆਂ ਵਿਚੋਂ ਰਸਦ ਅਤੇ ਉਗਰਾਹੀ ਨਾਲ ਹੀ ਇਸ ਅਸਥਾਨ ਤੇ ਮੇਲਾ ਲਗਦਾ ਹੈ। ਇਸ ਅਸਥਾਨ ਉਪਰ ਜਬਰੀ ਕਬਜ਼ਾ ਕਰਨ ਲਈ ਬਹੁਤ ਲੋਕਾਂ ਕੇ ਕੋਸ਼ਿਸ ਕੀਤੀ, ਪ੍ਰੰਤੂ ਜਦੋਂ ਵੀ ਕੋਈ ਵੀ ਪਰਿਵਾਰ ਕਬਜ਼ਾ ਜਮਾਉਣ ਲਈ ਤਿਆਰ ਹੁੰਦਾ ਹੈ ਅਤੇ ਸਥਾਨ ਨੂੰ ਹਥਿਆਉਣ ਦਾ ਯਤਨ ਕਰਦਾ ਹੈ, ਉਨ੍ਹਾਂ ਦਿਨਾਂ ਵਿਚ ਹੀ ਪਰਿਵਾਰ ਦਾ ਕੋਈ ਨੌਜਵਾਨ ਜੀਅ ਚੜ੍ਹਾਈ ਕਰ ਜਾਂਦਾ ਹੈ। ਲੋਕਾਂ ਦੇ ਦੱਸਣ ਮੁਤਾਬਕ ਅਜਿਹੇ ਬਹੁਤ ਹਾਦਸੇ ਹੋਏ ਹਨ ਪ੍ਰੰਤੂ ਦਾਸ ਨੂੰ ਚਾਰ ਹਾਦਸਿਆਂ ਨਾਲ ਪੀੜਤ ਪਰਿਵਾਰਾਂ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਇਹ ਅਸਥਾਨ ਪਾਕਿਸਤਾਨ ਸਰਕਾਰ ਦੇ ਵਕਫ ਬਰੋਡ ਪਾਸ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਨੂੰ ਸੰਭਾਲਣ ਲਈ ਤਿਆਰ ਹੈ, ਪ੍ਰੰਤੂ ਫੰਡ ਅਤੇ ਅਗੋਂ ਮੱਦਦ ਜਾਰੀ ਰਹਿਣ ਦੀ ਕਮੀ ਕਰਕੇ ਉਹ ਕੁਝ ਨਹੀਂ ਕਰ ਸਕਦੇ। ਇਸ ਅਸਥਾਨ ਉਪਰ ਬਹੁਤ ਜ਼ਿਆਦਾ ਖਰਚਾ ਹੋਣ ਵਾਲਾ ਹੈ, ਸੇਵਾ ਸੰਭਾਲ ਪਖੋਂ ਹਾਲਤ ਬਹੁਤ ਹੀ ਖਸਤਾ ਹੈ। ਇਸਲਾਮੀ ਲੋਕਾਂ ਅਤੇ ਸਰਕਾਰ ਨੂੰ ਕੋਈ ਲਗਾਵ ਜਾਂ ਖਿੱਚ ਨਹੀਂ ਹੈ, ਫਿਰ ਵੀ ਆਮ ਸਧਾਰਨ ਜਨਤਾ ਦੀ ਸ਼ਰਧਾ ਅਤੇ ਅਸਥਾਨ ਉਪਰ ਕਿਸੇ ਦੈਵੀ ਸ਼ਕਤੀ ਦਾ ਪਹਿਰਾ ਉਹ ਮੰਨਦੇ ਹਨ ਅਤੇ ਹਰ ਸਾਲ ਮੇਲੇ ਬੜੀ ਧੂਮ-ਧਾਮ ਨਾਲ ਲਗਦੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ 'ਸੰਤ ਖ਼ਾਲਸਾ ਪੰਥ' ਦਾ ਪ੍ਰਚਾਰ ਪੰਜਾਬ ਵਿਚ ਅਰੰਭਿਆ ਅਤੇ ੧੮੫੭ ਵਿਚ ਭਾਰਤ ਦੀ ਆਜ਼ਾਦੀ ਦੀ ਜੰਗ ਦਾ ਵੀ ਐਲਾਨ ਕਰਕੇ ਪਿੰਡ ਪਿੰਡ ਦੌਰਿਆ ਤੇ ਜਾਣਾ ਸ਼ੁਰੂ ਕੀਤਾ, ਉਸੇ ਦੌਰਾਨ ਸ੍ਰੀ ਸਤਿਗੁਰੂ ਜੀ ਪਿੰਡ ਚਾਹਲ ਗਏ ਬਾਬਾ ਜਮੀਅਤ ਸਿੰਘ ਸੰਗਤਾਂ ਸਮੇਤ ਦਰਸ਼ਨ ਕਰਕੇ ਨਿਹਾਲ ਹੋਏ। ਸਤਿਗੁਰੂ ਜੀ ਨੇ ਆਪ ਨੂੰ ਸਿਆਲਕੋਟ ਦੇ ਇਲਾਕੇ ਦਾ ਸੂਬਾ ਥਾਪ ਨਾਮ-ਬਾਣੀ ਦਾ ਪ੍ਰਚਾਰ ਕਰਨ ਦਾ ਹੁਕਮ ਲਗਾ ਦਿੱਤਾ। ਆਪ ਜੀ ਨੇ ਆਪਣੀ ਕਹਿਣੀ ਅਤੇ ਕਰਨੀ ਨਾਲ ਐਸਾ ਸਿੱਖੀ ਦਾ ਪ੍ਰਚਾਰ ਅਰੰਭਿਆ ਕਿ ਬੇਅੰਤ ਪਿੰਡਾਂ ਦੇ ਲੋਕ ਗੁਰਸਿਖ ਬਣ ਸਿੰਘ ਸੱਜ ਗਏ। ਮਾਘ ਸੁਦੀ ੧੯੧੯ ਬਿਕ੍ਰਮੀ ਨੂੰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਜਦੋਂ ਜੋਤੀ ਜੋਤ ਸਮਾਏ ਤਦ ਬਾਬਾ ਜੀ ਨੇ ਹਜਰੋਂ ਜਾ ਕੇ ਉਨਾਂ ਦੀ ਯਾਦ ਵਿਚ ਗੁਰਦੁਆਰੇ ਦੀ ਸਥਾਪਨਾ ਕੀਤੀ। ਅਜ ਇਸ ਦੀ ਹਾਲਤ ਵੀ ਖਸਤਾ ਤੇ ਬਹੁਤ ਹੀ ਨਾਜ਼ੁਕ ਹੈ। ਇਸ ਸਥਾਨ ਨਾਲ ਲਗਦੀ ਬਾਰਾਂਦਰੀ (ਸਰਾਂ) ਨੂੰ ਪਿਛਲੇ ਪ੍ਰਧਾਨ ਮੰਤਰੀ ਸ੍ਰੀ ਨਿਵਾਜ਼ ਸ਼ਰੀਫ਼ ਨੇ ਸਕੂਲ ਵਿਚ ਤਬਦੀਲ ਕਰ ਦਿੱਤਾ ਹੈ ਅਤੇ ਸਕੂਲ ਲਈ ਨਵੀਂ ਇਮਾਰਤ ਬਣ ਗਈ ਹੈ, ਪ੍ਰੰਤੂ ਗੁਰਦੁਆਰੇ ਦੀ ਹਾਲਤ ਉਵੇਂ ਹੀ ਖਰਾਬ ਹੈ। ਪਾਕਿਸਤਾਨ ਵਿਚ ਗੈਰ ਇਸਲਾਮਿਕ ਧਾਰਮਿਕ ਅਸਥਾਵਾਂ ਦੀ ਹਾਲਤ ਇੰਨੀ ਚੰਗੀ ਨਹੀਂ। ਪਿਛੇ ਜਹੇ ਪਾਕਿਸਤਾਨ ਸਰਕਾਰ ਵੱਲੋਂ ਸਥਾਪਤ ਕੀਤੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਾਰਿਮਕ ਇਤਿਹਾਸਿਕ ਗੁਰਦਵਾਰਿਆਂ ਦੀ ਹਾਲਤ ਵਿਚ ਬਹੁਤ ਸੁਧਾਰ ਹੋਇਆ ਹੈ ਪ੍ਰੰਤੂ ਇਤਿਹਾਸਿਕ ਤੌਰ ਤੇ ਘੱਟ ਮਹੱਤਤਾ ਰੱਖਣ ਵਾਲੇ ਅਸਥਾਨਾਂ ਵੱਲ ਹਾਲੇ ਧਿਆਨ ਨਹੀਂ ਦਿੱਤਾ ਜਾ ਰਿਹਾ। ਫਿਰ ਵੀ ਭਾਈ ਸ਼ਾਮ ਸਿੰਘ ਜੀ ਚੈਅਰਮੈਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਨਾਂ ਕਾਰਜਾਂ ਵੱਲ ਖਾਸ ਧਿਆਨ ਦੇ ਰਹੇ ਹਨ ਜ਼ਾਤੀ ਤੌਰ 'ਤੇ ਕਸ਼ਟ ਸਹਾਰਦੇ ਹੋਏ ਵੀ ਉਹ ਬਹੁਤ ਗੰਭੀਰਤਾ ਨਾਲ ਤਵੱਜੋ ਦੇ ਕੇ ਮਿਹਨਤ ਕਰ ਰਹੇ ਹਨ। ਅਸੀਂ ਬਾਹਰਲੇ ਸਿੱਖ ਜੇ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਈਏ ਤਦ ਉਨਾਂ ਦਾ ਹੌਸਲਾ ਹੋਰ ਵੀ ਵਧੇਗਾ ਅਤੇ ਉਹ ਹੋਰ ਵੀ ਮਿਹਨਤ ਨਾਲ ਇਨਾਂ ਗੁਰਦੁਆਰਿਆਂ ਦੇ ਸੇਵਾ ਸੰਭਾਲ ਕਰ ਸਕਣਗੇ।

ਬਾਬਾ ਜੀ ਨੇ ੧੯੨੭ ਬਿਕ੍ਰਮੀ ਵਿਚ ਜ਼ਿਲਾ ਸਿਆਲਕੋਟ ਪਿੰਡ ਗਿੱਲ ਦੇਸ਼ ਦੀ ਆਜ਼ਾਦੀ ਲਈ ਕਾਨਫਰੰਸ ਕਰਨ ਦਾ ਪ੍ਰੋਗਰਾਮ ਉਲੀਕਿਆ, ਪ੍ਰੰਤੂ ਜ਼ਿਲਾ ਅਫਸਰ ਮੇਜਰ ਮਰਸਰ ਨੇ ਦੀਵਾਨ ਵੀ ਨਾ ਲਗਣ ਦਿੱਤਾ। ਇਸ ਸਮੇਂ ਦੌਰਾਨ ਨਾਮਧਾਰੀ ਸਿੰਘਾਂ ਦੇ ਦੀਵਾਨ ਅਤੇ ਸਮਾਗਮਾਂ ਉੱਪਰ ਬੜੀ ਸਖਤ ਪਾਬੰਦੀ ਸੀ। ਬਾਬਾ ਜੀ ਨੇ ਕਲਿਆਨਸਰ ਦੇ ਟੋਬੇ ਉਪਰ ਗੁਰਦੁਆਰਾ ਸਥਾਪਤ ਕਰ ਉਥੋਂ ਗੁਰਮਤਿ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਕਲਿਆਨਸਰ ਵਿਖੇ ਸੰਤ ਜਮੀਅਤ ਸਿੰਘ ਜੀ ਵੱਲੋਂ ਬਣਾਏ ਗੁਰੂ ਅਸਥਾਨ ਵਿਖੇ ਦੋ ਵੇਲੇ ਕੀਰਤਨ ਹੁੰਦਾ ਸੀ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਵੇਲੇ ਦੀਵਾਨ ਕੋਟਲੀ ਪਿੰਡ ਦੇ ਰਬਾਬੀ ਭਾਈ ਕਾਲੂ, ਭਾਈ ਮੱਤੂ ਅਤੇ ਭਾਈ ਫਤੂ ਆਦਿ ਪੁਰਾਤਨ ਰੀਤਾਂ ਅਨੁਸਾਰ ਕੀਰਤਨ ਕਰਦੇ ਸਨ। ਸਾਧ ਸੰਗਤ ਦਾ ਦੋਨੋਂ ਵੇਲੇ ਭਾਰੀ ਇੱਕਠ ਹੁੰਦਾ ਸੀ ਅਤੇ ਬਾਬਾ ਜੀ ਦੀ ਕਾਫ਼ੀ ਮਾਨਤਾ ਹੁੰਦੀ ਸੀ। ਇਰਦ-ਗਿਰਦ ਦੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਅਤੇ ਗੁਰਸਿਖੀ ਦੀ ਮਹਿਕ ਖਿਲਰ ਗਈ ਸੀ ਜੋ ਅੱਜ ਵੀ ਵੇਖਣ ਨੂੰ ਮਿਲਦੀ ਹੈ। ਭਾਵੇਂ ਇਹ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਨਹੀਂ ਪ੍ਰੰਤੂ ਸਥਾਨਕ ਲੋਕਾਂ ਵਲੋਂ ਬੜੀ ਸ਼ਰਧਾ ਨਾਲ ਮੇਲੇ ਲਗਦੇ ਹਾ।

੧੮੭੨ ਈ : ਤੋਂ ਨਾਮਧਾਰੀ ਸਿੰਘਾਂ ਦੇ ਗੁਰਸਿਖੀ ਪ੍ਰਚਾਰ ਉਪਰ ਬਹੁਤ ਸਖਤ ਪਾਬੰਦੀਆਂ ਲੱਗ ਗਈਆਂ ਸਨ। ਨਾਮਧਾਰੀਆਂ ਦੀਆਂ ਭਾਰਤ ਦੀ ਆਜ਼ਾਦੀ ਦੇ ਸੰਬੰਧ ਵਿਚ ਕੀਤੀਆਂ ਕੁਰਬਾਨੀਆਂ ਅਤੇ ਨਾਮਿਲਵਰਤਣ, ਬਾਈਕਾਟ ਜਹੀਆਂ ਸਰਗਰਮੀਆਂ ਕਰਕੇ ਨਾਮਧਾਰੀ ਅੰਗਰੇਜ਼ੀ ਰਾਜ ਦੇ ਕੱਟੜ ਵਿਰੋਧੀਆਂ ਦੀ ਕਤਾਰ ਦੇ ਆਗੂ ਬਣ ਨਿਤਰੇ ਸਨ। ਜਿਸ ਕਰਕੇ ਨਾਮਧਾਰੀ-ਕੂਕਾ ਅੰਦੋਲਨ ਤੇ ਪ੍ਰਿਥਮ ਆਜ਼ਾਦੀ



Sri Satguru Jagjit Singh Ji eLibrary NamdhariElibrary@gmail.com

ਦੇ ਇਨਕਲਾਬੀ ਯੋਧੇ ਪਾਬੰਦੀਆਂ ਸਖਤੀਆਂ ਦੀ ਪ੍ਰਵਾਹ ਨਾ ਕਰਦਿਆਂ ਪਛੱਮੀ ਪੰਜਾਬ ਵਿਚ ਕਾਫ਼ੀ ਸਰਗਰਮ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਬਾਅਦ ਇਧਰਲੇ ਪੰਜਾਬ ਵਿਚ ਨਾਮਧਾਰੀਆਂ ਉੱਪਰ ਸਖਤੀਆਂ ਦਾ ਦੌਰ ਚੱਲ ਪਿਆ ਸੀ ਪ੍ਰੰਤੂ ਬਾਬਾ ਜੀ ਵੱਲੋਂ ਗੁਰਸਿੱਖੀ ਦਾ ਪ੍ਰਚਾਰ ਅਤੇ ਉਸ ਅਸਥਾਨ 'ਤੇ ਰੌਣਕਾਂ ਨਿਰੰਤਰ ਵਧਦੀਆਂ ਰਹੀਆਂ। ਸਵੇਰ ਸ਼ਾਮ ਗੁਰਬਾਣੀ ਕੀਰਤਨ ਦਾ ਪ੍ਰਵਾਰ ਨਿਰੰਤਰ ਜਾਰੀ ਰਿਹਾ ਸੀ। ੧੯੫੨ ਬਿਕ੍ਰਮੀ ਵਿਚ ਗੁਰੂ ਰਹੀ ਸਿੰਘ ਜੀ ਸਿਆਲਕੋਟ ਦੇ ਦੌਰੇ 'ਤੇ ਗਏ ਅਤੇ ਉਨਾਂ ਗਿੱਲ ਨਗਰ ਵਿਖੇ ਦਰਸ਼ਨ ਦਿੱਤੇ। ਬਾਬਾ ਜੀ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਬਹੁਤ ਨਿਹਾਲ ਹੋਏ ਇਸ ਸਮੇਂ ਤਕ ਇਹ ਨਾਮਧਾਰੀ ਗੁਰਸਿੱਖੀ ਪ੍ਰਚਾਰ ਦਾ ਕੇਂਦਰ ਇਲਾਕੇ ਵਿਚ ਕਾਫੀ ਮਸ਼ਹੂਰ ਹੋ ਚੁੱਕਾ ਸੀ। ਇਸ ਅਸਥਾਨ ਦੀ ਸ੍ਰੀ ਸਤਿਗੁਰਾਂ ਜੀ ਦੇ ਚਰਨ ਛਹੁ ਪ੍ਰਾਪਤ ਕਰਨ ਕਰਕੇ ਮਹਾਨਤਾ ਦੂਰ-ਦੂਰ ਤੱਕ ਫੈਲ ਗਈ ਸੀ। ਬਾਬਾ ਜੀ ਦੇ ਸ਼ਰਧਾਲੂ ਮੁਸਲਮਾਨ ਹਿੰਦੂ ਤੇ ਈਸਾਈ ਆਦਿ ਸਾਰੇ ਧਰਮਾਂ ਦੇ ਲੋਕ ਆਪਣੀ ਆਤਮਿਕ ਤੇ ਅਧਿਆਤਮਿਕ ਭੁੱਖ ਨੂੰ ਤ੍ਰਿਪਤ ਕਰਕੇ ਨਿਹਾਲ ਹੁੰਦੇ ਸਨ। ਬਾਬਾ ਜੀ ਪਾਸ ੬੦ ਤੋਂ ੧੦੦ ਤੱਕ ਸਿੰਘਾਂ ਦੀ ਹਾਜ਼ਰੀ ਹਮੇਸ਼ਾਂ ਹੀ ਰਹਿੰਦੀ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪਾਠ ਸਦਾ ਹੀ ਚਾਲੂ ਰਹਿੰਦੇ ਸਨ ਅਤੇ ਭੋਗ ਵੀ ਹਰ ਰੋਜ਼ ਪਾਏ ਜਾਂਦੇ ਸਨ। ਇਸ ਅਸਥਾਨ 'ਤੇ ਲੰਗਰ ਦੀ ਸੇਵਾ ਸੰਤ ਕੇਸਰ ਸਿੰਘ ਜੀ 'ਚੁੱਪ' ਅਤੇ ਉਨਾਂ ਦਾ ਲਾਂਗਰੀ ਜਥਾ ਬੜੀ ਸ਼ਰਧਾ ਤੇ ਪਿਆਰ ਨਾਲ ਕਰਦਾ ਸੀ, ਇਲਾਕੇ ਦੇ ਲੋਕ ਰਸਦ ਪਾਣੀ ਦੀ ਤੋਟ ਨਹੀਂ ਸਨ ਹੋਣ ਦਿੰਦੇ।

ਬਾਬਾ ਜਮੀਅਤ ਸਿੰਘ ਜੀ ਨੇ ਬਿਕ੍ਰਮੀ ੧੯੬੨ ਵਿਚ ਅੰਮ੍ਰਿਤਸਰ ਵਿਖੇ ਨਾਮਧਾਰੀ ਧਰਮਸਾਲਾ ਬਣਵਾਈ ਜਿਸ ਵਿਚ ਮਿਸਤਰੀਂ ਨਾਹਰ ਸਿੰਘ ਨੇ ਲੰਗਰ ਲਈ ਖੂਹੀ ਦੀ ਸੇਵਾ ਕੀਤੀ। ਇਸ ਤਰਾਂ ਨਾਲ ਬਾਬਾ ਜੀ ਨੇ ਆਪਣੇ ਪੁਰਸ਼ਾਰਥ ਨਾਲ ਜ਼ਿਲਾ ਅੰਮ੍ਰਿਤਸਰ, ਜ਼ਿਲਾ ਸਿਆਲਕੋਟ ਅਤੇ ਲਾਹੌਰ ਦੇ ਆਸ-ਪਾਸ ਗੁਰਸਿਖੀ ਦਾ ਪ੍ਰਚਾਰ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਕੀਤਾ। ਗੁਰਸਿਖੀ ਨੂੰ ਫੈਲਾਣ ਅਤੇ ਗੁਰਮਤਿ ਵਿਚ ਕਹਿਣੀ ਕਰਨੀ ਦੇ ਸੂਰੇ ਬਾਬਾ ਜਮੀਅਤ ਸਿੰਘ ਜੀ ਮਾਘ ਦੀ ਪੂਰਨਮਾਸ਼ੀ ੧੯੬੫ ਬਿਕ੍ਰਮੀ ਨੂੰ ਸੱਚਖੰਡ ਲਈ ਪ੍ਰਸਥਾਨ ਕਰ ਗਏ। ਆਪ ਜੀ ਦਾ ਸਸਕਾਰ ਗਿੱਲ ਨਗਰ ਵਿਚ ਹੀ ਕੀਤਾ ਗਿਆ। ਅੱਜ-ਕੱਲ ਇਨਾਂ ਦਾ ਅਸਥਾਨ ਕਲਿਆਨਸਰ ਕਾਹਨਾ (ਗਰਾਮ) ਦੇ ਨਜ਼ਦੀਕ, 'ਕਾਹਨਾ ਕਾਛਾ' ਲਾਹੌਰ ਤੋਂ ਕਸੂਰ ਨੂੰ ਜਾਂਦਿਆਂ ਸੜਕ ਉਪਰ ਹੈ, ਜਿਥੇ ਇਹ ਅਸਥਾਨ ਅੱਜ ਦੇਖ ਭਾਲ ਤੇ ਮੁਰੰਮਤ ਦੀ ਉਡੀਕ ਵਿਚ ਸੰਤਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੋਇਆ ਸੰਤ ਬਾਬਾ ਜਮੀਅਤ ਸਿੰਘ ਜੀ ਦੇ ਵਿਅਕਤੀਤਵ ਦੀ ਖੁਸ਼ਬੋਈ ਖਿਲਾਰ ਰਿਹਾ ਹੈ।

੨੦-੮-੨੦੦੩

# ਗੀਤ

*—ਇੰਦਰਜੀਤ ਹਸਨਪੁਰੀ*

*(ਇਹ ਗੀਤ ਸੂਬਾ ਹਰਭਜਨ ਸਿੰਘ ਜੀ ਨੂੰ ਸਮਰਪਿਤ ਹੈ)*

ਰਲ ਬੈਠੋ ਮਾਲਕ ਮਜ਼ਦੂਰ
ਨਾ ਕਿਰਤੀ ਹੋਵੇ ਮਜਬੂਰ
ਨਾ ਮਾਲਕ ਹੋਵੇ ਮਗ਼ਰੂਰ
ਕਰ ਲਓ ਮੈਲ ਮਨਾਂ ਦੀ ਦੂਰ
ਰਲ ਬੈਠੋ......................

ਕਿਰਤੀ ਅਪਣਾ ਫਰਜ਼ ਨਿਭਾਵੇ
ਮਾਲਕ ਮੁੜ੍ਹਕੇ ਦਾ ਮੁੱਲ ਪਾਵੇ
ਗੀਤ ਚਲਾਵੋ ਜਗ ਤੇ ਐਸੀ
ਇਕ ਦੂਜੇ ਦੇ ਬਣੋ ਹਤੈਸ਼ੀ
ਦੂਣਾ ਚੌਣਾ ਲਗੇਗਾ ਫਿਰ
ਮਿਹਨਤ ਦੇ ਬੂਟੇ ਨੂੰ ਬੂਰ
ਰਲ ਬੈਠੋ......................

ਦੋਨੋਂ ਕਦਮ ਮਿਲਾ ਕੇ ਚੱਲੋ
ਕਾਮਯਾਬੀਆਂ ਦਾ ਰਾਹ ਮੱਲੋ
ਜ਼ਖ਼ਮਾਂ ਉਤੇ ਲੂਣ ਨਾ ਪਾਓ
ਆਪਣੇ ਝਗੜੇ ਆਪ ਮੁਕਾਓ
ਫੋਕੀ ਆਕੜ ਦੋਵੇਂ ਛੱਡੋ
ਮੰਨ ਲਵੋ ਜੋ ਹੋਏ ਕਸੂਰ
ਰਲ ਬੈਠੋ......................

ਕਰ ਲਓ ਡੁੱਲ੍ਹੇ ਬੇਰ ਇਕੱਠੇ
ਨਹੀਂ ਤਾਂ ਗਲ ਜਾਵਣਗੇ ਗੱਠੇ
ਸੰਭਲੋ, ਸੰਭਲੋ ਬਣੋ ਸਿਆਣੇ
ਨੁਈਂ ਸਮਝੋ ਆਪਣੇ ਤਿੰਨ ਕਾਣੇ
ਅਪਣਾ ਅਪਣਾ ਚੱਪੂ ਸਾਂਭੋ
ਕਿਧਰੇ ਡੁੱਬ ਨਾ ਜਾਵੇ ਪੂਰ
ਰਲ ਬੈਠੋ......................

ਭ੍ਰਿਸ਼ਟਾਚਾਰ ਨੂੰ ਰਹਿਣ ਨਾ ਦੇਵੋ
ਨੱਕ ਤੇ ਮੱਖੀ ਬਹਿਣ ਨਾ ਦੇਵੋ
ਮਨ ਦੇ ਸੱਚੇ ਸੁੱਚੇ ਹੋਵੋ
ਹਸਨਪੁਰੀ ਹੁਣ ਉਚੇ ਹੋਵੋ
ਮਸਤਕ ਦੇ ਵਿੱਚ ਬਾਲ ਕੇ ਦੀਵੇ
ਕਰ ਲਓ ਜਿੰਦੜੀ ਨੂਰੋ ਨੂਰ
ਰਲ ਬੈਠੋ......................



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

# ਗੱਦੀ ਬੈਠਾ ਜਗਜੀਤ ਪ੍ਰਤਾਪ

—ਸੂਬਾ ਮਹਿੰਦਰ ਕੌਰ, ਹੁਸ਼ਿਆਰਪੁਰ
—ਹਰਬੰਸ ਕੌਰ, ਇੰਗਲੈਂਡ

(੧)

ਅੱਖਾਂ ਝਮਕ ਲੈਂਦਾ ਜੇਹਨੂੰ ਤੱਕ ਸੂਰਜ, ਉਹੀ ਜੋਤ ਅੱਜ ਸਤਿਗੁਰ ਜਗਜੀਤ ਅੰਦਰ।
ਜੇਕਰ ਜੀ ਕਰਦਾ ਜਾ ਕੇ ਵੇਖ ਭੈਣੀ, ਰੱਬ ਬੈਠਾ ਨਹੀਂ ਮੰਦਰ ਮਸੀਤ ਅੰਦਰ।
ਸਾਰੇ ਦੇਵਤੇ ਚਰਨਾਂ ਦੀ ਧੂੜ ਲੱਭਣ, ਬੱਝੀ ਤ੍ਰੈ-ਲੋਕੀ ਉਹਦੀ ਪ੍ਰੀਤ ਅੰਦਰ।
ਥਾਂ ਥਾਂ ਤੇ ਹੁੰਦਾ ਹੈ ਜਾਪ ਉਸਦਾ, ਹਰ ਇਕ ਰਾਗ ਅੰਦਰ ਹਰ ਇਕ ਗੀਤ ਅੰਦਰ।
ਗਲ ਵਿੱਚ ਪਾ ਪੱਲਾ ਮੂੰਹ ਵਿੱਚ ਘਾਹ ਲੈ ਕੇ, ਲੋਕੀ ਕਰਦੇ ਨੇ ਨਿੱਤ ਅਲਾਪ ਤੇਰਾ।
ਸਾਡੇ ਦਿਲਾਂ ਉਤੇ ਜਿਹੜਾ ਰਾਜ ਕਰਦਾ, ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ।

(੨)

ਜਿਹਦੇ ਪੱਲੇ ਇਕ ਨਾਮ ਦੀ ਕਣੀ ਹੋਵੇ, ਉਹਤਾਂ ਸੋਨੇ ਦੇ ਢੇਰਾਂ ਤੇ ਥੁੱਕਦਾ ਨਹੀਂ।
ਪੈਂਡਾ ਪਿਆਰ ਦਾ ਲੰਮੀ ਹੈ ਵਾਟ ਭਾਵੇਂ, ਧਰਦਾ ਪੈਰ ਅੱਗੇ ਐਪਰ ਰੁੱਕਦਾ ਨਹੀਂ।
ਡਟੇ ਸੱਚ ਤੇ ਕੱਚ ਦੀ ਵੰਗ ਵਾਂਗੂੰ, ਤਿੜਕ ਸਕਦਾ ਹੈ ਐਪਰ ਝੁੱਕਦਾ ਨਹੀਂ।
ਸਦਾ ਤਾਂਘ ਰਹਿੰਦੀ ਉਹਨੂੰ ਦਿਲ ਅੰਦਰ, ਜ਼ਿਦੀ ਜਾਨ ਨੂੰ ਮਿਲੇ ਪਿਆਰ ਤੇਰਾ।
ਸ਼ੇਰ ਬੱਕਰੀ ਆਪੋ 'ਚ ਕਰਨ ਗੱਲਾਂ, ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ।

(੩)

ਜਿਹੜੇ ਤਾਜ ਦੇ ਰਾਜੇ ਨੇ ਮਾਣ ਕਰਦੇ, ਤੇਰੇ ਜੋੜੇ ਦੀ ਨੋਕ ਤੋਂ ਵਾਰ ਦੇਵਾਂ।
ਹੀਰੇ ਮੋਤੀਆਂ ਦੇ ਥਾਂ ਤਾਰਿਆਂ ਨੂੰ, ਤੇਰੇ ਚਰਨਾਂ ਦੇ ਹੇਠ ਖਿਲਾਰ ਦੇਵਾਂ।
ਰਾਜੇ ਇੰਦਰ ਦਾ ਅੱਡਿਆ ਮੂੰਹ ਰਹਿ ਜਾਏ, ਤੇਰੇ ਤਖ਼ਤ ਨੂੰ ਜੇਕਰ ਸ਼ਿੰਗਾਰ ਦੇਵਾਂ।
ਬਿਨਾਂ ਪਾਤਸ਼ਾਹੀ ਪਾਤਸ਼ਾਹ ਹੈ ਤੂੰ, ਲੈ ਸਕਿਆ ਨਹੀਂ ਜਗਤ ਨਾਪ ਤੇਰਾ।
ਕਲਿਯੁਗ ਅੰਦਰ ਜੇਹੜਾ ਰਾਜ ਕਰਦਾ, ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ।

(੪)

ਇਹਦੇ ਚਰਨਾਂ ਦੇ ਨਾਲ ਜੇਹਦੀ ਲੱਗ ਗਈ, ਉਹਨੂੰ ਲੋੜ ਦੱਸ ਮੱਥੇ ਘਸੌਣ ਦੀ ਕੀ।
ਰੱਖੇ ਜਟਾਂ ਕਿਉਂ ਸਿਰ ਸੁਆਹ ਭੁੱਕੇ, ਉਹਨੂੰ ਲੋੜ ਦੱਸ ਮੱਥੇ ਘਸੌਣ ਦੀ ਕੀ।
ਨਾ ਉਹ ਰੀਝਦਾ ਹੈ ਭਗਵੇਂ ਚੋਲਿਆਂ ਤੇ, ਉਹਨੂੰ ਲੋੜ ਦੱਸ ਮਗਜ਼ ਖਪੌਣ ਦੀ ਕੀ।
ਮਸਤੀ ਨਾਮ ਦੀ ਵਿੱਚ ਉਹ ਮਸਤ ਰੈਂਹਦਾ, ਉਹਨੂੰ ਲੋੜ ਦੱਸ ਮਗਜ਼ ਖਪੌਣ ਦੀ ਕੀ।
ਮਣਕੇ ਮਾਲਾ ਦੇ ਫੇਰਦਾ ਨਿਤ ਬੈਹ ਕੇ, ਜੇਹਬਾ ਨਿਤ ਕਰਦੀ ਰਹਿੰਦੀ ਜਾਪ ਤੇਰਾ।
ਕਲਿਯੁਗ ਯੁਗ ਅੰਦਰ ਸਤਿਜੁਗ ਲੌਣ ਵਾਲਾ, ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ।

(੫)

ਭੈਣੀ ਸਾਹਿਬ ਦੀ ਧਰਤੀਏ ਧੰਨ ਹੈਂ ਤੂੰ, ਸਾਨੂੰ ਤੇਰੇ ਉੱਤੇ ਹੋਵੇ ਮਾਣ ਕਿਉਂ ਨਾ।
ਭੁੱਖੇ ਨੰਗੇ ਲਈ ਸਦਾ ਨੇ ਦਰ ਖੁੱਲੇ, ਲੋਕੀ ਆਣ ਕੇ ਢਿੱਡ ਵਜੌਣ ਕਿਉਂ ਨਾ।
ਜਿਹਨੂੰ ਜੰਮਦਿਆਂ ਨਾਮ ਦੀ ਮਿਲੇ ਗੁੜ੍ਹਤੀ, ਅੱਗੇ ਗੋਲੀਆਂ ਦੇ ਛਾਤੀ ਡਾਹਣ ਕਿਉਂ ਨਾ।
ਜਿਹਨਾਂ ਸਿੱਖਾਂ ਦਾ ਗੁਰੂ ਜਗਜੀਤ ਹੋਵੇ, ਮੌਤ ਰੋਵੇ ਤੇ ਉਹ ਮੁਸਕਰਾਣ ਕਿਉਂ ਨਾ।
ਪ੍ਰੀਤਮ ਜਦੋਂ ਭੀ ਕਦੇ ਖਿਆਲ ਆਵੇ, ਨਕਸ਼ਾ ਬੱਝ ਜਾਂਦਾ ਆਪਣੇ ਆਪ ਤੇਰਾ।
ਸਾਡੇ ਦਿਲਾਂ ਉੱਤੇ ਜਿਹੜਾ ਰਾਜ ਕਰਦਾ, ਗੱਦੀ ਬੈਠਾ ਜਗਜੀਤ ਪ੍ਰਤਾਪ ਤੇਰਾ।

—ਜਗਜੀਤ ਪ੍ਰਤਾਪ



Sri Satguru Jagjit Singh Ji eLibrary NamdhariElibrary@gmail.com

## ਦੋ ਰਚਨਾਵਾਂ / *ਸ਼ਿਵਨਾਥ*

### ਰੁਝਾਨ

ਬਦਲਦੇ ਰਹਿੰਦੇ ਨੇ ਮਾਅਨੇ
ਵਿਗੜਦੇ ਬਣਦੇ ਨੇ ਹਰ ਇੱਕ
ਦੌਰ ਵਿੱਚ ਸ਼ਾਇਦ ਅਖਾਣ।

ਸੀ ਕਦੇ ਖੇਤੀ ਵੀ ਉੱਤਮ
ਤੇ ਮਹਾਂ ਦਾਨੀ ਕਿਸਾਨ
ਹੋ ਰਹੇ ਨੇ ਅੱਜ ਜੋ ਸ਼ਾਹਾਂ-ਅਧੀਨ
ਖਾ ਲਈ ਏ ਕੁਝ ਘਰਾਂ ਨੇ
ਪਿੰਡ ਸਾਰੇ ਦੀ ਜ਼ਮੀਨ
ਦੂਸਰੇ ਪਾਸੇ ਮਸ਼ੀਨਾਂ
ਖੋਹ ਲਏ ਨੇ ਰੋਜ਼ਗਾਰ।

ਚਾਕਰੀ ਉੱਤਮ ਹੈ ਸ਼ਾਇਦ, ਉਹ ਵੀ,
ਕੁਝ ਲੋਕਾਂ ਲਈ
ਬਾਕੀਆਂ ਵਿਚੋਂ ਤਾਂ ਕਿਰਦਾ
ਜਾ ਰਿਹਾ ਹੈ ਏਤਬਾਰ।

ਸਰਵ-ਉੱਤਮ ਰਹਿ ਗਈ ਏ
ਹੁਣ ਤਾਂ ਉਹ ਨੇਤਾ-ਗਿਰੀ
ਜੋ ਬਣਾ ਸਕੇ ਵਜ਼ਾਰਤ ਵੀ ਕਦੇ
ਲਾ ਸਕੇ ਜੋ ਸੰਨ੍ਹ ਲੋਕਾਂ ਦੇ ਘਰੀਂ
ਕੁਝ ਸਮੇਂ ਵਿਚ ਹੀ ਜੋ ਜਾਏ,
ਮੁਲਕ ਸਾਰੇ ਨੂੰ ਡਕਾਰ।

ਬਦਲਦੇ ਰਹਿੰਦੇ ਨੇ ਮਾਅਨੇ
ਵਿਗੜਦੇ ਬਣਦੇ ਨੇ ਹਰ ਇੱਕ
ਦੌਰ ਵਿੱਚ ਸ਼ਾਇਦ ਅਖਾਣ।
ਇਕ ਥਾਂ ਟਿਕਿਆ ਨਹੀਂ ਰਹਿੰਦਾ
ਕਦੇ ਕੋਈ ਰੁਝਾਨ।

### ਪਾਣੀਆਂ ਵਿੱਚ ਅੱਗ ਹੈ

ਪਾਣੀਆਂ ਵਿੱਚ ਅੱਗ ਹੈ
ਬਰਫਾਂ 'ਚ ਵੀ ਸਿਮਟੀ ਜਵਾਲਾ
ਉਂਜ ਹੱਥ ਲਾਇਆਂ ਛਿੜੇ,
ਜਿਸਮਾਂ 'ਚ ਪਾਲਾ।

ਸ਼ਕਤੀਆਂ ਦੀ ਖਾਣ ਹੈ
ਬੰਦੇ ਦਾ ਇਹ ਚਲਦਾ ਸਰੀਰ
ਉਂਝ ਹੈ ਮਿੱਟੀ ਦਾ ਪੁਤਲਾ
ਉਂਝ ਹੈ ਵਾਧੂ ਦਾ ਭਾਰ
ਭਾਰ ਪਰ ਇਹ ਵੀ ਹੈ
ਕਾਫੀ ਚੁੱਕਦਾ
ਜਦ ਕਦੇ ਆਉਂਦਾ ਹੈ ਇਸਨੂੰ
ਇਹ ਖਿਆਲ
ਮੈਂ ਵੀ ਹਾਂ ਬੰਦੇ ਦਾ ਦਾਰੂ
ਮੈਂ ਹਾਂ ਜੀਵਨ ਦਾ ਅੰਗ
ਹੋ ਨਹੀਂ ਸਕਦਾ ਮੇਰੇ ਹੁੰਦੇ
ਪ੍ਰਿਥਵੀ ਦਾ ਵਿਨਾਸ਼।

੧੨੫੭-C-LIG
ਫੇਜ਼ 10, ਮੁਹਾਲੀ-160062

## ਡਰ / *ਰਤਨ ਸੀਚੇਵਾਲਵੀ*

– ਧੀ ਦੀ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ ਹੈ
ਜੰਮਦਿਆਂ ਹੀ ਭਰ ਦਿਤੇ ਜਾਂਦੇ ਹਨ
ਇਸਦੇ ਮਨ 'ਚ
ਮਨਹੂਸ ਜਿਹੇ ਡਰ
ਕਦੇ ਬਿੱਲੀ ਦਾ ਡਰ
ਕਦੇ ਕੁੱਤੇ ਦਾ ਡਰ
– ਅਗਲਾ ਡਰ ਅਜੇ ਬੂਹਿਓਂ ਬਾਹਰ ਨਹੀਂ ਹੁੰਦਾ
ਕਿ ਨਵਾਂ ਆਣ ਵੜਦਾ ਹੈ ਘਰ–
ਕਦੇ ਮਾਂ ਦੀਆਂ ਝਿੜਕਾਂ ਦਾ ਡਰ
ਕਦੇ ਪਿਉ ਦੀ ਘੁਰਕੀ ਦਾ ਡਰ
ਕਦੇ ਭਰਾ ਦੇ ਥੱਪੜਾਂ ਦਾ ਡਰ
ਕਦੇ ਮਾਸਟਰ ਦੇ ਸੁਆਲਾਂ ਦਾ ਡਰ!
– ਫਿਰ ਇਸਦੇ ਵਿੰਨ੍ਹ ਦਿਤੇ ਜਾਂਦੇ ਹਨ ਕੰਨ
ਫਿਰ ਬੂਹੇ ਆ ਢੁੱਕਦੀ ਹੈ ਜੰਨ
ਫਿਰ ਹੋ ਜਾਂਦਾ ਹੈ ਵਿਆਹ
ਤੇ ਵਿਆਹ ਵਿੱਚ ਮਿਲਦਾ ਹੈ
ਢੇਰ ਸਾਰਾ ਡਰ ਦਾ ਦਹੇਜ!
– ਫਿਰ ਸ਼ੁਰੂ ਹੋ ਜਾਂਦਾ ਹੈ
ਓਹੀ ਡਰ–
ਕਦੇ ਸੱਸ ਦਾ ਡਰ
ਕਦੇ ਸਹੁਰੇ ਦਾ ਡਰ
ਕਦੇ ਪਤੀ ਦਾ ਡਰ
ਕਦੇ ਨਨਾਣ ਦਾ ਡਰ
ਕਦੇ ਜੇਠ ਦਾ ਡਰ
ਕਦੇ ਜਠਾਣੀ ਦਾ ਡਰ
– ਫਿਰ ਹੋ ਜਾਂਦੇ ਹਨ ਧੀਆਂ-ਪੁੱਤਰ
ਫਿਰ ਓਹੋ ਧੀਆਂ-ਪੁੱਤਰਾਂ ਦੇ ਮਿਹਣੇ
ਫਿਰ ਓਹੋ ਨੂੰਹ-ਜੁਆਈ ਦੀਆਂ ਘਤੂਸਾਂ
ਫਿਰ ਓਹੀ ਸਹਿਮਿਆ ਸਹਿਮਿਆ ਵਾਤਾਵਰਣ

– ਫਿਰ ਮੱਥੇ ਪੈ ਜਾਂਦੀਆਂ ਹਨ ਝੁਰੜੀਆਂ
ਤੇ ਆ ਜਾਂਦਾ ਹੈ ਬੁਢਾਪਾ
ਧਰਤੀ ਤੇ ਪੈਰ ਧਰੇ ਤਾਂ ਕੰਬਦੀ ਏ ਦੇਹ
ਨੀਲੇ ਅੰਬਰ ਵਲ ਵੇਖੇ ਤਾਂ ਡਿੱਗਦਾ ਏ ਅੰਬਰ
ਫਿਰ ਚਿੱਤ 'ਚ ਕਿਤੇ ਲਹਿ ਜਾਂਦੇ ਹਨ
ਮੌਤ ਦੇ ਅਣ-ਚਿੱਤਵੇ ਖੰਡਰ..........!

੩੨੮ ਗੁਰੂ ਨਾਨਕ ਪੁਰਾ (ਵੈਸਟ)
ਡਾਕਖਾਨਾ ਚੌਗਿਟੀ, ਜਲੰਧਰ-੧੪੪੦੦੯



Sri Satguru Jagjit Singh Ji eLibrary NamdhariElibrary@gmail.com

# ਪ੍ਰਾਰਥਨਾ/ *—ਦਲਬੀਰ ਸਿੰਘ 'ਤਰਸ' (ਆਸਟ੍ਰੇਲੀਆ)*

ਮੇਰੇ ਪਾਸ ਵਸੰਦੜੇ ਹੇ ਮੇਰੇ ਸੁਆਮੀ! ਸੁਣ ਅਰਦਾਸ ਹਮਾਰੀ।
ਜਲਤ ਰਹੀ ਇਸ ਧਰ ਦੀ ਦਿਹਰੀ ਵਰਸੋ ਬਣ ਜਲਧਾਰੀ।

ਮੈਂ ਜਾਣਾ ਸਭ ਏਸ ਜਗਤ ਮਹਿੰ ਤੇਰਾ ਖੇਲੁ ਰਚਾਇਆ ;
ਤੂੰ ਆਪੇ ਭੋਗ ਭਗਈਆ ਤੂੰ ਕੱਖੀਂ ਜੀਵ ਰੁਲਾਇਆ ;
ਦਰ ਤੇ ਖੜ੍ਹਾ ਭਿਖਾਰੀ ਸਾਜਨ! ਬੁੱਕ ਬਖ਼ਸ਼ਿਸ਼ ਦਾ ਪਾਓ।

ਭਰੀ ਵਗੇ ਵਿਕਾਰ ਦੀ ਨਦੀਆ ਛਲਕਣ ਲੱਗੇ ਕੰਢੇ ;
ਦੋਵੇਂ ਕਾਲ ਇਹ ਆਪੇ ਜੀਵੀਂ ਜਮਾਂ ਦੇ ਹੱਥੀਂ ਵੰਡੇ ;
ਰਚਨਹਾਰ ਮੇਰੀ ਸੁਣੋ ਬਿਨੰਤੀ ਮਾਰਗ ਸਤਿ ਦਰਸਾਓ।

ਭਰਿਆ ਪਿਆ ਰਸਾਤਲ ਟੋਆ ਅਜੇ ਭੀ ਭੀੜਾਂ ਲੱਗੀਆਂ ;
ਜਿਸ ਦੀ ਨਾਮ ਲਿਆਂ ਸੜ ਜਾਈਏ ਐਸੀਆਂ ਪੌਣਾਂ ਵੱਗੀਆਂ ;
ਗਾੜ੍ਹੀ ਰਾਤ ਅਮਾਵਸ ਛਾਈ ਕਿਤੇ ਤੇ ਦੀਪ ਜਗਾਓ।

ਸੌਂ ਗਏ ਅੱਜ ਨਿਰਾਸ ਦੀ ਮੰਜੀ ਰੋ ਰੋ ਜੀਵ ਨਿਮਾਣੇ ;
ਨਾਲ ਗੋਲੀਆਂ ਭੁੰਨੇ ਜਾਂਦੇ ਜਾਂ ਮੰਗੇ ਇਨ੍ਹਾਂ ਦਾਣੇ ;
ਜਗਤ ਜਲੰਦਾ ਰਾਖਣਹਾਰੇ ਸੀਤਲਤਾ ਵਰਸਾਓ।

ਜਲ ਵਿਚੋਂ ਹੀ ਉਠੇ ਬੁਲਬੁਲਾ ਜਲ ਵਿੱਚ ਫੇਰ ਸਮਾਵੇ ;
ਫਿਰ ਭੀ ਆਪ ਮਨੁੱਖਤਾ ਏਥੋਂ ਆਜ ਤਿਲਕਦੀ ਜਾਵੇ ;
ਜੀਅ ਜੰਤ ਹਮ ਏਕ ਪਿਤਾ ਕੇ ਏਕਸ ਕੇ ਲੜ ਲਾਓ।

ਸਦਾ ਸੁਹਾਗਣ ਅੱਜ ਦੀ ਕੰਨਿਆਂ ਜੰਮਦਿਆਂ ਹੋ ਜਾਏ ਰੰਡੀ ;
ਸ਼ਰੇ ਆਮ ਅੱਜ ਪੱਤ ਉੜਾ ਕੇ ਹਵਸ ਨੇ ਹੱਥੀਂ ਵੰਡੀ ;
ਰੁੜ੍ਹਦੀ ਜਾਂਦੀ ਦਿਸਦੀ ਨਈਆ ਕੋਈ ਕੋਮਲ ਕਲਾ ਦਿਖਾਓ।

ਲੰਮੀ ਲੀਕ ਬਣਾ ਤੇ ਤੁਰ ਜਏ ਜਿਉਂ ਅੰਬਰ ਤੋਂ ਤਾਰਾ ;
ਇੰਜ ਹੀ ਜੀਵ ਦਾ ਇਸ ਜੱਗ ਉੱਤੇ ਔਣ ਦਾ ਦਿਸੇ ਨਜ਼ਾਰਾ ,
ਹੇ ਮਿਹਰਾਮਤ ਭਰੇ ਖ਼ਜ਼ਾਨੇ! ਕੁਝ ਦਇਆ ਨੂਰ ਵਰਸਾਓ।

ਅੱਜ ਦੀ ਹਰ ਦਿਹਾੜ ਸਜਣ ਜੀ! ਦਿੱਸੇ ਰੋਗਣ ਹੋਈ ;
ਭੁੱਖਾਂ ਰੋਵਣ ਭੋਗ ਭੀ ਰੋਵਣ ਦੋਵਾਂ ਨੇ ਮੱਤ ਖੋਈ ;
ਬਾਝ ਟੇਕ ਕਰਤਾਰ ਨਾ ਹੋਣਾ ਕਦੀ ਸਹਜ ਸਮਝਾਓ।

ਜਦ ਤੱਕ ਕੋਈ ਉੱਤਰ ਅਕਾਸ਼ੋਂ ਨਾ ਵਿੱਚ ਅਗਨ ਦੇ ਖੜ੍ਹਦਾ ;
ਗਟਗਟ ਕਰਕੇ ਜ਼ਹਿਰਾਂ ਪੀਂਦਾ ਤਿੱਪ ਭੀ ਸੀ ਨਾ ਕਰਦਾ ;
ਨਹੀਂ ਵਸੇ ਥੱਲਾਂ ਵਿੱਚ ਗੰਗਾ ਸ਼ਿਵ ਜੀ ਜਟਾਂ ਹਲਾਓ।

ਭੁੱਲ ਗਏ ਸਿੱਧਾ ਰਾਹ ਮਨਜ਼ਲ ਵੱਲ ਪੈ ਗਏ ਵਿੰਗੀ ਡੰਡੀਆਂ ;
ਕੱਖੋਂ ਹਲਕੀ ਪੱਤ ਵਿਕੇਂਦੀ ਅੱਜ ਵਿੱਚ ਸਮੇਂ ਦੀ ਮੰਡੀਆਂ ;
ਸਭ ਵਿਗਿਆਨੀਆਂ ਸਾਧੂ ਖਾ ਲਏ ਪਲਕਾਂ ਜ਼ਰਾ ਉਠਾਓ।

ਅੱਜ ਦਾ ਜੀਵ ਸੁਣਨ ਨਾ ਜਾਣੇ ਕੰਨੀਂ ਉਂਗਲਾਂ ਤੁੰਨੀਆਂ;
ਜਾਣਦਿਆਂ ਭੀ ਮਾਨਵ ਐਸੇ ਸੁਰਾਂ ਸੰਗ ਦੀਆਂ ਮੁੰਨੀਆਂ ;
ਭਾਰ ਨਾ ਚੁੱਕਿਆ ਜਾਏ ਧਰਤ ਦਾ ਗਿਰਦਾ ਬਲਦ ਬਚਾਓ।

ਅੱਜ ਫਿਰ ਰੂਹ ਦੀ ਰਾਣੀ ਦਿੱਸੇ ਜਿਵੇਂ ਵਿਆਕੁਲ ਹੋਈ ;
ਸੱਭੇ ਰਾਹ ਇੰਦਰੀਆਂ ਰੋਕੇ ਏਥੇ ਬਾਤ ਨਾ ਪੁੱਛੇ ਕੋਈ ;
ਲਿਪਟੇ ਪਏ ਸੰਸਾਰ ਨਾ ਲੋਕੀ ਕਿਤੇ ਅਰਸ਼ੋਂ ਨੂਰ ਵਰ੍ਹਾਓ।

ਪੀ ਕੇ ਖ਼ੂਨ ਡਕਾਰ ਨਾ ਲੈਂਦੇ ਮਨੁੱਖਤਾ ਦੇ ਰਖਵਾਲੇ ;
ਬੇਵੱਸ ਹੋ ਵਿਗਿਆਨ ਦੀ ਡੋਰੀ ਦੈਂਤਾਂ ਹੋਈ ਹਵਾਲੇ ;
ਹੜ੍ਹੇ ਜਾਣ ਪਰਮਾਰਥ ਸ਼ਾਸਤ ਬੰਧ ਬਣੋ ਬਣ ਆਓ।

ਤੁਰ ਤੁਰ ਕੇ ਸੈ ਕੋਸ ਲੰਘਾਏ ਅਜੇ ਕਿੰਨੇ ਕੁ ਹੋਰ ਲੰਘੌਣੇ ;
ਕਦੋਂ ਕ ਸੱਜਣਾ! ਕਿੱਧਰੋਂ ਸੁਆਮੀ! ਕਿੱਤ ਬਿੱਧ ਦਰਸ ਦਖੌਣੇ ;
ਕਿਤੇ ਤਿੜਕ ਨਾ ਜਾਏ ਤੰਦ ਆਸ ਦੀ ਬਣ ਧੀਰਜ ਵਰੋਸਾਓ।

ਹਫ਼ਦੇ ਹਫ਼ਦੇ ਰਾਹੀ ਤੁਰਦੇ ਪੰਡਾਂ ਭਰੀਆਂ ਚਾਈਆਂ ;
ਅਜੇ ਭੀ ਡੱਕ-ਬੱਸ ਨਾ ਲਾਈ ਲਾਲਸੀਆਂ ਲਲਚਾਈਆਂ ;
ਦਿਓ ਸੱਤ, ਸੰਤੋਖੀ ਦਾਤੇ! ਧੀਰ ਦੀ ਛਹਿਬਰ ਲਾਓ।

ਫੜੀ ਡੰਗੋਰੀ ਹੱਥ ਵਿੱਚ ਮੇਰੇ ਹਿੰਮਤ ਅਜੇ ਨਾ ਹਾਰੀ ;
ਨਿੱਤ ਨਵੇਂ ਚੁਣ ਫੁੱਲ ਵਿਛਾਏ ਤ੍ਰੇਹ ਛੱਬਰੀ ਦੀ ਪਿਆਰੀ ;
ਮਹਾਂ-ਬਾਹੂ ਹੇ ਰਾਮ ਪਿਆਰੇ! ਦਾਨ ਦਰਸ ਦਾ ਪਾਓ।

ਲੰਘ ਗਿਆ ਜੇ ਇਹ ਸਮਾਂ ਭੀ ਵਿੱਚ ਖ਼ੂਨ ਦੇ ਨ੍ਹਾ ਕੇ ;
ਕੌਣ ਸੁਣੇ ਤੇ ਕੌਣ ਸੁਣਾਵੇ ਫ਼ੇਰ ਸੁਹਿਲੜੇ ਗਾ ਕੇ ;
ਭਾਰੀ ਪੰਡ ਚੁੱਕੀ ਨਾ ਜਾਏ, ਆਓ ਤੇ ਹੱਥ ਵਟਾਓ।

ਹਾਰ ਗਏ ਅਸੀਂ ਕਹਿ ਕਹਿ ਸੱਜਣਾਂ! ਹੁਣ ਹੋਰ ਕਹਿਣ ਨਾ ਹੁੰਦੇ ;
ਪਲਟਣ ਰੁੱਤਾਂ ਪਰਤਣ ਪੰਛੀ ਭਿੰਨੇ ਰੰਗ ਇਹ ਸਹਿਣ ਨਹੀਂ ਹੁੰਦੇ ;
ਹੱਥ ਕਿਸੇ ਕੋਈ ਭੇਜ ਸੁਨੇਹੜਾ ਜਾਂ ਪਕੜ ਬਾਹੋਂ ਲੈ ਜਾਓ।



Sri Satguru Jagjit Singh Ji eLibrary NamdhariElibrary@gmail.com

# "ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ"

*ਪ੍ਰੋ. ਲਛਮਣ ਸਿੰਘ ਸੀਨ*

*ਪ੍ਰੋ. ਲਛਮਣ ਸਿੰਘ ਸੀਨ ਸੰਗੀਤ ਦੇ ਖੇਤਰ ਵਿੱਚ ਪ੍ਰਸਿਧ ਹਸਤੀ ਹਨ। ਪਿਛਲੇ ਦਿਨੀਂ ਪ੍ਰਿੰਸ ਜਾਰਜ ਬੀ. ਸੀ. ਕੋਲੰਬੀਆ ਕੈਨੇਡਾ ਵਿੱਚ ਯੂਨੀਵਰਸਿਟੀ ਆਫ ਨਾਰਦਰਨ ਬ੍ਰਿਟਿਸ਼ ਕੋਲੰਬੀਆ ਵਿੱਚ "ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਪੜ੍ਹਿਆ ਖੋਜ ਪੱਤਰ ਇਥੇ ਛਾਪ ਰਹੇ ਹਾਂ।*

*—ਸੰਪਾਦਕ*

ਮੁਅਜ਼ਿਜ ਹਾਜ਼ਰੀਨ!

ਪ੍ਰਣਾਮ!

ਇਸ ੨੮ ਜੂਨ ਤੋਂ ਪਹਿਲੀ ਜੁਲਾਈ ਤੱਕ ਯੂਨੀਵਰਸਿਟੀ ਆਫ਼ ਨਾਰਦਰਨ ਬ੍ਰਿਟਿਸ਼ ਕੋਲੰਬੀਆ ਪ੍ਰਿੰਸ ਜਾਰਜ ਕੈਨੇਡਾ ਵਿਖੇ ਹੋ ਰਹੀ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ, ਅੱਜ ੨੯.੦੬.੨੦੦੩ ਨੂੰ ਮੈਨੂੰ ਪੇਪਰ ਪੜ੍ਹਨ ਦਾ ਮੌਕਾ ਦੇਣ ਵਾਲੇ ਪ੍ਰਬੰਧਕਾਂ ਦਾ ਮੈਂ ਬਹੁਤ ਹੀ ਸ਼ੁਕਰਗੁਜ਼ਾਰ ਹਾਂ। ਮੈਨੂੰ ਖੁਸ਼ੀ ਏ ਕਿ ਮਜ਼ਮੂਨ ਵੀ ਮੇਰੇ ਮਨਭਾਉਂਦਾ ਏ—"ਭਾਰਤੀ ਸੰਗੀਤ ਨੂੰ ਪੰਜਾਬ ਦਾ ਯੋਗਦਾਨ" ਕਿਉਂਕਿ ਹੋ ਸਕਦਾ ਏ ਕੇ ਨਵੀਂ ਪੀੜ੍ਹੀ ਨੂੰ ਇਸ ਗੱਲ ਦਾ ਪਤਾ ਨਾ ਹੋਵੇ ਕਿ ਪੰਜਾਬ ਹਰ ਖੇਤਰ ਵਿੱਚ ਅੱਗੇ ਰਿਹਾ ਹੈ। ਜਿਵੇਂ ਪੰਜਾਬ ਦੀਆਂ ਪੰਜ ਨਦੀਆਂ ਨੇ ਭਾਰਤ ਦੇ ਇੱਕ ਬਹੁਤ ਵੱਡੇ ਭੂ-ਭਾਗ ਨੂੰ ਉਪਜਾਊ ਬਣਾਇਆ, ਉਸੇ ਤਰ੍ਹਾਂ ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਲੋਕ ਸੰਗੀਤ ਨੇ ਭਾਰਤੀ ਸੰਗੀਤ ਨੂੰ ਸਮ੍ਰਿਧ ਕਰਨ ਵਿੱਚ ਜੋ ਯੋਗਦਾਨ ਦਿੱਤਾ ਹੈ, ਉਹ ਪੂਜਣਯੋਗ ਹੈ, ਪ੍ਰਸੰਸਾਯੋਗ ਹੈ।

ਅਸਲ ਵਿੱਚ ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ ਪਰਮਾਤਮਾ ਨੇ ਭਾਰਤ ਨੂੰ ਅਤੇ ਭਾਰਤ ਵਿੱਚ ਵੀ ਪੰਜਾਬ ਨੂੰ ਇਕ ਵਿਸ਼ੇਸ਼ ਥਾਂ ਤੇ ਰੱਖਿਆ ਹੈ। ਇਹ ਗੱਲ ਮੈਂ ਇਸ ਕਰ ਕੇ ਨਹੀਂ ਕਹਿ ਰਿਹਾ ਹਾਂ ਕਿ ਪੰਜਾਬ ਮੇਰੀ ਜਨਮ ਭੂਮੀ ਹੈ, ਬਲਕਿ ਇਸ ਕਰ ਕੇ ਕਹਿ ਰਿਹਾ ਹਾਂ ਕਿ ਸਭ ਨਾਲੋਂ ਜਿਆਦਾ ਅੱਛਾਈਆਂ ਭਾਵ ਖੂਬੀਆਂ ਮੈਨੂੰ ਇਥੇ ਹੀ ਦਿਖਾਈ ਦਿੱਤੀਆਂ ਨੇ। ਮੈਂ ਉਸ ਪੰਜਾਬ ਦੀ ਗੱਲ ਕਰ ਰਿਹਾ ਹਾਂ ਜੋ ਕਾਬਲ, ਕੰਧਾਰ ਤੋਂ ਲੈ ਕੇ ਦਿੱਲੀ ਤੱਕ ਸੀ ਤੇ ਕਸ਼ਮੀਰ, ਹਿਮਾਚਲ, ਹਰਿਆਣਾ ਵਿੱਚੇ ਹੀ ਸਨ। ਕਸ਼ਮੀਰ ਨੂੰ ਭਾਰਤ ਦਾ ਸਿਰ ਅਤੇ ਪੰਜਾਬ ਨੂੰ ਭਾਰਤ ਦਾ ਸੀਨਾ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੂੰ ਸੰਸਕ੍ਰਿਤ ਸਿੱਖਣ ਵਾਸਤੇ ਕਸ਼ਮੀਰ ਭੇਜਿਆ ਸੀ ਉਥੇ ਉਹ ਪੰਡਿਤ ਕੌਲ ਜੀ ਕੋਲੋਂ ਸੰਸਕ੍ਰਿਤ ਵਿੱਚ ਗਿਆਨ ਪ੍ਰਾਪਤ ਕਰਦੇ ਰਹੇ। ਪਹਾੜ-ਹਿਮਾਲਿਆ, ਕੈਲਾਸ਼ ਵਗੈਰਾ, ਜਿਨ੍ਹਾਂ ਦਾ ਸੰਬੰਧ ਸਵਰਗਾਪੁਰੀ ਨਾਲ ਹੈ। ਦਰਿਆ-ਜੇਹਲਮ, ਝਨਾਂ (ਚੰਦ੍ਰਭਗਾ, ਚੰਦ੍ਰਲੋਕ) ਰਾਵੀ (ਸੂਰਯ ਤੋਂ) ਬਿਆਸ (ਜਿਥੇ ਵੇਦ ਲਿਖੇ ਗਏ) ਅਤੇ ਸਤਲੁਜ ਜਿਹੀਆਂ ਪਵਿੱਤਰ ਨਦੀਆਂ ਹਨ। ਮਨੂ ਸਮਰਿਤੀ-ਮਨੂ ਨੀਤੀ ਇਥੇ ਹੀ ਲਿਖੀ ਗਈ। ਮਨਾਲੀ ਇਸ ਦੀ ਸਾਖਸ਼ੀ ਹੈ। ਮਨੂ ਮਹਾਰਾਜ ਇਥੇ ਹੀ ਹੋਏ।

ਪੰਜਾਬ ਦੀ ਧਰਤੀ ਉਤੇ ਹੀ ਮਹਾਂਰਿਸ਼ੀ ਵਾਲਮੀਕਿ ਨੇ ਰਾਮਤਵ ਦੀ ਪ੍ਰਤਿਸ਼ਠਾ ਨਾਲ ਮਨੁੱਖ ਦੀ ਮਨੁੱਖਤਾ ਨੂੰ ਜਿਸ ਤਰ੍ਹਾਂ ਮਹਿਮਾਮਈ ਕੀਤਾ ਹੈ, ਉਹ ਧਰਤੀ ਦੇ ਕਿਸੇ ਵੀ ਸਮਾਜ ਲਈ ਦਿਸਾ ਨਿਰਦੇਸ਼ਕ ਬਣ ਸਕਦੀ ਹੈ। ਰਾਮ ਕਥਾ ਪਿਛਲੇ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਦੇ ਘਰ ਘਰ ਵਿੱਚ ਸੁਣੀ ਜਾ ਰਹੀ ਹੈ। ਇਹ ਮਹਾਨ ਗ੍ਰੰਥ ਸੰਸਕ੍ਰਿਤ ਵਿੱਚ ਲਿਖਿਆ ਗਿਆ। ਇਹ ਦਾ ਸਲੋਕ ਹੈ :-

"ਜਨਨੀ ਜਨਮ ਭੂਮੀਸ਼ਚ
ਸਵਰਗਾਦਪੀ ਗਰੀਯਸੀ।"

ਯਾਨੀ—ਮਾਂ ਅਤੇ ਧਰਤੀ ਮਾਂ ਦਾ ਦਰਜਾ ਸਵਰਗ ਤੋਂ ਵੀ ਉੱਚਾ ਹੈ। ਇਹ ਸ਼ਬਦ ਭਗਵਾਨ ਰਾਮ, ਬਨਵਾਸ ਜਾਣ ਵੇਲੇ ਆਯੋਧਿਆ ਛੱਡਣ ਲੱਗਿਆ ਕਹਿੰਦੇ ਹਨ। ਇਸ ਗ੍ਰੰਥ ਵਿੱਚ ਸੰਗੀਤ ਦਾ ਉਲੇਖ ਕਈ ਥਾਵਾਂ ਤੇ ਮਿਲਦਾ ਹੈ, ਲਛਮਣ ਜੀ ਜਦੋਂ ਸੁਗਰੀਵ ਦੇ ਅੰਤ: ਪੁਰ ਵਿੱਚ ਪ੍ਰਵੇਸ਼ ਕਰਦੇ ਹਨ ਉਥੇ ਉਹ ਵੀਣਾ ਵਾਦਨ ਦੇ ਨਾਲ ਸੁੱਧ ਗਾਇਨ ਸੁਣਦੇ ਹਨ। ਰਾਵਣ ਨੂੰ ਵੀ ਸੰਗੀਤ ਦਾ ਮਹਾਨ ਵਿਦਵਾਨ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਮਹਾਂਭਾਰਤ ਕਾਲ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਸੰਗੀਤ ਦੇ ਮਹਾਨ ਅਚਾਰੀਆ ਹੋਏ। ਅਰਜੁਨ ਵੀ ਸੰਗੀਤ ਦਾ ਮਹਾਨ ਵਿਦਵਾਨ ਸੀ। ਅਗਿਆਤਵਾਸ ਦੇ ਸਮੇਂ ਵਿਰਾਟ ਰਾਜਾ ਦੀ ਪੁੱਤਰੀ ਉੱਤਰਾ ਨੂੰ ਆਪਣਾ ਨਾਂ ਬ੍ਰਿਹਨੱਲਾ ਰੱਖ ਕੇ ਸੰਗੀਤ ਸਿਖਾਉਂਦਾ ਰਿਹਾ ਤੇ ਉਹ ਵਿਰਾਟ ਨਗਰੀ ਦਸੂਹਾ ਹੈ। ਇਹ ਰਾਜਾ ਵਿਰਾਟ ਦੀ ਰਾਜਧਾਨੀ ਸੀ। ਮਹਾਂਭਾਰਤ ਵਿੱਚ ਸੱਤ ਸੁਰਾਂ ਅਤੇ ਗੰਧਾਰ ਗ੍ਰਾਮ ਦਾ ਵਰਨਣ ਹੈ। ਪੰਜਾਬ (ਪੰਚਾਲ) ਵਿੱਚ ਹੀ ਸਭ ਤੋਂ ਪਹਿਲਾਂ ਪਾਨਿਨੀ ਰਿਸ਼ੀ ਨੇ ਵੇਦਾਂ ਨੂੰ ਪੜ੍ਹਿਆ ਅਤੇ ਉਨ੍ਹਾਂ ਨੂੰ ਰਸ ਮਹਿਸੂਸ ਹੋਇਆ। ਫਿਰ ਬਾਰ-ਬਾਰ ਪੜ੍ਹਨ ਤੇ ਪਤਾ ਚੱਲਿਆ ਕਿ ਇਨ੍ਹਾਂ ਵਿਚ ਲਯ ਹੈ। ਮੁੜ ਮੁੜ ਪੜ੍ਹ ਕੇ ਦੇਖਿਆ ਤਾਂ ਉਨ੍ਹਾਂ ਨੂੰ (੨੪) ਤਰ੍ਹਾਂ ਦੀ ਲਯ ਮਿਲੀ। ਇਹ (੨੪) ਛੰਦ ਹਨ। ਛੰਦ ਦਾ ਮਤਲਬ ਛਾਦਨ ਹੁੰਦਾ ਹੈ। ਯਾਨੀ ਕਾਵਿ ਸ਼ਬਦਾਂ ਉਤੇ ਇਕ ਖੂਬਸੂਰਤ ਪਰਦਾ, ਜਿਹੜਾ ਕੇ ਸੰਸਾਰ ਦੇ ਸਾਰੇ ਕਾਵਿ ਸਾਹਿਤ ਵਿੱਚ ਇੰਝ ਵਿਆਪਤ ਹੈ ਜਿਵੇਂ ਤਿਰਲੋਕੀ ਵਿੱਚ ਵਿਸ਼ਣੂ। ਠੀਕ ਇਸੇ ਤਰ੍ਹਾਂ ਦੇ ਸੰਗੀਤ ਵਿੱਚ ਤਾਲ ਹੈ। ਕਾਲ ਛੰਦਾਂ ਦਾ ਹੀ ਕ੍ਰਿਆਤਮਕ ਭਾਵ ਪ੍ਰੈਕਟੀਕਲ ਰੂਪ ਹੈ। ਜਿਹੜਾ



Sri Satguru Jagjit Singh Ji eLibrary NamdhariElibrary@gmail.com

ਕਿ ਪੰਜਾਬ ਬਾਜ ਵਿੱਚ ਸਾਫ਼ ਝਲਕਦਾ ਹੈ।

ਪਾਨਿਨੀ ਰਿਸ਼ੀ ਨੇ ਹੀ ਸੰਸਕ੍ਰਿਤ ਦੇ ਵਿਆਕਰਣ ਲਈ (੧੪) ਸਮੂਹਾਂ ਭਾਵ ਗਰੁੱਪਾਂ ਵਿੱਚ ਸਾਰੀ ਵਰਣਮਾਲਾ ਨੂੰ ਵੰਡਿਆ, ਜਿਨ੍ਹਾਂ ਨੂੰ (੧੪) ਸੂਤਰ ਕਿਹਾ ਜਾਂਦਾ ਹੈ। ਖਾਸ ਗੱਲ ਇਹ ਹੈ ਕਿ ਰਿਸ਼ੀ ਲਿਖਦੇ ਹਨ (੧੪) ਆਵਾਜ਼ਾਂ ਉਨ੍ਹਾਂ ਨੂੰ ਸ਼ਿਵ ਜੀ ਦੇ ਡਮਰੂ ਵਜਾਉਣ ਤੇ ਮਿਲੀਆਂ ਜਿਨ੍ਹਾਂ ਤੋਂ ਉਨ੍ਹਾਂ ਨੇ (੧੪) ਸੂਤਰ ਬਣਾਏ :-

**ਨ੍ਰਿਤਾ ਵਸਾਨੇ ਨਟ ਰਾਜ ਰਾਜੋ,**
**ਨਨਾਦ ਡਕਵਾਮ ਨਵ ਪੰਚ ਵਾਰਮ।**
**ਉੱਧਰਿਤ ਕਾਮੋ ਸਨਕਾਦਿ ਸਿੱਧਾਨੇਤਤੁ,**
**ਵਿਮਰਸ਼ੇ ਸ਼ਿਵ ਸੂਤ੍ਰ ਜਾਲਮ।**

ਇਸ ਤਰ੍ਹਾਂ ਉਨ੍ਹਾਂ ਦੇ ਤਾਲ ਵਾਦਯਾਂ ਦਾ ਇਕ ਵਿਸ਼ੇਸ਼ ਮਹੱਤਵ ਦੱਸਿਆ। ਤਾਲ ਸ਼ਬਦ ਦੀ ਵਯੁਤਪੱਤੀ ਬਾਰੇ ਉਹ ਲਿਖਦੇ ਹਨ :-

**ਤਾਲਸਾਃ ਤਲ ਪ੍ਰਤਿਸ਼ਠਾਯਾਮਿਤੀ ਧਾਤੋਰਘੰਞ ਸਮ੍ਰਿਤਾ।**
**ਗੀਤੰ ਵਾਦਯੰ ਨ੍ਰਿਤਯੰਚ ਯਤਸਤਾਲੇ ਪ੍ਰਤਿਸ਼ਠਤਮ॥**

ਭਾਵ—ਤਾਲ ਸ਼ਬਦ ਤਲ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਆਧਾਰ ਹੈ। ਇਸ ਨੂੰ (ਤਲ ਨੂੰ) ਘਞੰ ਪ੍ਰਤਯਯ ਲਗਣ ਨਾਲ ਇਹ ਦੀਰਘ ਹੋ ਜਾਂਦਾ ਹੈ। ਯਾਨੀ ਤਲ ਤੋਂ ਤਾਲ ਹੋ ਜਾਂਦਾ ਹੈ। ਗਾਉਣ, ਬਜਾਉਣ ਅਤੇ ਨਿਤ੍ਰ ਦਾ ਆਧਾਰ ਤਾਲ ਹੀ ਹੈ।

ਇਸ ਤਰ੍ਹਾਂ ਪੰਜਾਬ—'ਸਾਹਿਤ, ਸੰਗੀਤ ਅਤੇ ਕਲਾ ਦੀ ਇਕ ਤਪੋ-ਭੂਮੀ ਹੈ। ਗੁਰੂ ਅਰਜੁਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਏਸੇ ਪੰਚ ਨਦ ਪ੍ਰਦੇਸ਼ ਉੱਪਰ ਕੀਤੀ। ਸੰਗੀਤ ਦਾ ਮਹੱਤਵ ਏਥੋਂ ਵੀ ਵੇਖਿਆ ਜਾ ਸਕਦਾ ਹੈ ਕਿ ਭਗਵਾਨ ਵਿਸ਼ਣੂ "ਭਗਤਰਸਾਮ੍ਰਤ" ਵਿੱਚ ਨਾਰਦ ਜੀ ਨੂੰ ਕਹਿ ਰਹੇ ਹਨ :-

**ਨਾਹਮੁ ਵਸਾਮਿ ਵੈਕੁੰਠੇ ਯੋਗੀਨਾਂ ਹਰਿਦਯਨਚ।**
**ਮਦਭਕਤਾ: ਯਤ੍ਰਗਾਯੰਤੀ ਤਤ੍ਰ ਤਿਸ਼ਠਾਮੀ ਨਾਰਦ॥**

ਭਾਵ—"ਹੇ ਨਾਰਦ! ਮੈਂ ਵੈਕੁੰਠ ਵਿੱਚ ਨਹੀਂ ਰਹਿੰਦਾ, ਨਾ ਹੀ ਮੈਂ ਯੋਗੀਆਂ ਦੇ ਹਿਰਦੇ ਵਿੱਚ। ਮੈਂ ਉਥੇ ਵਾਸ ਕਰਦਾ ਹਾਂ ਜਿਥੇ ਮੇਰੇ ਭਗਤ ਗਾ ਰਹੇ ਹੋਣ।" ਏਥੋਂ ਲਗਦਾ ਹੈ ਕਿ ਈਸ਼ਵਰ ਪ੍ਰਾਪਤੀ ਦਾ ਉੱਤਮ ਅਤੇ ਸਰਲ ਸਾਧਨ ਸੰਗੀਤ ਹੀ ਹੈ। ਉਦਾਸੀਆਂ ਸਮੇਂ ਬਾਰ-ਬਾਰ ਪੜ੍ਹਨ ਨੂੰ ਮਿਲਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ :-"ਮਰਦਾਨਿਆਂ! ਛੇੜ ਰਬਾਬ ਬਾਣੀ ਆਈ ਹੈ।" ਮਰਦਾਨੇ ਦੀਆਂ ਉਂਗਲੀਆਂ ਤਾਰਾਂ ਉਤੇ ਫਿਰਦੀਆਂ, ਫਿਜ਼ਾ, ਵਿੱਚ ਰਸਭਿੰਨਾ ਅਨਹਦ ਨਾਦ ਗੂੰਜਦਾ ਤੇ ਸਤਿਗੁਰ ਨਾਨਕ ਦੇਵ ਬਾਣੀ ਦਾ ਉਚਾਰਣ ਕਰਦੇ-ਗਾਉਂਦੇ। ਜੰਗਲ ਵਿੱਚ ਮੰਗਲ ਲੱਗ ਜਾਂਦਾ। ਪਸ਼ੂ ਪੰਛੀ ਵੀ ਕੀਲੇ ਜਾਂਦੇ ਤੇ ਆ ਕੇ ਪਾਸ ਬੈਠ ਜਾਂਦੇ। ਗੁਰੂ ਸਾਹਿਬਾਨ ਅਕਸਰ ਫਰਮਾਇਆ ਕਰਦੇ ਕਿ ਹਰ ਪੰਜਾਬੀ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਆਉਣੀ ਹੀ ਚਾਹੀਦੀ ਹੈ। ਇਸ ਹੁਕਮ ਨੂੰ ਅਮਲੀ ਰੂਪ ਦੇਣ ਵਾਸਤੇ ਸਾਡੇ ਪੰਜਾਬ ਨੇ ਵੱਧ ਤੋਂ ਵੱਧ ਯਤਨ ਕੀਤੇ ਤੇ ਸਾਰੇ ਘਰਾਣਿਆਂ ਨੇ ਆਪਣਾ-ਆਪਣਾ ਯੋਗਦਾਨ ਪਾ ਕੇ ਸੰਗੀਤ ਨੂੰ ਬਹੁਰੰਗੀ ਬਣਾ ਦਿੱਤਾ। ਗੁਰੂਆਂ, ਪੀਰਾਂ ਤੇ ਰਿਸ਼ੀਆਂ ਦੇ ਮਤ ਅਨੁਸਾਰ ਅਕਾਲ ਪੁਰਖ ਦਾ ਹੁਕਮ ਸਮਝਣ ਵਾਸਤੇ ਸੰਗੀਤ ਇਕ ਉੱਤਮ ਮਾਧਿਅਮ ਹੈ। ਜਿਵੇਂ :-

**ਰਾਗ ਨਾਦ ਸਭ ਸੱਚ ਹੈ ਕੀਮਤ ਕਹੀ ਨਾ ਜਾਈ।**
**ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਈ॥**

ਭਰਤਰੀ ਹਰੀ ਵੀ ਸਾਹਿਤ ਸੰਗੀਤ ਬਾਰੇ ਕਹਿੰਦੇ ਹਨ:-

**ਸਾਹਿਤ ਸੰਗੀਤ ਕਲਾ ਵਿਹੀਨਾ**
**ਸਾਖਸ਼ਾਤ ਪਛੂ ਪੁੱਛ ਵਿਛਾਨ ਹੀਨਾ।**
**ਤ੍ਰਿਣੰ ਖਾਦੰਾ ਨ ਪੀ ਜੀਵਮਾਨੂੰ**
**ਤਦ ਭਾਗ ਧਏਯਮ ਧਰਮੰ ਪਸੁਨਾਮ॥**

ਭਾਵ—ਸਹਿਤ ਸੰਗੀਤ ਕਲਾਵਾਂ ਤੋਂ ਬਿਨਾਂ ਪ੍ਰਾਣੀ ਸਾਖਸ਼ਾਤ ਪਸ਼ੂ ਹੈ ਜਿਹਦੇ ਸਿੰਗ ਅਤੇ ਪੂਛ ਨਹੀਂ ਹਨ ਘਾਹ ਨਹੀਂ ਖਾਂਦਾ ਅੰਨ ਖਾ ਕੇ ਜਿਉਂਦਾ ਹੈ। ਇਹ ਪਸ਼ੂਆਂ ਵਾਸਤੇ ਨਿਹਾਯਤ ਹੀ ਬੜੇ ਭਾਗਾਂ ਦੀ ਗੱਲ ਹੈ ਨਹੀਂ ਤਾਂ ਉਹਨਾਂ ਦਾ ਹਿੱਸਾ ਵੀ ਖਾ ਜਾਂਦਾ।

**ਘਰ**—ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸਾਰੀ ਰਾਗਾਂ ਵਿਚ ਹੋਈ ਹੈ। ਰਾਗ ਨੂੰ ਸ਼ੁਰੂ ਕਰਨ ਵਾਸਤੇ ਜਿਹੜਾ ਸੁਰ ਨਿਸਚਿਤ ਹੁੰਦਾ ਸੀ ਉਹ ਨੂੰ ਗ੍ਰਹਿ ਸੁਰ ਕਿਹਾ ਜਾਂਦਾ ਸੀ। ਬਾਕੀ ਸੁਰਾਂ ਵਿਚੋਂ ਕੋਈ ਅੰਸ਼ ਕੋਈ ਨਿਆਸ ਅਤੇ ਕੋਈ ਵਿਨਯਾਸ ਆਦਿ ਹੁੰਦੇ ਸਨ। ਯਾਨੀ ਗ੍ਰਹਿ, ਅੰਸ਼, ਨਿਆਸ, ਵਿਨਯਾਸ, ਸਨਿਆਸ ਅਤੇ ਅਪਨਿਆਸ ਆਦਿ ਸੁਰ ਨਿਸਚਿਤ ਹੁੰਦੇ ਸਨ। ਗ੍ਰੰਥ ਸਾਹਿਬ ਵਿੱਚ 'ਘਰੁ' ਇਸੇ ਗ੍ਰਹਿ ਸੁਰ ਦਾ ਅਨੁਵਾਦ ਹੈ। ਇਕ ਸਪਤਕ ਵਿਚ ਸ਼ੁੱਧ ਅਤੇ ਵਿਕਰਿਤ ਮਿਲਾ ਕੇ ਕੁਲ ਬਾਰਾਂ (੧੨) ਸੁਰ ਹੁੰਦੇ ਹਨ ਤੇ ਪੰਜ ਸੁਰ- (ਸਂ ਰੁਂ,ਰੇਂ ਗੁਂ ਗਂ) ਤਾਰ ਸਪਤਕ ਦੇ ਮਿਲ ਕੇ ਕੁਲ ੧੭ ਸੁਰ ਬਣ ਜਾਂਦੇ ਹਨ। ਇਨ੍ਹਾਂ ਵਿਚੋਂ ਜਿਹੜੇ ਸੁਰ ਤੋਂ ਰਾਗ ਸ਼ੁਰੂ ਕਨਾ ਉਹਦੀ ਸੰਖਿਆ ਲਿਖ ਦਿੱਤੀ ਗਈ ਹੈ। ਜਿਵੇਂ- 'ਘਰ' ਪਹਿਲਾ ਯਾਨੀ 'ਸ', ਘਰੁ-ਸਤਾਰਵਾਂ ਯਾਨੀ ਤਾਰ ਸਪਤਕ ਦਾ 'ਗਾਂ'। ਸੋਹਣੀ ਵਰਗੇ ਰਾਗ ਤਾਰ ਸਪਤਕ ਦੇ 'ਗਾਂ' ਤੋਂ ਹੀ ਸ਼ੁਰੂ ਹੁੰਦੇ ਸਨ। ਅੱਜਕਲ ਸਾਰੇ ਹੀ ਰਾਗ ਮਧ ਸਪਤਕ ਦੇ 'ਸ' ਤੋਂ ਹੀ ਸ਼ੁਰੂ ਕਰਨ ਦਾ ਰਿਵਾਜ ਹੈ। ਇਸ ਕਰ ਕੇ ਘਰੁ ਦਾ ਰਿਵਾਜ ਨਹੀਂ। ਅੰਸ਼ ਵਾਦੀ ਸੁਰ ਨੂੰ ਕਿਹਾ ਜਾਂਦਾ ਹੈ।

ਮਹਿਲਾ—ਮਹਿਲਾ ਦਾ ਮਤਲਬ ਇਸਤਰੀ ਹੈ। ਗੁਰੂ ਤੱਤਵ ਗਿਆਨੀ ਹੋਣ ਕਰ ਕੇ ਹਰ ਜੀਵਾਤਮਾ (ਪ੍ਰਾਣੀ) ਨੂੰ ਮਹਿਲਾ ਕਹਿੰਦੇ ਹਨ। ਪੁਰਸ਼ ਕੇਵਲ ਇਕੋ ਅਕਾਲ ਪੁਰਖ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਹਰ ਸ਼ਬਦ ਦੇ ਅੰਤ ਵਿਚ ਗੁਰੂ



Sri Satguru Jagjit Singh Ji eLibrary NamdhariElibrary@gmail.com

ਨਾਨਕ ਦੇਵ ਜੀ ਦਾ ਨਾਂ ਹੈ। ਇਹ ਕਿਵੇਂ ਪਤਾ ਚਲੇ ਕਿ ਕਿਹਦੀ ਰਚਨਾ ਹੈ। ਇਸ ਕਰ ਕੇ ਸ਼ਬਦ ਦੇ ਉੱਪਰ ਰਚਨਾਕਾਰ ਦੀ ਸੰਖਿਆ (ਗਿਣਤੀ) ਲਿਖ ਦਿੱਤੀ ਗਈ ਏ। ਜਿਵੇਂ ਮਹਿਲਾ ਪਹਿਲਾ= ਗੁਰੂ ਨਾਨਕ ਦੇਵ ਜੀ, ਮਹਿਲਾ ਦੂਜਾ= ਗੁਰੂ ਅੰਗਦ ਦੇਵ ਜੀ, ਮਹਿਲਾ ਤੀਜਾ= ਗੁਰੂ ਅਮਰਦਾਸ ਜੀ, ਮਹਿਲਾ ਚੌਥਾ= ਗੁਰੂ ਰਾਮਦਾਸ ਜੀ, ਮਹਿਲਾ ਪੰਜਵਾਂ= ਗੁਰੂ ਅਰਜੁਨ ਦੇਵ ਜੀ ਤੇ ਮਹਿਲਾ ਨੌਵਾਂ= ਗੁਰੂ ਤੇਗ ਬਹਾਦਰ ਦੀ ਦੁਆਰਾ ਰਚੇ ਸ਼ਬਦ ਹਨ। ਛੇਵਾਂ ਸਤਵਾਂ, ਅਠਵਾਂ ਅਤੇ ਦਸਵਾਂ, ਗ੍ਰੰਥ ਸਾਹਿਬ ਵਿਚ ਨਹੀ ਹਨ। ਕਿਉਂਕਿ ਇਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਲਗ ਦਸਮ ਗ੍ਰੰਥ ਜਾਂ ਬਚਿੱਤਰ ਨਾਟਕ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ 'ਮਹਿਲਾ' ਤੇ 'ਘਰੁ' ਦਾ ਭਾਵ ਉੱਪਰ ਦੱਸੇ ਮੁਤਾਬਕ ਸਮਝਣਾ ਚਾਹੀਦਾ ਹੈ।

(ਮਹੱਲਾ ਸ਼ਬਦ ਨੂੰ 'ਮਹਿਲਾ' ਉਚਾਰਣ ਵਾਲਾ ਇਕ ਪੱਖ ਹੈ। ਦੂਸਰਾ ਪੱਖ ਉਚਾਰਨ ਮਹੱਲਾ ਸਿਧ ਕਰਦਾ ਹੈ। ਸਵ. ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਮਹੱਲਾ ਸ਼ਬਦ ਅਰਬੀ ਮੂਲਕ ਹੈ। ਇਹ ਹਲੂਲ ਸ਼ਬਦ ਤੋਂ ਬਣਿਆ ਹੈ ਜਿਸਦੇ ਅਰਥ ਹਨ, ਉਤਰਨਾ, ਅਵਤਾਰ ਲੈਣਾ ਜਾਂ ਕਿਸੇ ਇਕ ਰੂਹ ਅਥਵਾ ਵਿਅਕਤੀ ਦਾ ਕਿਸੇ ਦੂਜੀ ਰੂਹ ਅਥਵਾ ਸ਼ਖਸੀਅਤ ਵਿਚ ਹਲੂਲ ਕੇ ਇਕਮਿਕ ਹੋਣਾ..........ਇਸ ਦਾ ਭਾਵ ਗੁਰੂ ਅਵਤਾਰ ਸਿੱਧ ਹੁੰਦਾ ਹੈ।

ਆਸਾ ਦੀ ਵਾਰ ਦੇ ਸ਼ੁਰੂ ਵਿੱਚ ਮਹਲਾ ਹੀ ਲਿਖਿਆ ਹੈ ਅਤੇ ਭਟਾਂ ਦੇ ਸਵਈਆਂ ਵਿਚ ਵੀ ਬਾਰ ਬਾਰ ਮਹਲਾ ਸ਼ਬਦ ਹੀ ਵਰਤਿਆ ਹੈ—ਸੰਪਾਦਕ)

**ਸੀਤਾ ਬਨਵਾਸ**—ਸੀਤਾ ਜੀ ਦਾ ਬਨਵਾਸ ਸਮਾਂ ਪੰਜਾਬ ਵਿਚ ਕਟਿਆ ਭਾਵ ਬਤੀਤ ਹੋਇਆ। ਉਹੋ ਜਗਾਹ ਹੈ- ਰਾਮਤੀਰਥ। ਵਾਲਮੀਕੀ ਆਸ਼ਰਮ ਅੰਮ੍ਰਿਤਸਰ ਦੇ ਕੋਲ। ਏਥੇ ਹੀ ਲਵ-ਕੁਸ਼ ਦਾ ਜਨਮ ਹੋਇਆ। ਲਵ ਸੀਤਾ ਜੀ ਦੇ ਗਰਭ ਚੋਂ ਪੈਦਾ ਹੋਇਆ ਤੇ ਕੁਸ਼ ਨੂੰ ਵਾਲਮੀਕੀ ਜੀ ਨੇ ਕੁਸ਼ਾ (ਇਕ ਕਿਸਮ ਦਾ ਘਾਹ) ਤੋਂ ਆਪਣੀ ਤਪੋ ਸ਼ਕਤੀ ਨਾਲ ਰਚਿਆ। ਇਨ੍ਹਾਂ ਦੋਹਾਂ ਬਾਲਕਾਂ ਨੂੰ ਰਿਸ਼ੀ ਨੇ ਅਧਿਆਤਮਕ, ਸ਼ਸਤਰ ਵਿਦਿਆ ਅਤੇ ਸੰਗੀਤ (ਗਾਇਨ-ਵਾਦਨ) ਕਲਾ ਵਿੱਚ ਸਿੱਖਿਆ ਦੇ ਕੇ ਪ੍ਰਬੀਣ ਭਾਵ ਨਿਪੁੰਨ ਕੀਤਾ। ਬਾਅਦ ਵਿਚ ਰਾਮ ਚੰਦਰ ਜੀ ਨਾਲ ਇਨ੍ਹਾਂ ਦਾ ਯੁੱਧ ਵੀ ਹੋਇਆ ਤੇ ਰਾਮ ਚੰਦਰ ਜੀ ਸਾਰੀ ਸੈਨਾ ਸਮੇਤ ਹਾਰ ਗਏ। ਸੀਤਾ ਜੀ ਨੇ ਵੇਖਿਆ-ਰਾਮ ਸੈਨਾ ਸਮੇਤ ਮੂਰਛਿਤ ਹੋਏ ਪਏ ਹਨ। ਤੇ ਉਨ੍ਹਾਂ ਨੇ ਸਵਰਗ ਤੋਂ ਅੰਮ੍ਰਿਤ ਮੰਗਵਾ ਕੇ ਸਾਰਿਆਂ ਤੇ ਛਿੜਕਿਆ ਤੇ ਹੋਸ਼ ਵਿਚ ਲੈ ਆਂਦਾ ਨਾਲ ਬੱਚਿਆਂ ਨੂੰ ਦੱਸਿਆ ਕਿ ਰਾਮ ਹੀ ਉਨ੍ਹਾਂ ਦੇ ਪਿਤਾ ਹਨ। ਬਾਕੀ ਅੰਮ੍ਰਿਤ ਜੋ ਬਚਿਆ ਉਹ ਉਥੇ ਝਾੜੀਆਂ ਵਿਚ ਲੁਕੋ ਦਿੱਤਾ। ਕਈ ਯੁਗਾਂ ਬਾਅਦ ਪਤਾ ਲੱਗਿਆ ਕਿ ਇਹ ਅੰਮ੍ਰਿਤਸਰ ਸਾਹਿਬ ਉਹੋ ਹੀ ਪਵਿੱਤਰ ਸਥਾਨ ਹੈ। ਏਥੋਂ ਪੰਜਾਬ ਦੇ ਮਹੱਤਵ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਏਸੇ ਤਰ੍ਹਾਂ ਤਕਸ਼ਿਲਾ ਜਿਥੇ ਆਚਾਰਯ ਚਾਣਕਯ ਸਨ ਤੇ ਜਿਥੇ ਸਿਕੰਦਰੇ-ਆਜ਼ਮ ਵੀ ਪੜ੍ਹਦਾ ਰਿਹਾ ਏ ਅਤੇ ਪੰਜਾ ਸਾਹਿਬ ਜਿਹੇ ਸਥਾਨ ਪੰਜਾਬ ਦੀ ਵਿਸ਼ੇਸ਼ਤਾ ਦਸ ਰਹੇ ਹਨ।

ਬਹਿਣੀ ਸਾਹਿਬ (ਭੈਣੀ ਸਾਹਿਬ) ਵੀ ਪੰਜਾਬ ਵਿਚ ਹੀ ਹੈ ਜਿਥੋਂ ਦੇਸ਼ ਭਗਤੀ ਦੀ ਲਹਿਰ ਚੱਲੀ ਤੇ ਨਾਲੇ ਧਾਰਮਿਕ, ਸਮਾਜਿਕ ਦੇ ਨਾਲ-ਨਾਲ ਸੰਗੀਤ ਦੀ ਪ੍ਰੇਰਣਾ ਮਿਲ ਰਹੀ ਹੈ। ਆਨੰਦਪੁਰ ਸਾਹਿਬ ਤੇ ਸੁਲਤਾਨਪੁਰ ਵਰਗੇ ਪਵਿੱਤਰ ਸਥਾਨ ਸਾਡੇ ਪੰਜਾਬ ਦੇ ਦਿਸ਼ਾ ਨਿਰਦੇਸ਼ਕ ਬਣੇ ਹੋਏ ਹਨ।

ਸੰਗੀਤ ਬਾਰੇ ਇਕ ਬਹੁਤ ਪੁਰਾਣੀ ਕਹਾਵਤ ਮਸ਼ਹੂਰ ਹੈ ਕਿ "ਸੰਗੀਤ ਮਹਾਂਰਾਸ਼ਟਰ ਵਿਚ ਹੋਸ਼ ਸੰਭਾਲਦਾ ਹੈ, ਯੂ.ਪੀ. ਵਿਚ ਖੇਡਦਾ ਕੁੱਦਦਾ ਹੈ ਤੇ ਪੰਜਾਬ ਵਿਚ ਜਵਾਨ ਹੁੰਦਾ ਹੈ, ਏਥੋਂ ਦੀ ਪ੍ਰਤਿਭਾ ਦੇਖ ਕੇ ਹੀ ਪੰਡਿਤ ਵਿਸ਼ਣੂ ਦਿਗੰਬਰ ਨੇ ੧੯੦੧ ਵਿਚ ਰਾਵੀ ਰੋਡ ਲਾਹੌਰ 'ਚ ਗੰਧਰਵ ਮਹਾਂਵਿਦਿਆਲਾ ਦੀ ਸਥਾਪਨਾ ਕੀਤੀ ਸੀ। ਪੰਜਾਬ ਵਿਚ ਹੋਣ ਵਾਲੇ ਸੰਗੀਤ ਸੰਮੇਲਨ ਸੰਗੀਤ ਅਭਿਆਸ ਦਾ ਕੇਂਦਰ ਬਣੇ ਸਨ। ਹਰਿਵੱਲਭ ਸੰਗੀਤ ਸੰਮੇਲਨ ਜਲੰਧਰ, ਪਠਾਨਕੋਟ, ਦੀਨਾ ਨਗਰ, ਨਵਾਂ ਸ਼ਹਿਰ, ਗੜ੍ਹਦੀਵਾਲਾ ਹੁਸ਼ਿਆਰਪੁਰ ਅਤੇ ਲਾਹੌਰ ਵਗੈਰਾ ਵਿਚ ਸੰਗੀਤ ਦੇ ਮੁਕਾਬਲਿਆਂ ਦੇ ਰੂਪ ਵਿਚ ਅਭਿਆਸ ਹੁੰਦੇ ਹਨ। ਬੜੇ ਬੜੇ ਸੰਗੀਤਕਾਰ ਇਕ ਦੂਜੇ ਤੋਂ ਵੱਧ ਚੜ੍ਹ ਕੇ ਅਭਿਆਸ (ਰਿਆਜ਼) ਕਰ ਕਰ ਕੇ ਹਿੱਸਾ ਲੈਂਦੇ ਹਨ।"

ਬੜੇ ਗੁਲਾਮ ਅਲੀ, ਛੋਟੇ ਗੁਲਾਮ ਅਲੀ, ਉਮੀਦ ਅਲੀ, ਹਬੀਬ ਖਾਂ, ਆਸ਼ਿਕ ਅਲੀ, ਪਟਿਆਲੇ ਵਿਚ ਅਲੀ ਬਖਸ਼ ਫਤਹਿ ਅਲੀ ਉਰਫ ਅਲੀਆ ਫੱਤੂ, ਅਮਾਨਤ ਅਲੀ-ਫਤਹਿ ਅਲੀ, ਜਾਡਲੇ ਵਾਲੇ ਤਵੱਕਲ ਖਾਂ, ਮਾਸਟਰ ਰਤਨ ਹਦੀਆਬਾਦੀ, ਪੰਡਿਤ ਦਲੀਪ ਚੰਦਰ ਬੇਦੀ, ਮਾਸਟਰ ਮਦਨ, ਮਦਨ ਬਾਲੀ, ਪੰਡਿਤ ਹੁਸਨ ਲਾਲ-ਭਗਤ ਰਾਮ, ਬਾਬੂ ਰਾਮ, ਸਤਪਾਲ ਅੱਪਰੇ ਵਾਲੇ, ਨਜ਼ਾਕਤ ਅਲੀ-ਸਲਾਮਤ ਅਲੀ, ਭਾਈ ਦਾਸ, ਭਾਈ ਲਾਲ, ਭਾਈ ਗਾਹੋਂ, ਉਸਤਾਦ ਮਲੰਗ ਖਾਂ, ਲਾਹੌਰ ਤੋਂ ਮੀਆਂ ਫਕੀਰ ਬਖ਼ਸ਼, ਮੀਆਂ ਕਾਦਿਰ ਬਖ਼ਸ਼ (ਸਵਾ ਲੱਖ ਉਖੱਲੀ ਵਾਲੇ) ਭਾਈ ਨਸੀਰਾ, ਅਬਦੁੱਲ ਹੱਕ, ਸ਼ੌਕਤ ਖਾਂ, ਅੱਲਾ ਰੱਖਾ ਕੁਰੇਸ਼ੀ, ਅਬਦੁੱਲ ਅਜ਼ੀਜ਼ ਪਟਿਆਲੇ ਵਾਲੇ ਜਿਨ੍ਹਾਂ ਨੇ ਵਚਿੱਤਰ ਵੀਣਾ ਦੀ ਕਾਢ—ਤੰਬੂਰੇ ਤੋਂ ਕੀਤੀ, ਕਰਮ ਇਲਾਹੀ, ਬਹਾਦੁਰ ਸਿੰਘ, ਅੱਲਾ ਦਿੱਤਾ ਬਿਹਾਰੀ ਪੁਰੀਆ, ਉਸਤਾਦ ਮਾਮਦੀਨ, ਫਤਹਿ ਡੁੱਲ, ਨਾਥ ਬਟਾਲੇ ਵਾਲਿਆਂ ਦੀਆਂ ਲਾਸਾਨੀ ਬੰਦਸ਼ਾਂ ਅਤੇ ਹੋਰ ਬੜੇ ਬੜੇ ਉਸਤਾਦਾਂ—ਪੰਡਿਤਾਂ ਨਾਲ ਪੰਜਾਬ ਸੰਗੀਤ ਦੀ ਤਪੋਭੂਮੀ



Sri Satguru Jagjit Singh Ji eLibrary NamdhariElibrary@gmail.com

ਮਸ਼ਹੂਰ ਰਹੀ ਹੈ। ਸੰਤੂਰ ਜੋ ਕਿ ਇਕ ਕਸ਼ਮੀਰੀ ਲੋਕ ਸਾਜ਼ ਹੈ ਨੂੰ ਭਾਰਤੀ ਸ਼ਾਸਤਰੀ ਸੰਗੀਤ ਵਿੱਚ ਲਿਆਉਣ ਵਾਲਾ ਵੀ ਪੰਜਾਬ ਹੀ ਹੈ।

ਇਸੇ ਤਰ੍ਹਾਂ ਅਸੀ ਦੇਖਦੇ ਹਾਂ ਕਿ ਫਿਲਮੀ ਸੰਗੀਤ ਵਿੱਚ ਪੰਜਾਬੀਆਂ ਨੇ ਜਾਨ ਪਾਈ ਹੋਈ ਹੈ। ਜਿਵੇਂ ਮਦਨ ਮੋਹਨ, ਪੰਡਿਤ ਹੁਸਨ ਲਾਲ ਭਗਤ ਰਾਮ। ਮਦਨ ਮੋਹਨ ਦੇ ਮਿਊਜ਼ਿਕ ਬਾਰੇ ਸੰਗੀਤਕਾਰ ਨੌਸ਼ਾਦ ਦਾ ਇਹ ਕਹਿਣਾ ਸੀ ਕਿ "ਉਏ ਮਦਨ ਮੈਨੂੰ ਇਕ ਧੁਨ ਆਪਣੀ ਦੇ ਦੇ ਤੇ ਬਦਲੇ ਵਿੱਚ ਮੇਰੀਆਂ ਸਾਰੀਆਂ ਧੁਨਾਂ ਲੈ ਲੈ। ਇਹ ਹੈ ਪੰਜਾਬ ਦੀ ਵਿਸ਼ੇਸ਼ਤਾ। ਇਸ ਤੋਂ ਇਲਾਵਾ ਪੰਜਾਬ ਦੀ ਦੇਣ ਕੈ. ਐਲ. ਸਹਿਗਲ, ਮੁਹੰਮਦ ਰਫੀ ਅਤੇ ਨੂਰਜਹਾਂ ਨੂੰ ਕੌਣ ਨਹੀਂ ਜਾਣਦਾ।

ਪੰਜਾਬ ਦੀ ਭਾਰਤੀ ਸੰਗੀਤ ਨੂੰ ਦੇਣ ਏਥੋਂ ਹੋਰ ਵੀ ਸਪੱਸ਼ਟ ਹੈ ਕਿ ਮੀਆਂ ਤਾਨਸੇਨ ਲਾਹੌਰ ਦੇ ਤੇ ਬੈਜੂਬਾਬਰਾ ਬਜਵਾੜਾ (ਹੁਸ਼ਿਆਰਪੁਰ) ਦੇ ਸਨ। ਇਨ੍ਹਾਂ ਦੋਹਾਂ ਦੇ ਉਸਤਾਦ ਸੁਆਮੀ ਹਰੀਦਾਸ ਮੁਲਤਾਨ ਦੇ ਰਹਿਣ ਵਾਲੇ ਸਨ। ਇਨ੍ਹਾਂ ਤੋਂ ਇਲਾਵਾ ਅਦਾਰੰਗ-ਸਦਾਰੰਗ, ਮੀਆਂ ਸ਼ੋਰੀ, ਸਿੱਧਾਰ ਖਾਂ ਢਾਡੀ ਜਿਨ੍ਹਾਂ ਦਾ ਨਾਂ ਤੇ ਸਿੱਧਾਰ ਖਾਨੀ ਠੇਕਾ ਪ੍ਰਸਿੱਧ ਹੈ,ਇਹ ਤਿੰਨ ਤਾਲ ਹੀ ਹੈ। ਇਹ ਉਪਰ ਲਿਖਿਤ ਸਭ ਸੰਗੀਤਕਾਰ ਪੰਜਾਬ ਦੇ ਹਨ। ਦਿੱਲੀ ਦੇਸ਼ ਦੀ ਰਾਜਧਾਨੀ ਹੋਣ ਕਰ ਕੇ ਦਿੱਲੀ ਦਰਬਾਰ ਵਿੱਚ ਨਿਯੁਕਤ ਹੁੰਦੇ ਸਨ ਅਤੇ ਬਾਕੀ ਭਾਰਤ ਵਾਸੀਆਂ ਨੂੰ ਤਾਲੀਮ ਵੀ ਦਿੰਦੇ ਸਨ। ਕਈਆਂ ਨੇ ਇਹਨਾਂ ਦੀਆਂ ਨਕਲਾਂ ਕਰਕੇ ਵੀ ਸੰਗੀਤ ਸਿੱਖਿਆ। ਇਸ ਤਰ੍ਹਾਂ ਪੰਜਾਬ ਦਾ ਭਾਰਤੀ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਦੁਆਬੇ ਬਾਰੇ ਅਸੀਂ ਸੁਣਦੇ ਰਹੇ ਹਾਂ ਕਿ ਹੱਲ ਚਲਾਉਂਦਿਆਂ ਰਾਤ ਦੇ ਪਿਛਲੇ ਪਹਿਰ ਹਾਲੀ ਗੌਰੀ ਵਰਗੇ ਰਾਗ ਅਲਾਪ ਰਹੇ ਹੁੰਦੇ ਸਨ ਭਾਵ ਇਹ ਕਿ ਪੰਜਾਬ ਵਿੱਚ ਸੰਗੀਤ ਦਾ ਇਨਾ ਪ੍ਰਚਾਰ ਸੀ। ਪੰਜਾਬ ਦੇ ਹੀ ਰਾਗੀ ਸਮੁੰਦ ਸਿੰਘ ਜਿਹਨਾਂ ਨੂੰ ਹਜ਼ੂਰੀ ਰਾਗੀ ਆਫ਼ ਨਨਕਾਣਾ ਸਾਹਿਬ ਦਾ ਖਿਤਾਬ ਹਾਸਿਲ ਹੋਇਆ, ਸੰਗੀਤ ਦੇ ਸਮੁੰਦਰ ਸਨ ਅਤੇ ਬਹਾਰੇ ਮੌਸੀਕੀ ਸਨ।

ਵੇਦਾਂ ਵਿੱਚ ਤਿੰਨ ਸੁਰਾਂ ਦਾ ਵਰਨਣ ਮਿਲਦਾ ਹੈ। ਇਹੋ ਹੀ ਅੱਜਕਲ ਦੇ ਸਤ ਸੁਰ ਹਨ। ਵੇਦ ਮੰਤ੍ਰ ਹੈ :-

"ਤਿਸ੍ਰੋ ਦੇਵੀਰਮਯੋ ਭੁਵ :"

ਇਹ ਦਾ ਅਰਥ ਉਬੱਟ ਇਸ ਤਰ੍ਹਾਂ ਕਰਦੇ ਹਨ :-

ਆਨੰਦ ਵਿਭੋਰ ਮਾਨਵ ਹਿਰਦੇ ਵਿਚੋਂ ਤਿੰਨ ਦਿਵ ਧੁਨੀਆਂ ਪ੍ਰਕਟ ਹੋਈਆਂ, ਉਹ ਧਨ ਉਦਾੱਤ, ਅਨੁੱਦਾਤ ਅਤੇ ਸਵਰਿਤ। ਇਹਨਾਂ ਵਿੱਚ ਉਦਾੱਤ ਉਚੀ, ਅਨੁੱਦਾਤ ਨੀਵੀ ਅਤੇ ਆਧਾਰ ਧੁਨੀ ਹੈ ਸਵਰਿਤ। ਸ਼ਲੋਕ ਹੈ :-

**"ਉਦਾੱਤਸ਼ਚਾਨੁਦਾਤਸ਼ਚ ਸਵਰਿਤਸ਼ਚ ਸਵਰਾ: ਤ੍ਰੈਯ।**
**ਉਚੈਰਦਾਤੋ ਨੀਚੈਰਨੂਦਾਤ ਸਮਾਹਾਰ: ਸਵਰਿਤ॥**

ਇਹੋ ਤਿੰਨ ਸੁਰ ਅੱਜਕਲ ਦੇ ਸੱਤ ਸੁਰ ਹਨ :-

ਉਦਾੱਤੋ ਨਿਸ਼ਾਦ ਗੰਧਾਰੋ ਅਨੁੱਦਾਤੋ ਰਿਸ਼ਭ ਧੈਵਤੋ।
ਸਵਰਿਤ ਪ੍ਰਭਵਾਹੀਯੇਤੇ ਸ਼ੜਜ ਮਧਿਅਮ ਪੰਚਮਾ:॥

ਭਾਵ—ਇਨ੍ਹਾਂ ਸੁਰਾਂ ਵਿੱਚ :- ਉਦਾੱਤ-ਨੀ, ਗ ਅਨੁੱਦਾਤ- ਰੇ, ਧ ਅਤੇ ਸਵਰਿਤ - ਸ, ਮ ਅਤੇ ਪ ਹਨ।

| | | | | | |
|---|---|---|---|---|---|
| 1 | ਉਦਾੱਤ | = | ਗ............... | ਨੀ............... | ਧ |
| 2 | ਅਨੁੱਦਾਤ | = | ਰੇ............... | ਧ............... | ਪ |
| 3 | ਸਵਰਿਤ | = | ਸ............... | ਪ............... | ਮ |

ਦੂਸਰੀ ਤਰ੍ਹਾਂ

| ਸੰਘਾਤ | | | | ਸੰਘਾਤ | | | |
|---|---|---|---|---|---|---|---|
| ਸਵਰਿਤ | ਅਨੁੱਦਾਤ | ਉਦਾੱਤ | ਮਧਿਅਮ | ਸਵਰਿਤ | ਅਨੁੱਦਾਤ | ਉਦਾੱਤ | |
| ਸ | ਰੇ | ਗ | (ਮ) | ਪ | ਧ | ਨੀ | (ਸਾਂ) |
| | | | | ਸਵਰਿਤ | ਅਨੁੱਦਾੱਤ | ਉਦਾੱਤ | |

ਪੰਜਾਬੀ ਸੰਗੀਤ ਵਿਦਵਾਨ ਅਸਲ ਵਿੱਚ ਸੰਗੀਤ ਦੀਆਂ ਬਹੁਤ ਬਾਰੀਕੀਆਂ ਤੱਕ ਪਹੁੰਚੇ ਹੋਏ ਸਨ। ਪਰ ਲਿਖਣ ਦੀ ਕਮੀ ਰਹਿ ਗਈ। ਇਸ ਦਾ ਕਾਰਣ ਪ੍ਰੈਕਟੀਕਲ ਸੰਗੀਤ, ਅਤੇ ਯੁੱਦ ਵੀ ਹਨ। ਮਹਾਂਭਾਰਤ ਤੋਂ ਬਾਅਦ ਪੰਜਾਬ ਯੁੱਧਾਂ ਵਿੱਚ ਹੀ ਫਸਿਆ ਰਿਹਾ। ਜਿਨ੍ਹਾਂ ਕਿਤਾਬਾਂ ਲਿਖੀਆਂ ਉਨ੍ਹਾਂ ਨੂੰ ਜੋ ਚੰਗਾ ਲੱਗਾ ਲਿਖ ਦਿੱਤਾ, ਜਿਸ ਕਰ ਕੇ ਗਲਤੀਆਂ ਵੀ ਹੋ ਗਈਆਂ, ਜਿਵੇਂ ਕੁਝ ਰਾਗਾਂ ਬਾਰੇ ਗਲਤ ਲਿਖਿਆ ਮਿਲਦੀ ਹੈ। ਕੁਝ ਬਾਰੇ ਲਿਖਿਆ ਹੀ ਨਹੀਂ ਤੇ ਉਹ ਅਲੋਪ ਹੁੰਦੇ ਜਾ ਰਹੇ ਹਨ।

ਧਰੁਪਦ—ਧਮਾਰ ਸ਼ੈਲੀ ਬਦਲ ਕੇ ਜਦੋਂ ਖਿਆਲ (ਕਲਪਨਾ) ਸ਼ੈਲੀ ਵਿੱਚ ਤਬਦੀਲ ਹੋਈ ਤੇ ਗਾਉਣਾ-ਬਜਾਉਣਾ ਖੁੱਲਾ ਹੋ ਗਿਆ ਕਾਲਕਾਰ ਨੂੰ ਆਪਣੀ ਕਲਪਨਾ ਨਾਲ ਗਾਉਣ ਬਜਾਉਣ ਦੀ ਛੋਟ ਮਿਲੀ। ਇਹਦੇ ਨਾਲ ਸੰਗੀਤ ਵਿੱਚ ਰਸ ਦਾ ਹੋਰ ਵਾਧਾ ਤਾਂ ਹੋਇਆ, ਪਰ ਉਹੋ ਹੀ ਰਾਗ ਤਾਲ ਖਿਆਲ ਵਿਚ ਪਰਿਵਰਤਨ ਹੋਏ ਤੇ ਗਲਤੀਆਂ ਹੋਈਆਂ। ਚੌਤਾਲ ਖਿਆਲ ਦੇ ਰੂਪ ਵਿੱਚ ਬਦਲਿਆ। ਇਹਨੂੰ ਏਕਤਾਲ ਕਿਹਾ ਜਾਣ ਲੱਗਾ। ਧਮਾਰ ਤਾਲ ਵੀ ਖਿਆਲ ਸ਼ੈਲੀ ਵਿਚ ਗਾਇਆ ਜਾਣ ਲਗਾ। ਪਰ ਇਹਦਾ ਰਿਵਾਜ ਕੇਵਲ ਪੰਜਾਬ ਵਿਚ ਹੀ ਸੀ। ਕਿਤਾਬਾਂ ਵਿਚ ਨਾ ਹੋਣ ਕਰ ਕੇ ਹੁਣ ਇਥੇ ਵੀ ਬੰਦ ਹੋ ਗਿਆ। ਮੇਰੇ ਸਾਹਮਣੇ ਦੀ ਘਟਨਾ ਹੈ ਕਿ "ਇਕ ਵਾਰ ਰੇਡੀਓ ਉਤੇ ਆਡੀਸ਼ਨ ਟੈਸਟ ਹੋ ਰਿਹਾ ਸੀ, ਤਬਲੇ ਤੇ ਸੰਗਤ ਮੈਂ ਕਰ ਰਿਹਾ ਸੀ। ਧਮਾਰ ਤਾਲ ਵਿਚ ਵਿਲੰਬਿਤ ਖਿਆਲ ਗਾਇਆ ਜਾ ਰਿਹਾ ਸੀ। ਗਾਉਣ ਵਾਲਾ (ਮੈਂ ਨਾਂ ਨਹੀਂ ਲਿਖਣਾ ਚਾਹੁੰਦਾ) ਬੜਾ ਅੱਛਾ ਗਾ ਰਿਹਾ ਸੀ। ਆਡੀਸ਼ਨ ਦੇ ਜੱਜ ਸਾਹਿਬਾਨ ਸਨ- ੧) ਪੰਡਿਤ ਵਿਨਾਯਕ ਰਾਵ ਪਟਵਰਧਨ ੨) ਰਤਨਜਨਕਰ ੩) ਠਾਕੁਰ ਜਯਦੇਵ ਸਿੰਘ, ਉਨ੍ਹਾਂ ਨੇ ਪੁੱਛਿਆ ਕਿ ਇਹ ਤਾਲ ਕਿਹੜਾ ਹੈ"। ਗਾਇਕ ਨੇ ਤਾਲ ਦਾ ਨਾਂ ਦੱਸਣ ਦੀ ਬਜਾਏ (ਡਰਦਿਆਂ)



Sri Satguru Jagjit Singh Ji eLibrary NamdhariElibrary@gmail.com

ਦੂਜਾ ਹੀ ਖਿਆਲ ਸ਼ੁਰੂ ਕਰ ਦਿੱਤਾ, ਜਿਹੜਾ ਹੋਰ ਤਾਲ ਵਿਚ ਸੀ। ਆਡੀਸ਼ਨ ਖ਼ਤਮ ਹੋਈ ਤੇ ਮੈਂ ਪੰਡਿਤ ਜੀ ਨੂੰ ਪੁੱਛਿਆ ਕੀ "ਉਹ ਤਾਲ ਗਲਤ ਸੀ"? ਉਹਨਾਂ ਕਿਹਾ ਗਲਤ ਨਹੀਂ ਸੀ, ਅਸੀਂ ਪਹਿਲਾਂ ਕਦੇ ਸੁਣਿਆ ਨਹੀਂ ਸੀ ਇਸ ਕਰਕੇ ਪੁੱਛਿਆ ਸੀ"। ਇਸ ਘਟਨਾ ਨੂੰ (੫੨) ਵਰ੍ਹੇ ਹੋ ਗਏ ਨੇ, ਮੁੜ ਕੇ ਕਿਸੇ ਗਾਇਆ ਹੀ ਨਹੀਂ। ਸਿਰਫ਼ ਅਸੀਂ ਚੰਦ ਇਕ ਸੋਲੋ (ਸੁਤੰਤਰ) ਵਾਦਨ ਵਿਚ ਹੀ ਬਜਾਉਂਦੇ ਹਾਂ ਅਤੇ ਨਾਲੇ ਇਹਨੂੰ ਪੰਜਾਬੀ ਧਮਾਰ ਕਹਿੰਦੇ ਹਾਂ।

ਇਹ ਧਮਾਰ ਨਾਰਦੀਯ ਸਿੱਖਿਆ ਦੇ ਮੁਤਾਬਿਕ ਵਿਗਿਆਨਕ ਹੈ। ਤੋਮਰ ਛੰਦ ਤੋਂ ਬਣੀ ਹੈ। ਨਾਰਦੀਯ ਸਿੱਖਿਆ ਵਿਚ ਆਉਂਦਾ ਹੈ—

"ਚਤੁਰਦਸ਼ ਕਲ ਤੋਮਰ"

ਅਪਭ੍ਰੰਸ਼ ਵਿਚ ਇਹਦਾ ਉੱਚਾਰਣ ਧੋਮਰ ਹੋਣ ਲਗਾ ਤੇ ਵਿਆਰਕਣ ਵਾਲਿਆਂ ਨੇ ਇਹਦਾ ਵਿਆਕਰਣ ਬਣਾ ਦਿੱਤਾ-

"ਖ ਤ ਦ ਹ ਨਾਂ ਧ"

**ਯਾਨੀ—** ਖ, ਤ, ਦ, ਹ ਅੱਖਰਾਂ ਨੂੰ ਅਪਭ੍ਰੰਸ਼ ਵਿਚ 'ਧ' ਹੋ ਜਾਂਦਾ ਹੈ। ਅਸਲ ਵਿਚ ਕਲਾ ਦੌੜਦੀ ਹੈ ਪਰ ਵਿਆਕਰਣ ਵੀ ਉਹਦੇ ਪਿਛੇ ਲੰਗੜਾਦਾਂ ਪਹੁੰਚ ਜਾਂਦਾ ਏ ਤੇ ਉਸ ਨੂੰ ਨਿਯਮ-ਬੱਧ ਕਰ ਦਿੰਦਾ ਹੈ। ਪਾਲੀ ਸੂਤ੍ਰ ਵਿਚ ਇਸਦਾ ਵਰਨਣ ਹੈ। ਫਿਰ ਇਹਦਾ ਉੱਚਾਰਣ ਧੋਮਾਰ ਹੋਣ ਲਗਾ। ਵਿਆਕਰਣ ਵਾਲਿਆਂ ਨੇ ਇਹਦਾ ਵੀ ਨਿਯਮ ਬਣਾ ਦਿੱਤਾ- ਉਹ ਹੈ :-

"ਦੋਯਕਸ਼ਰੇ ਮੱਪਓ ਦੀਰਘ"

ਯਾਨੀ ਦੋ ਅੱਖਰਾਂ ਦੇ ਵਿਚ ਵਾਲੇ ਅੱਖਰ ਨੂੰ ਦੀਰਘ ਹੋ ਜਾਂਦਾ ਹੈ। ਪਾਲੀ ਸੂਤਰ ਵਿਚ ਇਹਦਾ ਵੀ ਵਰਨਣ ਹੈ। ਇਸ ਤਰ੍ਹਾਂ ਤੋਮਰ ਤੋਂ ਧੋਮਰ ਤੇ ਧੋਮਰ ਤੋਂ ਧੋਮਾਰ ਕਿਹਾ ਜਾਣਾ ਲਗਾ। ਪੰਜਾਬੀ ਧਮਾਰ ਉਹੋ ਹੀ ਏ। ਦੂਜਾ ਕਿਤਾਬੀ ਧਮਾਰ ਸ਼ਾਸਤਰੀ ਨਹੀਂ ਹੈ ਬਲਕਿ ਮਥੁਰਾ ਦਾ ਲੋਕ ਗੀਤਾਂ ਨਾਲ ਵੱਜਣ ਵਾਲਾ ਧਮਾਰ ਤਾਲ ਹੈ। ਧਮਾਰ ਦੇ ਕੁੱਲ ਮਾਤਰਾ ਚੌਦਾਂ (੧੪) ਤੇ ਚਾਰ ਵਿਭਾਗ- ਪੰਜ, ਦੋ, ਤਿੰਨ ਅਤੇ ਚਾਰ ਮਾਤਰਿਆਂ ਦੇ ਹੋਣੇ ਚਾਹੀਦੇ ਹਨ, ਜਿਹੜੇ ਕਿ ਪੰਜਾਬੀ ਧਮਾਰ ਵਿਚ ਮੌਜੂਦ ਹਨ ਜਿਵੇਂ -

**ਪੰਜਾਬੀ ਧਮਾਰ**

| | | | |
|---|---|---|---|
| ੧ ੨ ੩ ੪ ੫ | ੬ ੭ | ੮ ੯ ੧੦ | ੧੧ ੧੨ ੧੩ ੧੪ |
| ਤਾ ਧਿੰ - ਤਾ ਧਿੰ ਧਿੰ | ਧਾਗੇ ਤਿਰਕਿਟ | ਧਾਗੇ ਨਾਤਿ - ਕ | ਤਾ ਤਿਰਕਟ ਤਾਤਿਰਕਿਟ |
| × | ੨ | ੦ | ੩ |

**ਕਿਤਾਬੀ ਧਮਾਰ**

| | | | |
|---|---|---|---|
| ੧ ੨ ੩ ੪ ੫ | ੬ ੭ | ੮ ੯ ੧੦ | ੧੧ ੧੨ ੧੩ ੧੪ |
| ਕ ਧਿ ਟ ਧਿ ਟ | ਧਾ - | ਗ ਤਿ ਟ | ਤਿ ਟ ਤ - |
| | ੨ | ੦ | ੩ |

ਇਸ ਕਿਤਾਬੀ ਧਮਾਰ ਵਿਚ ਜਬਰਦਸਤੀ ਚਾਰ ਵਿਭਾਗ ਬਣਾਏ ਲਗਦੇ ਹਨ ਜਦਕਿ ਸੱਤ ਸੱਤ ਮਾਤਰਿਆਂ ਦੇ ਦੋ ਵਿਭਾਗ ਦਿਖਾਈ ਦਿੰਦੇ ਹਨ।

ਰਾਗ ਕਲਿਆਣ ਦੇ ਸ਼ਬਦ ਕਲਿਆਣ ਦਾ ਅਨੁਵਾਦ ਅਰਬੀ ਵਿਚ 'ਏਮਨ ਕੀਤਾ ਗਿਆ ਹੈ। ਜਿਹਦੇ ਨਾਲ ਦੋ ਰਾਗ ਸਮਝੇ ਜਾਣ ਲੱਗ ਪਏ- ਇਕ ਏਮਨ ਅਤੇ ਇਕ ਕਲਿਆਣ। ਜਿਹਦੇ ਵਿਚ ਕੇਵਲ ਤੀਵਰ 'ਮ' ਲਗਦਾ ਹੈ ਉਹ ਏਮਨ ਅਤੇ ਜਿਹਦੇ ਵਿਚ ਦੋਨੋਂ ਮਾਧਿਆਮ (ਸੁੱਧ ਵਿਕਰਿਤ) ਲਗਦੇ ਲਗਦੇ ਹਨ ਉਹ ਏਮਨ ਕਲਿਆਣ ਜਦਕਿ ਕਲਿਆਣ ਵਿਚ ਹੀ ਵਿਵਾਦੀ ਸੁਰ ਦੇ ਨਾਤੇ ਸ਼ੁੱਧ 'ਮ' ਪ੍ਰਯੋਗ ਹੁੰਦਾ ਹੈ। 'ਏਮਨ ਕਲਿਆਣ' ਗੱਲ ਜਚਦੀ ਨਹੀਂ ਹੈ।

ਸਾਜ਼ ਸਿਤਾਰ ਵਿਚ ਤਿੰਨ ਤਾਰ ਹੁੰਦੇ ਹਨ। ਇਹਦਾ ਅਨੁਵਾਦ ਫਾਰਸੀ ਵਿਚ 'ਸਿਹਤਾਰ' ਕੀਤਾ ਗਿਆ ਹੈ। ਫਾਰਸੀ ਵਿਚ ਤਿੰਨ ਨੂੰ ਸਿਹ ਕਿਹਾ ਜਾਂਦਾ ਹੈ। ਪਹਿਲਾਂ ਇਹਦਾ ਨਾਂ ਤ੍ਰਿਤੰਤ੍ਰੀ ਹੁੰਦਾ ਸੀ। ਇਹ ਕਹਿਣਾ ਕਿ ਇਹ ਅਮੀਰ ਖੁਸਰੋ ਨੇ ਬਣਾਇਆ ਗਲਤ ਹੈ।

**ਤਬਲਾ**—ਇਹ ਖੋਖਲਾ ਸਾਜ਼ ਹੈ। ਇਹ ਅਵਨੱਧ ਸਾਜ਼ਾਂ ਦੇ ਵਰਗ ਵਿਚ ਆਉਂਦਾ ਸੀ। ਇਹਦੇ ਦੋ ਭਾਗ ਹਨ। ਇਕ ਨੂੰ ਉਰਧਵਰ ਅਤੇ ਦੂਸਰੇ ਨੂੰ ਦਰਦੁਰ ਕਿਹਾ ਗਿਆ। ਖੋਖਲਾ ਹੋਣ ਦੇ ਕਾਰਣ ਇਹਨੂੰ ਫਾਰਸੀ ਵਿਚ ਤਬਲ ਕਿਹਾ ਗਿਆ। ਖੋਖਲੀ ਵਸਤੂ ਨੂੰ ਫਾਰਸੀ ਵਿਚ ਤਬਲ ਕਿਹਾ ਜਾਂਦਾ ਹੈ । ਇਹ ਕਹਿਣਾ ਕਿ ਪਖਾਵਜ ਨੂੰ ਤੋੜ ਕੇ ਇਹਦਾ ਅਵਿਸ਼ਕਾਰ ਹੋਇਆ-ਗਲਤ ਹੈ। ਪਖਾਵਜ ਨਾਂ ਦਾ ਕੋਈ ਸਾਜ਼ ਹੀ ਨਹੀਂ ਏ। ਇਹ ਤਾਂ ਬਜਾਉਣ ਦਾ ਇਕ ਢੰਗ ਹੈ। ਜਿਹਦੇ ਵਿਚ ਬਜਾਉਣ ਵਾਲੇ ਦੇ ਬਾਜੂ ਪੰਛੀ ਦੇ ਪੰਖਾਂ ਵਾਗੂੰ ਹਿਲਦੇ ਨੇ। ਪੰਜਾਬ ਧਰੁਪਦ ਦੇ ਨਾਲ ਤਬਲਿਆਂ ਉੱਤੇ ਹੀ ਬਜਾਇਆ ਜਾਂਦਾ ਸੀ।

ਇਸ ਤਰ੍ਹਾਂ ਨਾਲ ਪੰਜਾਬ ਤੇ ਭਾਰਤੀ ਸੰਗੀਤ ਨੂੰ ਏਨੇ ਵਡੇ ਯੋਗਦਾਨ ਦੇ ਨਾਲ ਨਾਲ ਇਕ ਕਮੀ ਵੀ ਰਹਿ ਗਈ ਏ। ਹੁਣ ਸਾਨੂੰ ਲਿਖਣ ਵਾਲੇ ਪਾਸੇ ਧਿਆਨ ਦੇਣਾ ਚਾਹੀਦਾ ਏ. ਬੇਸ਼ੱਕ ਇਹ ਕੰਮ ਮੁਸ਼ਕਿਲ ਏ। ਪਰ ਜਿਵੇਂ ਵਿਰਾਸਤ ਫ਼ਾਊਂਡੇਸ਼ਨ ਵਾਲੇ ਪੰਜਾਬ ਨੂੰ ਹੱਲਾ ਸ਼ੇਰੀ ਦੇ ਰਹੇ ਹਨ, ਸਾਨੂੰ ਪੂਰੀ ਉਮੀਦ ਹੈ ਕਿ ਪਰਮਾਤਮਾ ਸਾਨੂੰ ਜ਼ਰੂਰ ਕਾਮਯਾਬੀ ਦੇਵੇਗਾ। ਇਨ੍ਹਾਂ ਲਫ਼ਜਾਂ ਨਾਲ ਮੈਂ ਤੁਹਾਥੋਂ ਇਜਾਜ਼ਤ ਚਾਹੁੰਦਾ ਹਾਂ।

ਅੰਤ ਵਿਚ ਤੁਸੀਂ ਵੀ ਆਓ ਮੇਰੇ ਨਾਲ ਪਰਮਾਤਮਾ ਅੱਗੇ ਦੁਆ ਕਰੀਏ—

**ਜ਼ਿੰਦਗੀ ਦੀ ਹੈ ਤੋ ਜੀਨੇ ਦਾ ਹੁਨਰ ਭੀ ਦੇਨਾ।**
**ਪਾਂਵ ਬਖਸ਼ੇ ਹੈ ਤੋਂ ਤੌਫ਼ੀਕੇ ਸਫ਼ਰ ਭੀ ਦੇਨਾ।**
ਗੁਫ਼ਤਗੂ ਤੂਨੇ ਸਿਖਾਈ ਹੈ ਤੋ ਏਕ ਕਰਮ ਔਰ ਭੀ ਕਰ,
ਮੇਰੀ ਬਾਤੋਂ ਮੇ ਅਸਰ ਭੀ ਦੇਨਾ।



Sri Satguru Jagjit Singh Ji eLibrary NamdhariElibrary@gmail.com

# ਕਿਸਾਨ ਦੇ ਦੋਸਤ

*—ਸਾਧੂ ਸਿੰਘ ਕਿਸਾਨ*

"ਦਰਜਾ ਯਾਰ ਦਾ ਵੱਧ ਭਰਾ ਨਾਲੋਂ,
ਲੋਕੀਂ ਆਖਦੇ, ਹੈਣ ਜਹਾਨ ਅੰਦਰ
ਅੰਮਾਂ ਜਾਏ ਭਰਾ ਸ਼ਰੀਕ ਹੁੰਦੇ,
ਯਾਰ ਨਿੱਤਰੇ ਰਣ ਮੈਦਾਨ ਅੰਦਰ"

ਲੋਕੋਕਤੀ ਮੁਤਾਬਕ ਸੱਤਰਿਆਂ ਬਹੱਤਰਿਆਂ ਤੋਂ ਅਗੇ ਲੰਘ ਕੇ, ਜਦੋਂ ਅੱਜ ਮੈਂ ਪਿਛੇ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਦੋਸਤਾਂ ਮਿੱਤਰਾਂ ਦਾ ਕੋਈ ਵੱਡਾ ਜਮਘਟਾ ਨਜ਼ਰ ਨਹੀਂ ਔਂਦਾ, ਦੋਹਾਂ ਹੱਥਾਂ ਦੇ ਪੋਟਿਆਂ ਤੇ ਗਿਣੇ ਜਾ ਸਕਣ ਜੋਗੇ ਜਿਗਰੀ ਯਾਰ ਹੀ, ਏਨੀ ਉਮਰ 'ਚ ਮਸੀਂ ਕਮਾ ਸਕਿਆ ਹਾਂ, ਏਹਦਾ ਕਾਰਨ ਏਹ ਵੀ ਏ ਕਿ ਦਿਲ ਦੇਣ ਜਾਂ ਦਿਲ ਹਾਸਲ ਕਰਨ ਤੋਂ ਘੱਟ ਦਾ ਸੌਦਾ, ਇਸ ਵਣਜ ਵਿਚ ਮੈਨੂੰ ਪੁੱਗਦਾ ਨਹੀਂ, ਜਿਨ੍ਹਾਂ ਬਾਰੇ, ਦਿਲ ਦੀਆਂ ਗਹਿਰਾਈਆਂ 'ਚੋਂ ਕਹਿ ਸਕਦਾ ਹਾਂ, ਕਿ ਮੇਰਾ ਸਭ ਕੁਝ, ਉਹਨਾਂ ਦਾ ਏ, ਅਤੇ ਹੈ ਵੀ ਉਹਨਾਂ ਦੇ ਸਹਾਰੇ।

ਨਾਉ ਸਮੁੰਦ 'ਚ ਹੋਣ ਕਰਕੇ, ਕਿਸੇ ਦਾ ਨਾਂ ਨਹੀਂ ਲੈ ਸਕਦਾ, ਅਤੇ ਨੰਬਰ ਲਾਣ ਦਾ ਤਾਂ ਹੀਆ ਈ ਨਹੀਂ ਕਰ ਸਕਦਾ, ਕਿਉਂਕਿ ਸਾਰੇ ਹੀ ਮੇਰੇ ਨਾਲੋਂ ਅਫ਼ਜ਼ਲ ਨੇ, ਅਗਲੀਆਂ ਸਤਰਾਂ 'ਚ ਕਿਸੇ ਦਾ ਇਸ਼ਾਰਤਨ ਜ਼ਿਕਰ ਆ ਜਾਇ ਤਾਂ ਇਹ ਸਿਰਫ ਸਹਿਵਨਤਾ ਹੋਵੇਗੀ।

ਪਰ ਬਚਪਨ ਦੇ ਇਕ ਦਿਲਦਾਰ 'ਸਤਿਗੁਰ ਮਿੱਤਰ ਮੇਰਾ ਬਾਲ ਸਖਾਈ', ਬਾਰੇ ਤਾਂ ਨਾਂ ਲੈਣ ਤੋਂ ਵੀ ਝਿਜਕ ਨਹੀਂ, ਕਿਉਂਕਿ ਉਹ ਏਨਾ ਵਿਸ਼ਾਲ ਦਿਲ ਏ ਕਿ, ਮੇਰੀ ਕਿਸੇ ਕਮਗੋਈ ਨੂੰ ਨਜ਼ਰ ਅੰਦਾਜ਼ ਕਰ ਦੇਣਾਂ, ਉਹਦੀ ਫ਼ਿਤਰਤ ਵਿਚ ਸ਼ਾਮਲ ਏ, ਮੈਂ ਉਸ ਯਾਰ ਨੂੰ ਦਿਲਦਾਰ ਆਖਿਆ ਏ ਕਿ ਉਹ ਮੇਰੇ ਦਿਲ ਦੇ ਨੇੜੇ ਨੇੜੇ ਈ ਨਹੀਂ, ਕਣ ਕਣ ਵਿਚ ਸਮਾਇਆ ਪਿਆ ਏ।

ਪਹਿਲੀਆਂ ਦੋ ਸਤਰਾਂ ਵਿੱਚ ਦਿੱਤੀ ਦਰਜਾ ਬੰਦੀ ਤੋਂ ਉਲਟ, ਕੁਦਰਤ ਨੇ ਮੈਨੂੰ ਇਕ ਐਹੋ ਜਿਹਾ ਹਮਸ਼ੀਰ ਅਤਾ ਕੀਤਾ ਏ, ਜਿਹੜਾ ਮੇਰੇ ਦਿਲਦਾਰ ਮੰਡਲ ਦਾ ਦਰਖਸ਼ਾਂ ਸਿਤਾਰਾ ਏ,

ਇਕ ਮੇਰਾ ਦੋਸਤ ਐਹੋ ਜਿਹਾ ਏ, ਜੇਹੜਾ ਹਰ ਔਖੇ ਅਤੇ ਸੌਖੇ ਵੇਲੇ ਮੇਰਾ ਮੁਸ਼ਕਿਲ ਕੁਸ਼ਾ ਸਾਬਤ ਹੋ ਨਿਬੜਿਆ ਏ।

ਮੇਰਾ ਇਕ ਮਿੱਤਰ ਮੈਨੂੰ ਹਰ ਵੇਲੇ, ਕੁਝ ਨਾਂ ਕੁਝ ਦੇਣ ਦੇ ਰਾਹੇ ਪਿਆ ਹੋਇਆ ਏ, ਭਾਵੇਂ ਉਹ ਕੋਈ ਚੰਗੀ ਸਿਖਿਆ ਜਾਂ ਚੰਗਾ ਮਸ਼ਵਰਾ ਈ ਹੋਵੇ, ਅਤੇ ਦੇਣ ਵੇਲੇ ਉਹ ਮੈਨੂੰ ਇੰਜ ਮਹਿਸੂਸ ਕਰਾਇਗਾ, ਜਿਵੇਂ ਮੈਂ ਉਹਦੇ ਤੇ ਕੋਈ ਅਹਿਸਾਨ ਕਰਦਾ ਪਿਆ ਹੋਣਾ।

ਮੇਰਾ ਇਕ ਮਿੱਤਰ ਏਨਾਂ ਸਾਫ਼ ਗੋ ਏ ਕਿ ਇਕ ਔਖੇ ਵੇਲੇ ਜਦੋਂ ਮੈਂ ਉਹਦੇ ਕੋਲ ਗਿਆ ਤਾਂ ਓਹਨੇ ਬੜੇ ਸਪੱਸ਼ਟ ਤੇ ਬੜੇ ਹਲੀਮ ਸ਼ਬਦਾਂ ਵਿੱਚ ਮੈਨੂੰ ਦੱਸਿਆ ਕਿ ਇਸ ਮਸਲੇ ਵਿੱਚ ਮੈਂ ਤੈਨੂੰ ਇਕ ਐਹੋ ਜਹੇ ਇਨਸਾਨ ਨਾਲ ਮਿਲੌਂਦਾ ਹਾਂ, ਜੇਹੜਾ ਹਰ ਵੇਲੇ, ਹਰ ਕੰਮ ਵਿੱਚ, ਤੇਰੇ ਹਾਜ਼ਰ ਨਾਜ਼ਰ ਸਾਬਤ ਹੋਵੇ, ਕਿਉਂਕਿ ਮੈਂ ਆਪ, ਤੇਰੀ ਇਸ ਮਸਲੇ ਵਿੱਚ ਸਹਾਇਤਾ ਕਰਨੋਂ ਅਸਮੱਰਥ ਹਾਂ, ਤੇ ਮੈਂ ਉਸ ਸਾਫ਼ ਗੋ ਦੋਸਤ ਦਾ, ਤਾ ਉਮਰ ਮਮਨੂਨ ਰਹਾਂ ਗਾ, ਕਿ ਉਸਨੇ ਮੈਨੂੰ ਇਕ ਐਹੋ ਜਿਹਾ ਦਿਲਦਾਰ ਦਮਦਾਰ ਦੋਸਤ ਅਤਾ ਕੀਤਾ ਏ ਕਿ ਦੋਸਤ ਲਫ਼ਜ਼ ਦੀ ਤਸ਼ਰੀਹ ਅਯਾਂ ਹੋ ਗਈ ਏ, ਜਿਦੇ ਪਰਿਵਾਰ ਦੀ ਸ਼ਾਇਸਤਗੀ, ਲਖਨਵੀ ਤਹਿਜ਼ੀਬ ਨੂੰ ਮਾਤ ਪਾਂਦੀ ਏ, ਜਿਦ੍ਹੀ ਰਿਸ਼ਤੇਦਾਰੀ 'ਚ ਸਾਡੀ ਭਰਾਵਲੀ ਵਿੱਲਖਣ ਲਿਸ਼ਕੋਰਾਂ ਮਾਰਦੀ ਏ।

ਇਕ ਮੇਰੇ ਮਿੱਤਰ ਨੂੰ ਜਦੋਂ ਕਦੀ ਮੈਂ ਫੋਨ ਕਰਾਂ ਤਾਂ, ਹੱਛਾ! ਕਿਸਾਨ ਸਾਹਬ, ਸਵਾਲੀਆ ਤੇ ਮੁਖ਼ਾਤਬ ਮਿਸ਼ਰਤ, ਸ਼ਹਿਰੀ ਹੋਂਦਿਆਂ, ਪੇਂਡੂ ਪੰਜਾਬੀ, ਮਿੱਠਾ ਠੁੱਲਾ ਬੋਲ ਕੇ, ਮੈਨੂੰ ਸਵਾਦ ਸਵਾਦ ਕਰ ਦੇਵੇਗਾ, ਤੇ ਇਹਦੇ ਗੁਣਾਂ ਦਾ ਜੇ ਮੈਂ ਥੋੜਾ ਜਿਹਾ ਲੇਖਾ ਜੋਖਾ ਕਰਨਾਂ ਵੀ ਸ਼ੁਰੂ ਕਰ ਲਿਆ ਤਾਂ 'ਜਿਵੇਂ ਏਹਨੇ ਹਰਿਆਣੇ ਵਿੱਚ ਪੰਜਾਬੀ ਦੀਆਂ ਪੁਸਤਕਾਂ ਦੇ ਅਨੇਕਾਂ ਰੰਗ ਬਿਖੇਰੇ ਨੇ।' ਮੈਨੂੰ ਸਹਿਜੇ ਈ ਕਈ ਸਫੇ ਸ਼ਿੰਗਾਰਨੇ ਪੈ ਜਾਣਗੇ।

ਇਹ ਵੀ ਕੋਈ ਜ਼ਰੂਰੀ ਨਹੀਂ ਕਿ ਦੋਸਤ-ਮਿੱਤਰ, ਸਾਕਾਂ-ਸਨਬੰਧੀਆਂ ਤੋਂ ਬਾਹਰ ਦੇ ਈ ਹੋਣ, ਮੇਰੇ ਦੋ ਰਿਸ਼ਤੇਦਾਰ-ਦੋਸਤ, ਮਲਕੁਲ ਮੌਤ ਨੇ, ਭਰ ਅਕਲ ਜ਼ਹਾਨਤ, ਸੂਝ ਸਿਆਣਪ, ਢਲਦੀ ਉਮਰੋਂ ਪਹਿਲਾਂ ਈ ਮੇਰੇ ਹੱਥੋਂ ਖਿਸਕਾ ਲਏ ਨੇ, ਕਿ ਮੈਂ ਕੋਲ ਖੜ੍ਹਾ ਹੱਥ ਮਲਦਾ ਈ ਰਹਿ ਗਿਆ, ਤੇ ਹੁਣ ਵੀ ਜਦੋਂ ਕੋਈ ਉਹਨਾਂ ਦੀ ਪੱਧਰ ਦਾ ਮਸਲਾ ਸਾਹਮਣੇ ਔਂਦਾ ਏ ਤਾਂ ਸਿਵਾ ਹੱਥ ਮਲਣ ਦੇ, ਮੇਰੇ ਕੋਲ ਕੋਈ ਚਾਰਾ ਨਹੀਂ ਬਚਦਾ।

ਇਕ ਮੇਰਾ ਆਜਹਾਨੀ ਰਿਸ਼ਤੇਦਾਰ ਮਿੱਤਰ ਸੀ, ਜਿਦ੍ਹੀਆਂ ਰਾਹ ਰੁਸ਼ਨਾਂਦੀਆਂ ਗਲਾਂ ਅਜ ਵੀ ਮੇਰੇ ਘੁੱਪ ਹਨੇਰਿਆਂ 'ਚ ਜਗਮਗ ਕਰਦੀਆਂ, ਖੱਡਿਆਂ ਖਾਈਆਂ ਤੋਂ ਬਚਾ ਲੈਂਦੀਆਂ ਨੇ, ਅਸਾਂ ਦੋਹਾਂ, ਮਿਤਰ ਮੰਡਲੀ 'ਚ ਖ਼ੂਬ ਖੁੱਲ-ਖੁਲਾਸੀਆਂ ਮਾਰਦਿਆਂ ਹੋਣਾਂ ਤਾਂ ਹਾਜ਼ਰ ਸਤਿਗੁਰੂ ਜੀ ਨੇ ਸੁਚੇਤ ਕਰਨਾ, "ਓਇ! ਤੁਹਾਡੀ ਰਿਸ਼ਤੇਦਾਰੀ ਕੀ ਏ ਤੇ ਤੁਸੀ ਗੱਲਾਂ ਕਿਵੇਂ ਦੀਆਂ ਕਰਦੇ ਪਏ ਓ!"

ਜੀਵਨ ਸੰਘਰਸ਼ਾਂ ਦੇ ਘਟਾਂ ਟੋਪਾਂ ਸਮੇਂ, ਮੇਰਾ ਇਕ ਨੌਜਵਾਨ ਮਿੱਤਰ, ਸੜਕ ਹਾਦਸੇ ਪਾਰੋਂ, ਕੁਸਮੇਂ ਹੀ ਮੌਤ ਦੀ



Sri Satguru Jagjit Singh Ji eLibrary NamdhariElibrary@gmail.com

ਵਾਦੀ ਜਾ ਦਾਖਲ ਹੋਇਆ, ਤਾਂ ਬਾਪੂ ਜੀ ਨੇ ਦੁਖਿਤ ਹਿਰਦੇ ਨਾਲ ਆਖਿਆ "ਸਾਧੂ ਸਿੰਘਾਂ! ਤੂੰ ਦੋਸਤੀ ਦੀ ਇਕ ਬਾਂਹ ਤੋਂ ਹੀਣਾ ਹੋ ਗਿਆ ਏਂ।"

ਤੇ ਇਕ ਪਰਮ ਮਿੱਤਰ ਮੇਰੇ ਪਿਤਾ ਸ੍ਰੀ ਵਹਿਮੀ ਜੀ ਸਨ, ਜਿਨ੍ਹਾਂ ਆਪਣੇ ਤੋਂ ਅਠਾਈ ਸਾਲ ਛੋਟੇ ਪੁੱਤਰ ਨੂੰ ਦੋਸਤੀ ਦਾ ਮਾਣ ਬਖਸ਼ ਕੇ ਅਨੇਕ ਉੱਚ ਸਿਖਿਆਵਾਂ ਨਾਲ ਮਾਲਾ-ਮਾਲ ਕੀਤਾ, ਕਿ ਮੈਂ ਡਿਗਰੀਆਂ ਵਿਹੂਣਾ ਪੇਂਡੂ ਕਿਸਾਨ, ਵਿਦਵਾਨਾਂ-ਸਭਾਵਾਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਕਰਨ ਦੇ ਯੋਗ ਹੋ ਸੱਕਿਆ। ਮੇਰੇ ਪਿਤਾ ਜੀ ਵਲੋਂ ਮੈਨੂੰ ਮਿੱਤਰ ਮਾਣ ਦੇਣ ਦੀ ਜਾਚ ਪਾਰੋਂ ਈ, ਅੱਗੋਂ ਮੇਰੇ ਪੁੱਤਾਂ-ਭਤੀਜਿਆਂ ਵਿਚੋਂ, ਮੈਨੂੰ ਦੋਸਤੀ ਦੀ ਖੁਸ਼ਬੂ, ਸਰਸ਼ਾਰ ਕਰੀ ਰੱਖਦੀ ਏ।

ਵਿਦਵਤਾ ਦੀ ਏਡੀ ਉੱਚੀ ਟੀਸੀ ਤੇ ਪਹੁੰਚੇ ਹੋਏ ਇਕ ਅਦਭੁਤ ਮਾਨਵ ਨੂੰ ਇਕਵੱਲੇ ਤੌਰ ਤੇ, ਆਪਣਾ ਮਿੱਤਰ ਮਿਥ ਕੇ, ਥੋੜਾ ਸਹਿਮਦਾ ਹੋਇਆ ਵੀ, ਮੈਂ ਏਡਾ ਅਹਿਸਾਨਮੰਦ ਆਂ ਕਿ ਜਦੋਂ ਮੈਂ ਕਲਮ ਨੂੰ ਕਰੀਬ ਕਰੀਬ ਅਲਵਿਦਾ ਈ ਕਹਿ ਰਿਹਾ ਸਾਂ, ਤਾਂ ਮੇਰੇ ਇਕ ਨਿੱਕੇ ਜਹੇ ਕਲਮੀ ਚਿੱਤਰ ਦੀ, ਮੇਰੇ ਤੋਂ ਪਾਸੇ ਈ, ਪ੍ਰਸੰਸਾਂ ਦਾ ਹੁਲਾਰਾ ਦੇ ਕੇ ਮੈਨੂੰ ਪਿਤਾ ਜੀ ਦੀ ਅੰਸ਼ਕ ਪੈੜ ਤੋਂ ਥਿੜਕਣੋਂ ਬਚਾ ਲਿਆ।

ਹੁਣ ਮੈਂ ਇਕ ਐਹੋ ਜਹੇ ਆਪਣੇ ਸਤਿਗੁਰ ਸਿਫ਼ਤੀ-ਗੀਤ ਗਲੋਟੇ ਦਾ ਜ਼ਿਕਰ ਕਰਨ ਲਗਾ ਆਂ, ਜਿਨ੍ਹੇ ਕਲਮ ਨੂੰ ਜੁੰਬਸ਼ ਦੇ ਕੇ, ਭਰੇ ਪੂਰੇ ਪਰਿਵਾਰ ਨੂੰ, ਕਲਮੀ ਵਿਰਾਸਤ ਵਲੋਂ ਵਾਰਸ ਵਿਹੀਨ ਹੋਣੋਂ ਬਚਾ ਲਿਆ।

ਇਕ ਖੋਜ ਦੀਆਂ ਭੂਲ-ਭੁਲੱਈਆਂ ਚ ਵਿਚਰਦੇ ਮਹਾਂ ਵਿਦਵਾਨ, ਅਨੇਕ ਬੋਲੀਆਂ ਦੇ ਅਨੁਵਾਦਕ, ਦਰਸ਼ਨੀ ਯੋਗੀ ਰਾਜ ਵੈਦ, ਜੀ ਦੀ ਵਡਿਆਈ ਸਾਹਵੇਂ ਨਤ ਮਸਤਕ ਆਂ।

ਉਸਤਾਦਾਂ ਦੇ ਉਸਤਾਦ, ਪਰ ਜਿਵੇਂ ਕੁਝ ਨਾ ਜਾਣਦੇ ਹੋਣ, ਅਚਨਚੇਤ ਕੋਈ ਸਬਜੈਕਟ ਲਿਖਣ ਜਾਂ ਬੋਲਣ ਵਾਸਤੇ ਦੇ ਦਿਓ, ਵਕਤ ਦੀ ਕੋਈ ਪਾਬੰਦੀ ਨਹੀਂ, ਜਦੋਂ ਆਖੋਗੇ ਓਦੋਂ ਹੀ ਹਟਣਗੇ, ਇਸ ਮਿੱਤਰ ਦੀ ਕਾਰਜ ਸਮੱਰਥਾ ਦਾ ਮਦਾਹ ਵੀ ਆਂ ਤੇ ਹੈਰਾਨ ਵੀ ਕਿਵੇਂ ਘਰੋਗੀ ਮਜਬੂਰੀ ਦੇ ਰੂਬਰੂ ਅਨੇਕ ਤਰਫੀ—ਜਿਵੇਂ ਤਿਤਲੀ, ਕਈ ਬੂਟਿਆਂ ਤੇ ਫੇਰੇ ਮਾਰ ਲੈਂਦੀ ਏ—ਪੂਰਾ ਆ ਰਿਹੈ।

ਜੇ ਕੋਈ ਦੁਖਾਂ ਦਾ ਸਾਥੀ, ਬਚਪਨ ਦਾ ਗਹਿਰਾ ਦੋਸਤ-ਕਮ-ਰਿਸ਼ਤੇਦਾਰ, ਅਕਾਰਨ ਹੀ ਕਿਸੇ ਵੀ ਸਬੰਧ ਨੂੰ ਮਾਨਤਾ ਦੇਣੋਂ ਇਨਕਾਰੀ ਹੋ ਜਾਇ, ਸਗੋਂ ਲਗਾਤਾਰ ਅਸਹਿ ਅਪ-ਸ਼ਬਦਾਂ ਨਾਲ ਨਿਵਾਜਣਾਂ ਸ਼ੁਰੂ ਕਰ ਦੇਵੇ, ਤਾਂ ਉਸ ਗੁੰਝਲਦਾਰ ਪੀੜ ਨੂੰ ਝੇਲਣ ਵਾਸਤੇ, ਕਿਹੋ ਜਹੀ ਮਾਨਸਿਕਤਾ ਗ੍ਰਹਿਣ ਕਰਨੀ ਪੈ ਸਕਦੀ ਏ।

ਗੱਲ ਤੇ ਏਥੋਂ ਈ ਸ਼ੁਰੂ ਹੋਈ ਸੀ, ਇਕ ਦਿਲਦਾਰ ਦੇ ਮਹੱਲਾਂ 'ਚ ਰਾਤ ਗੁਜ਼ਾਰ ਕੇ ਜਦੋਂ ਸਾਜਰੇ, ਦੂਰ ਦਾ ਸਫਰ ਜਾਣ ਕੇ ਖਿਸਕਣ ਲੱਗਿਆ ਤਾਂ ਉਹ ਭਲਾ ਪੁਰਸ਼ ਇਕ ਅੱਤ ਜ਼ਰੂਰੀ ਕੰਮ ਨਿਪਟਾਣ ਜਾ ਰਿਹਾ ਸੀ, ਜਦੋਂ ਮੈਂ ਮੱਥੇ ਨੂੰ ਉਂਗਲ ਛੁਹਾ ਕੇ, ਸਲਾਮੀ ਦੇਂਦਿਆਂ ਬਾਹਰ ਨੂੰ ਧਾਈ ਕੀਤੀ, ਉਹ ਅਭੜ ਵਾਹਿਆਂ ਬੋਲ ਪਿਆ, ਓ! ਹੋ! ਰੁਕ ਜਾਓ! ਅਸਾਂ ਵੀ ਉਸੇ ਪਾਸੇ ਜਾਣਾ ਏ, ਸਾਥਣ ਨੂੰ ਕਾਹਲ ਪਾਂਦਾ ਹੋਇਆ, ਆ ਬਈ! ਸਵੇਰ ਦੀ ਸੈਰ ਕਮ ਐਸ਼ ਕਰ ਆਈਏ! ਨਾਲੇ ਇਹਨਾਂ ਨੂੰ ਬਸ ਤੇ ਚੜਾ ਦਿਆਂਗੇ। ਮੈਂ ਕਿਹਾ ਅੜਿਆ ਤੂੰ ਵੇਹਲਾ ਤੇ ਹੋ ਲੈ, ਨਹੀਂ ਨਹੀਂ ਕਿੱਥੇ ਰਿਕਸ਼ੇ ਨਾਲ ਪੱਗੋ ਹੱਥੀ ਹੋਦੇਂ ਜਾਉਗੇ, ਨਾਲੇ ਸਾਡੀ ਨਵੀ ਕਾਰ ਪਵਿੱਤਰ ਕਰੋ। ਉਨੇਂ ਮੈਨੂੰ ਕੋਈ ਗੱਲ ਨਹੀਂ ਕਰਨ ਦਿੱਤੀ। ਜੇ ਮੈਂ ਕੀਤੀ, ਉਨ ਸੁਣੀ ਨਹੀਂ, ਮੈਨੂੰ ਧੱਕ ਕੇ ਗੱਡੀ ਚ ਬਿਠਾ ਕੇ ਨਹੀਂ, ਸੁੱਟ ਕੇ ਚਾਬੀ ਲਾਕੇ ਪਿੱਛੇ ਵੇਖਿਆ ਪਰ ਮੇਰੀ ਦੀਦੀ ਤਾਂ ਪਿਛਲੀ ਸੀਟ ਤੇ ਪਹਿਲਾਂ ਈ ਸਜੇ ਹੋਏ ਸਨ, ਮੈਨੂੰ ਸਰੇ ਰਾਹ ਕੋਈ ਗੱਲ ਨਾ ਸੁੱਝੀ, ਤਾਂ ਹੀ ਪਤਾ ਲੱਗਾ, ਕਾਰ ਖਲਿਹਾਰ ਕੇ ਕਹਿਣ ਲਗੇ, ਲਓ ਜੀ, ਲਾਰੀ ਸਵਾਰ ਹੋ ਜਾਓ, ਮੈਂ ਬੱਸ 'ਚ ਬੈਠਾ, ਏਹੋ ਸੋਚਦਾ ਗਿਆ—ਅਜੀਬ ਆਦਮੀ ਏਂ, ਭਾਵੇਂ ਮੇਰੀ ਕਾਹਲ ਕਿੰਨੀ ਜਰੂਰੀ ਸੀ, ਪਰ ਏਹ ਵੀ ਕੀ ਆਖਿਰ ਏਡਾ ਜਰੂਰੀ ਕੰਮ ਫੇਰ ਤੇ ਪਾ ਦਿੱਤਾ ਜਾਇ।

ਬਾਕੀ ਫੇਰ...............

*ਮਿੱਤਰਾਂ ਦਾ ਮਮਨੂਨ—ਕਿਸਾਨ*

---

## ਸਹਾਇਤਾ

| | |
|---|---|
| —ਭੁਰਜੀ ਪਰਿਵਾਰ-ਭੁਰਜੀ ਮਸ਼ੀਨ ਟੂਲਜ਼ ਲੁਧਿਆਣਾ ਵਲੋਂ ਪੂਜਯ ਮਾਤਾ ਪ੍ਰਕਾਸ਼ ਕੌਰ ਨਮਿਤ ਸ੍ਰੀ ਭੈਣੀ ਸਾਹਿਬ ਪਾਏ ਭੋਗ ਸਮੇਂ | ੫੦੦੦-੦੦ |
| —ਜਥੇਦਾਰ ਰਣਜੀਤ ਸਿੰਘ ਪਿੰਡ ਲੁਹਾਰਾਂ, ਡਾਕਖਾਨਾ ਮਾਣਕ ਰਾਏ, ਜ਼ਿਲਾ ਜਲੰਧਰ ਵਲੋਂ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ ਰਾਹੀਂ ਸ. ਅਮਰੀਕ ਸਿੰਘ | ੨੦੦-੦੦ |
| —ਸ. ਗੁਰਦੀਪ ਸਿੰਘ ਕਾਨੂੰਗੋ ਨਵਾਂ ਸ਼ਹਿਰ ਆਪਣੇ ਸਪੁਤਰ ਪਹਿਲਵਾਨ ਰਾਜਬੀਰ ਸਿੰਘ ਗਿੱਲ ਵਲੋਂ ਆਜ਼ਾਦੀ ਦਿਵਸ ਤੇ ਸਨਮਾਨ ਪ੍ਰਾਪਤ ਕਰਨ ਹਿਤ | ੨੦੦-੦੦ |
| —ਸੁਰਜੀਤ ਸਿੰਘ ਜੀਤ ਘਰ ਪੋਤਰਾ ਸੁਰਜੀਤ ਸਿੰਘ ਜੀਤ ਲੰਡਨ ਹੋਰਾਂ ਆਪਣੇ ਪੋਤਰੇ ਹਰਪਾਲ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ | ੧੧ ਪੌਂਡ |



Sri Satguru Jagjit Singh Ji eLibrary NamdhariElibrary@gmail.com

# ਇਕ ਕਹਾਣੀ—ਸੱਤ ਦਿਨ

—ਦਲਬੀਰ ਸਿੰਘ 'ਤਰਸ' ਅਸਟ੍ਰੇਲੀਆ

ਲਾਲੀ ਰੁਮਿੰਦ ਤੇ ਅੱਜ ਬਾਹਰ ਸਨ। ਪਰਮਿੰਦਰ ਸਿੰਘ ਦੀ ਭਾਣਜੀ ਆਪਣੇ ਪਤੀ ਤੇ ਦੋ ਕਾਕਿਆਂ ਸਮੇਤ, ਆਈ ਹੋਈ ਸੀ। ਮੇਜਰ ਸਿੰਘ ਦਾ ਟਵੀਡ ਹੈਡ ਰੈਸਟੋਰੈਂਟ ਹੈ ਜਿਸਤੇ ਗਰਮੀਆਂ ਵਿਚ ਰਸ਼ ਤੇ ਧਨ ਦੀ ਵਰਖਾ ਦੀਆਂ ਅਸੀਂ ਬੜੀਆਂ ਗੱਲਾਂ ਕੀਤੀਆਂ। ਗਰਮੀਆਂ ਵਿਚ ਇਹ ਬੀਚਜ਼ ਤੁੰਨੇ ਰਹਿੰਦੇ ਹਨ ਭਾਵੇਂ ਸਿਡਨੀ ਵਿਚ ਬੀਚਾਂ ਕੀ ਕੋਈ ਘਾਟ ਨਹੀਂ ਪਰ ਇਹ ਲੋਕ ਜੇ ਛੁਟੀਆਂ ਹੋਣ ਘਰ ਨਹੀਂ ਟਿਕਣਾ ਮੰਗਦੇ ਤੇ ਇਸ ਸਾਗਰ ਕੰਢੇ ਤੋਂ ਵਧੀਆ ਹਾਲੀਡੇ ਅਸਥਾਨ ਕੋਈ ਨਹੀਂ। ਧਨ ਜੋੜਨ ਨਾਲ ਉਨ੍ਹਾਂ ਲੋਕਾਂ ਦੀ ਕੋਈ ਦਿਲਚਸਪੀ ਨਹੀਂ। ਗੋਲਡ ਕੋਸਟ ਸਿਡਨੀ ਤੋਂ ਸਸਤਾ ਤੇ ਚੇਂਜ ਲਈ ਵਧੀਆ ਅਸਥਾਨ ਹੈ, ਤਾਹੀਓਂ ਅਸੀਂ ਇਸ ਬਿਜ਼ਨੈਸ ਦੀ ਜਾਂਚ ਪੜਤਾਲ ਵਿੱਚ ਧੱਸ ਗਏ ਸਾਂ। ਇਨ੍ਹਾਂ ਦੇ ਮਾਤਾ ਪਿਤਾ ਭੀ ਭਾਰਤ ਤੋਂ ਆਏ ਹੋਏ ਹਨ। ਇਹ ਤੇ ਨਿਕਿਆਂ ਦੀਆਂ ਗਲਾਂ, ਪੰਜਾਬੀ ਬੋਲੀ ਦੀ ਸਰਲਤਾ ਤੇ ਦੋਵਾਂ ਦੀ ਦੇਸੀ ਨਾਮੀ ਪਛਾਣ ਤੋਂ ਹੀ ਸਿਧ ਹੋ ਜਾਂਦਾ ਸੀ। ਮੈਂ ਤਾਂ ਇਥੇ ਆਖਦਾਂ ਜਿਸ ਘਰ ਬਜ਼ੁਰਗ ਹਨ ਬੱਚੇ ਸਾਡੇ ਰਹਿਣਗੇ ਪੰਜਾਬੀ ਬੋਲ ਸਕਣਗੇ ਗੁਰਮੁਖੀ ਸਿਖਣਗੇ ਨਹੀਂ ਤਾਂ ਮਾਂ ਪਿਓ ਪਾਸ ਜਨਮ ਦੇਣ ਤੋਂ ਬਗੈਰ ਬੱਚਿਆਂ ਲਈ ਤੇ ਮਾਂ ਬੋਲੀ ਲਈ ਕੋਈ ਪਿਆਰਾ ਜੋੜਾ ਹੀ ਵਕਤ ਕੱਢਦਾ ਹੈ।

ਭਾਵੇਂ ਕੁਝ ਲੇਟ ਹੀ ਸਾਂ ਖਾਣਿਓਂ ਬਾਦ ਰਾਤ ਦੇ ਆਰਾਮ ਲਈ ਪਰ ਜੋ ਆਰਾਮ ਅਜ ਇਸ ਬਿਜ਼ੀ ਦਿਹਾੜੇ 'ਚੋਂ ਮਿਲਿਆ ਉਸ ਤੋਂ ਸਭ ਰਾਤਾਂ ਕੁਰਬਾਨ।

ਛੇਵੀਂ ਸਵੇਰ ਅੱਜ ਚੰਗੇ ਸ਼ਰਾਟੇ ਆ ਰਹੇ ਸਨ। ਸਵੇਰ ਦੀ ਬਰਿਸਕ ਵਾਕ (ਸੈਰ) ਲਈ ਮੈਂ ਰੇਨਕੋਟ ਪਾਕੇ ਸ਼ਾਵਰ ਕੈਪ ਲੈ ਲਈ। ਮੁਰਵਿਲੰਭੇ ਵਾਕ ਦਾ ਆਨੰਦ ਵਖਰਾ ਹੀ ਹੈ। ਘਰੋਂ ਨਿਕਲਦਿਆਂ ਸਟਰੀਟ ਲਾਈਟਾਂ ਦੀ ਜਗਮਗਾਹਟ। ਹਿਲੀ ਨਿਸ਼ਾਨੇ ਤਕ ਪੁਜਣ ਲਈ ਮੈਨੂੰ ਸ਼ੌਪਿੰਗ ਸੈਂਟਰ ਪਾਸ ਕਰਨਾ ਪੈਂਦਾ ਸੀ ਤੇ ਇਸ ਤਕ ਪੁਜਣ ਲਈ ਟਵੀਡ ਨਦੀ ਤੇ ਬਣਿਆਂ ਨਵਾਂ ਪੁਲ। ੧੦੦ ਕੁ ਮੀਟਰ ਦਾ ਇਹ ਪੁਲ, ਇਕ ਬਾਹੀ ਪਾਥ ਨਾਲ ਸਜੀ ਹੋਈ। ਸੁਧੀ ਪਛਾਣੀ ਸ਼ਾਪਿੰਗ ਸਟਰੀਟ ਵਿਚੋਂ ਦੀ ਲੰਘ ਖੱਬੇ ਹਥ ਇਕ ਸ਼ਾਨਦਾਰ ਪਾਰਕ ਆ ਜਾਂਦਾ ਹੈ। ਇਸ ਨੌਕਸ ਪਾਰਕ ਵਿਚ, ਅਗੇ, ਥੋੜੀ ਜਹੀ ਪਾਰਕਿੰਗ ਨਾਲ ਇਕ ਟੈਨਸ ਕੋਰਟ ਹੋਇਆ ਕਰਦਾ ਸੀ, ਅੱਜ ਕਲ੍ਹ ਬੱਚਿਆਂ ਲਈ ਗਹਿਮਾ ਗਹਿਮ ਮਨੋਰੰਜਨ ਬਣੇ ਹੋਏ ਹਨ। ਬੜੇ ਹੀ ਸੁੰਦਰ ਵਾਤਾਵਰਨ ਵਿਚ ਸੁੰਦਰ ਵਿਛੀ ਹਰੀ ਘਾ ਤੇ ਹਸ ਹਸ ਪੈਂਦੇ ਫੁਲਾਂ ਦੀਆਂ ਡਾਰਾ ਨੂੰ ਪਾਰ ਕੀਤਿਆਂ, ਮੁਰਵਿਲੰਭਾ ਸਿਖ ਸੈਂਟਰ ਗੁਰੁਦੁਆਰਾ ਆ ਜਾਂਦਾ ਹੈ। ਸਿਧੇ ਲੰਘਦਿਆਂ ਪਹਾੜੀ ਦੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਇਕ ਪਾਸੇ ਕੰਕ੍ਰੀਟਡ ਫੁਟਪਾਥ ਅਟੁੱਟ ਜਾਂਦਾ ਹੈ। ਮੀਂਹ ਵਿਚ ਭੀ ਵਾਕਿੰਗ ਦੀ ਕੋਈ ਤਕਲੀਫ਼ ਨਹੀਂ ਨਾ ਹੀ ਡਰ। ਸਿਧੀ ਪਹਾੜੀ ਦੀ ਸਿਖਰ ਤੇ ਆਪਣੇ ਪੰਜਾਬੀਆਂ ਇਕ ਗੈਸਟ-ਹਾਊਸ ਬਣਾਇਆ ਸੀ ਜੋ ਹੁਣ ਵਿਕ ਗਿਆ ਹੈ। ਪਹਾੜੀ ਦੀ ਸਿਖਰ ਤੋਂ ਖੱਬੇ ਹਥ ਇਕ ਕਾਫ਼ੀ ਵੱਡਾ ਰੋਡ ਮੁੜਦਾ ਹੈ ਤੇ ਨਾਲ ਹੀ ਫੁਟ ਪਾਥ। ਇਹ ਉਤਰਾਈ ਚੜ੍ਹਾਈ ਤੁਹਾਨੂੰ ਸਾਹੋ ਸਾਹ ਕਰਨ ਲਈ ਕਾਫ਼ੀ ਹੈ ਜਿਸ ਦੇ ਅਗਲੇ ਚਰਸਤੇ ਤੇ ਮੇਰਾ ਅਧਾ ਘੰਟਾ ਅਊਟ ਪੂਰਾ ਹੋ ਜਾਂਦਾ ਹੈ ਤੇ ਇਥੋਂ ਵਾਪਸ। ਇਸੇ ਕੋਰਸ ਤੇ ਚਾਰ ਸਵੇਰਾਂ ਮੈਂ ਪੁਰਾਣੀਆਂ ਯਾਦਾਂ ਨਾਲ ਜੀਅ ਭਰ ਕੇ ਬਤਾਈਆਂ ਹਨ।

ਈਸਟਰ ਦੀਆਂ ਛੁੱਟੀਆ ਅੱਜ ਖ਼ਤਮ ਹੋ ਗਈਆਂ ਸਨ ਪਰਮਿੰਦਰ ਸਿੰਘ ਤੇ ਵਡੇ Pole ਨੇ ਡਿਊਟੀ ਤੇ ਜਾਣਾ ਸੀ। ਗੁੱਡੀ ਕੁਲਵਿੰਦਰ ਅੱਜ ਸਾਡੇ ਸੰਗ ਸਨ ਜੋ ਡਰਾਵੀਇੰਗ ਦੇ ਨਾਲ ਮੁਰਵਿਲੰਭੇ ਦੇ ਭੀ, ਇਥੇ ਦੇਰ ਤੋਂ ਰਹਿੰਦਿਆਂ ਪੂਰੇ ਵਾਕਫ਼ ਸਨ, ਇਸ ਪਾਸ ਦੋ ਛੁਟੀਆਂ ਅੱਜੇ ਹੋਰ ਸਨ।

ਇਨ੍ਹਾ ਤੋਂ ਹੀ ਇਕ ਗੋਰੇ, Bob Chlapham ਦਾ, ਜੋ ਮੇਰਾ ਹੀ ਨਹੀਂ, ਸਾਡੇ ਪਿਤਾ ਜੀ ਦਾ ਭੀ ਬੜਾ ਪੁਰਾਣਾ ਤੇ ਪਿਆਰਾ ਮਿਤਰ ਸੀ; ਸਾਡੇ ਨਾਲ ਡੰਨਬਾਈਬਲ ਰਹਿੰਦਾ ਸੀ; ਇਕ ਲੈਂਡ ਲੋਰਡ ਦੀ ਡੇਅਰੀ ਅਤੇ ਕੇਲਾ ਸੰਭਾਲਦਾ, ਸਾਡੇ ਸਾਰੇ ਪੰਜਾਬੀਆਂ ਦੇ ਕੰਮ ਆਉਣ ਵਾਲਾ ਹਮਦਰਦ ਸੀ ਜੋ ਅੱਜ-ਕਲ੍ਹ ੯੦ ਸਾਲ ਤੋਂ ਉਪਰ ਰੀਟਾਇਰਡ, ਪਤਨੀ ਸਮੇਤ ਮੁਰਵਿਲੰਭੇ ਰਹਿੰਦਾ ਸੀ, ਦਾ ਪਤਾ ਲਗਿਆ। ਕੁਲਵਿੰਦਰ ਨੇ ਸਵੇਰੇ ਬੀ ਡਰੈਕਟਰੀ 'ਚੋ ਨੰਬਰ ਲੈ ਰਿੰਗ ਕੀਤੀ। ਘਰ ਹੀ ਸੀ। ਅਸੀਂ ਉਸ ਨੂੰ ੧੧-੩੦ ਦਾ ਵਕਤ ਦੇ ਨਾਸ਼ਤਿਓਂ ਬਾਦ ਘਰੋ ਨਿਕਲ ਤੁਰੇ। ਫਲੋਰਿਸਟ ਤੋਂ ਜਸਬੀਰ ਨੇ ਇਕ ਗੁਲਦਸਤਾ ਲਿਆ ਤੇ ਅਸੀਂ ਗੱਡੀ ਦੀਆਂ ਸੇਧਾਂ Bob ਵਲ ਨੂੰ ਕਰ ਕਿੱਤੀਆਂ।

ਸਟਰੀਟ ਦੇ ਅਖੀਰ ਤੇ Bob Chlapham ਦਾ ਨਿਕਾ ਜਿਹਾ ਘਰ ਸੀ ਜੋ ਉਸ ਰਟਾਇਰਮਿੰਟ ਤੋਂ ਬਾਦ ਖਰੀਦਿਆ ਸੀ, ਨੌਕਰੀ ਵੇਲੇ ਘਰ ਲੈਂਡ ਲੋਰਡ ਸਪਲਾਈ ਕਰਦਾ ਸੀ। ਢੇਰ ਚਿਰ ਤੋਂ 'ਬਾਬ ਪਤਨੀ ਸਮੇਤ ਇਥੇ ਰਹਿ ਰਿਹਾ ਹੈ।' ਪੰਜ ਬੱਚਿਆਂ 'ਚੋਂ ਤਿੰਨ ਕੁੜੀਆਂ ਹੋਰ ਸਟੇਟਾਂ ਵਿਚ ਰਹਿੰਦੀਆਂ



Sri Satguru Jagjit Singh Ji eLibrary NamdhariElibrary@gmail.com

ਹਨ। ਦੋ ਮੁੰਡੇ ਇਥੇ ਮੁਰਵਿਲੰਬੇ ਹੀ ਰਹਿੰਦੇ ਹਨ। ਦੋਵਾਂ ਦੇ ਪਰਿਵਰ ਹਨ ਨੌਕਰੀ ਤੇ ਹਨ। ਬਾਬਾ ਕਿਸੇ ਦੇ ਸੰਗ ਨਹੀਂ ਤੇ ਕੋਈ ਇਸ ਦੇ ਸੰਗ ਨਹੀਂ। ਕੇਵਲ Mr & Mrs ਕਲੈਪਮ। ਜੀਆ ਕਰੇ ਕੋਈ ਮੁੰਡਾ ਕਦੇ ਆ ਜਾਏ ਪਰ ਜ਼ਰੂਰੀ ਨਹੀਂ। ਮਿਸਜ਼ ਤੇ ਉਸ ਦੱਸਿਆ ਕਿ ਇਕ ਦਿਨ ਉਸ ਦਾ ਭਰਾ ਲਿਜ਼ਮੋਰ ਤੋਂ ਮਿਲਣ ਆਇਆ ਪਰ ਘਰ ਨਾ ਲਭ ਸਕਣ ਤੇ ਵਾਪਸ ਚਲੇ ਗਿਆ।

Bob Chalpham ਬਹੁਤ ਦੇਰ ਟਵੀਡ ਡਿਸਟ੍ਰਿਕ ਦਾ ਬਾਕਸਿੰਗ ਚੈਂਪੀਅਨ ਰਿਹਾ ਹੈ। ਇਹ ਵਜਾਹ ਹੈ ਉਹ ਅਜੇ ਭੀ ਤੀਰ ਵਾਗੂੰ ਸਿਧਾ ਤੇ ਸਟਰਾਂਗ ਹੈ। ਪਿਤਾ ਜੀ ਨਾਲ ਇਸ ਦਾ ਖਾਸ ਸੰਬੰਧ ਸੀ। ਹਰ ਲੜਾਈ ਤੇ ਉਸ ਨੂੰ ਸਾਥ ਰੱਖਿਆ ਕਰਦਾ ਸੀ। ਉਸਦਾ ਵਿਸ਼ਵਾਸ ਸੀ ਇਹ ਜਿਤ ਸਿਰਫ ਦਰਬਾਨ ਕਰਕੇ ਹੁੰਦੀ ਹੈ। ਹਰ ਸਮੇਂ ਪਹਿਲੋਂ ਪਹਿਲ ਜਦੋਂ ਸਾਡੇ ਪਾਸ ਟਰਾਂਸਪੋਰਟ ਨਹੀਂ ਸੀ ਬਾਬ ਨੇ ਸਾਨੂੰ ਆਖ ਛੱਡਿਆ ਸੀ "ਕਦੇ ਭੀ ਲੋੜ ਪਵੇ ਜਸਟ ਨੌਕ" ਕਦੇ ਛੁੱਟੀ ਵਾਲੇ ਦਿਨ ਉਸ ਨੂੰ ਦਾਵਤ ਵਜੋਂ ਆਖਣਾ "ਬਾਬ ਅੱਜ ਮੂੰਗਾ ਬੀਨ (ਮੂੰਗੀ ਦਾਲ) ਬਣੀ ਹੈ" ਤੇ ਉਸ ਝਟ ਆਖ ਦੇਣਾ ਮੇਕ ਫਿਊਂ ਮੋਰ ਜਾਨੀ ਕੇਕਸ (ਰੋਟੀ) ਆਈ ਐਮ ਕਮਿੰਗ। ਇਕ ਪਲੇਟ, ਦੋ ਪਲੇਟਾਂ ਕਈ ਵੇਰ ਤੇ ਉਸ ਸਾਰਾ ਪਤੀਲਾ ਹੀ ਚਟ ਕਰ ਜਾਣਾ ਆਖਦਿਆਂ, ਮਿਸੀ:ਪੁਟ ਮੋਰ ਇਫ਼ ਸਪੇਅਰ, ਆਈ ਹੈਵ ਨੈਵਰ ਇੰਨਜੁਆਇਡ ਦਿਸ ਟੇਸਟ ਬੀਫੋਰ। ਮਿਸਜ਼-ਜੇ ਅਸੀਂ ਕਿਧਰੇ ਦੁੱਧ ਲਈ ਲੇਟ ਹੋ ਗਏ ਤਾਂ ਡੇਅਰੀ ਵਿਚ ਰੱਖ ਜਾਣਾ ਪਰ ਭੁਲਣਾ ਕਦੇ ਨਹੀਂ ਤੇ ਪੈਸੇ ਮੈਨੂੰ ਯਾਦ ਨਹੀਂ ਕਦੋਂ ਉਸ ਲਏ ਹੋਣ ਆਖਣਾ "Plenty Land, Plenty grass, Plenty Cow & Plenty milk" (ਬਹੁਤ ਜ਼ਮੀਨ, ਬਹੁਤ ਘਾਹ, ਬਹੁਤ ਗਊਆਂ ਅਤੇ ਵਾਧੂ ਦੁੱਧ ਹੈ)

ਇਸੇ ਬੌਬ ਦੇ ਘਰ ਅੱਗੇ ਜਾ, ਅਸੀਂ ਰੁਕੇ ਤਿੰਨ ਜਣੇ-ਮੈਂ ਜਸਬੀਰ ਤੇ ਕੁਲਵਿੰਦਰ। ਬਾਬ ਘਰੋਂ ਬਾਹਰ ਬੂਹੇ ਤੇ ਆ ਖੜ੍ਹਾ ਸੀ। ਵੇਖਦਿਆਂ ਹੀ ਸਰਦਾਰ ਜੀ ਸਤਿ ਸ੍ਰੀ ਅਕਾਲ ਉਹ ਪਹਿਲੋਂ ਹੱਥ ਜੋੜੇ ਫਿਰ ਫੈਲਾ ਕੇ ਖੜੇ ਕਰ ਲਏ। ਅਸੀਂ ਤਿੰਨੇ ਵਾਰੋ ਵਾਰੀ ਅੰਦਰ ਲੰਘ ਗਏ। ਮਿਸਿਜ਼ Chlapham ਕੁਰਸੀ ਤੇ ਸੀ ਸ਼ਾਇਦ ਉਠਦਿਆਂ ਕੁਝ ਤਕਲੀਫ ਸੀ। ਮੈਂ ਗੁਲਦਸਤਾ ਬਾਬ ਨੂੰ ਭੇਟ ਕੀਤਾ, ਇਹ ਸੱਭਿਆਚਾਰ ਸੀ।

ਮੈਂ ਦੋਵਾਂ ਦੀ ਦੋਵਾਂ ਨੂੰ ਪਛਾਣ ਕਰਵਾਈ। ਜਸਬੀਰ ਉਸ ਪਹਿਲੀ ਵੇਰ ਇੰਡੀਏ ਤੋਂ ਆਈ Little Girl ਨੂੰ ਅੱਜ ਦਸ ਬੱਚੇ ਬੱਚੀਆਂ ਦੀ Grand mother ਤੱਕ ਸਮੇਂ ਦੀ ਚਾਲ ਨੂੰ ਨਿਹਾਰਿਆ। Sam (ਅਜੀਤ ਸਿੰਘ) ਦੀ Little daughter (ਕੁਲਵਿੰਦਰ) ਨੂੰ ਵੇਖ ਅਤਿਅੰਤ ਖੁਸ਼ੀ ਮਹਿਸੂਸ ਕੀਤੀ।

ਫੇਰ ਵਿਛੜੇ ਪਿਤਾ ਦੀਆਂ ਗੱਲਾਂ ਚਲੀਆਂ, ਵਿਛੜੇ ਕਰਮ (ਕਰਮ ਸਿੰਘ ਰਟੈਂਡਾ) ਦੀਆਂ ਗੱਲਾਂ ਚਲੀਆਂ, ਪ੍ਰੀਤਮ (ਪ੍ਰੀਤਮ ਸਿੰਘ ਵੂਲਗੁਲਗੇ) ਦੀਆਂ ਗੱਲਾਂ ਚਲੀਆਂ ਤੇ ਉਸ ਆਪ ਹੀ ਆਪਣੇ ਭਰਾ ਦੀ ਕਹਾਣੀ ਸੁਣਾਈ ਜੋ ਘਰ ਨਾ ਲਭ ਸਕਣ ਤੇ ਨਾ ਮਿਲਿਆ। ਵਾਪਸ ਲਿਜ਼ਮੋਰ ਚਲੇ ਗਿਆ ਸੀ। "I am not your brother bitmore than that." ਮੈਥੋਂ ਰਿਹਾ ਨਾ ਗਿਆ।

ਬੇਫਿਕਰ ਬੌਬ ਖੁਸ਼ ਸੀ। ਪੈਨਸ਼ਨ ਗੁਜ਼ਾਰੇ ਲਈ ਕਾਫੀ ਸੀ। ਘਰ ਆਪਣਾ ਸੀ। ਡਾਕਟਰ ਫਰੀ ਸੀ ਜੇ ਨਾ ਜਾ ਸਕੋ ਤੇ ਘਰ ਬੁਲਾ ਲਉ ਗੌਰਮਿੰਟ ਪੇਈ। ਛੋਟਾ ਜਿਹਾ ਘਰ ਸੀ, ਮਿਸਜ਼ ਬਹੁਤ ਚਲਣ ਫਿਰਨ ਤੋਂ ਅਸਮਰਥ ਸੀ ਪਰ ਬਾਬ ਆਪ ਤਕੜਾ ਘਰ ਸੰਭਾਲ ਸਕਦਾ ਸੀ। ਜੇ ਤਕਲੀਫ ਆ ਹੀ ਬਣੇ ਤੇ ਇਹ ਨਰਸਿੰਗ ਹੋਮ ਨੂੰ ਰਿੰਗ ਕਰ ਦੇਣਗੇ ਤੇ ਉੱਥੇ ਰਹਿਣਗੇ ਜ਼ਿੰਦਗੀ ਭਰ-ਪੈਨਸ਼ਨ ਨਰਸਿੰਗ ਹੋਮ ਲੈਂਦਾ ਰਹੇਗਾ।

ਅਗਲੀਆਂ ਪਿਛਲੀਆਂ ਗਲਾਂ, ਬਨਾਨੇ (ਕੇਲੇ) ਦੀਆਂ ਗੱਲਾਂ ਕਿਵੇ ਕਵੀਨਜ਼ਲੈਂਡ ਨੇ ਟਵੀਡ ਦੀ ਬਨਾਨਾ ਇੰਡਸਟਰੀ ਦਿੱਤੀ ਹੈ ਨਾ ਦੁੱਖ। ਥੋੜੇ ਸਾਲ ਪਹਿਲੋਂ ਉਹ ਕਵੀਨਜ਼ਲੈਂਡ ਤੋਂ ਆਇਆ ਸੀ, ਇਕ ਸੌ ਪਝੱਤਰ ਪੌਂਡ ਦਾ ਬੰਚ, ਫੁਟ ਤੋਂ ਲੰਬੀ ਫਲੀ-ਪੰਜ ਇੰਚ ਤਕ ਗੋਲ ਉਸ ਆਪ ਵੇਖੀ ਸੀ।

ਮਿਸਿਜ਼ ਨੇ ਚਾਹ-ਕੌਫ਼ੀ ਪੁੱਛੀ ਤੇ ਸਾਡੀ ਵਲੋਂ ਸੰਕੋਚ ਉਸ ਸਵੀਕਾਰਿਆ ਥੋੜੇ ਉਚਾ ਸੁਣਕੇ ਕਲੈਪਸ ਤੋਂ ਵਦਾਇਗੀ ਲੈਣ ਲਈ ਅਸੀਂ ਉਠ ਖਲੋਏ। ਮਿਸਜ਼ ਕਲੈਪਸ ਜ਼ੋਰ ਨਾਲ ਪਰ ਉੱਠੀ ਤੇ ਆਹਿਸਤਾ ਚਲ ਦਰਵਾਜ਼ੇ ਤੱਕ ਪੁੱਜ ਗਈ। ਬਾਬ ਨੇ ਫਿਰ ਤੁਰਦਿਆਂ ਹੱਥ ਘੁਟਿਆ ਤੇ ਬਾਦ ਵਿੱਚ ਹੱਥ ਜੋੜ ਕੇ ਸ: ਜੀ ਸਤਿ ਸ੍ਰੀ ਅਕਾਲ ਆਖੀ ਤੇ ਉਦੋਂ ਤੱਕ ਦੋਵੇਂ ਵੇਵ ਕਰਦੇ ਰਹੇ ਜਦੋਂ ਤੱਕ ਸਾਡੀ ਕਾਰ ਉਹਲੇ ਨਹੀਂ ਹੋ ਗਈ।

ਸਾਨੂੰ ਸ਼ੌਪਿੰਗ ਸੈਂਟਰ ਛੱਡ ਗੁਡੀ ਕੁਲਵਿੰਦਰ ਇਕ ਘੰਟੇ ਬਾਦ ਮੁੜਨ ਦਾ ਵਕਤ ਦੇ ਕੇ ਘਰ ਚਲੇ ਗਈ ਤੇ ਅਸੀਂ ਇਨ੍ਹਾਂ ਪੁਰਾਣੀਆਂ ਮਾਣੀਆਂ ਦੁਕਾਨਾਂ ਵਿੱਚ ਘੁੰਮਦੇ ਫਿਰਦੇ ਤੇ ਬੱਚਿਆਂ ਲਈ ਕੁਝ ਖਰੀਦਣ ਵਿੱਚ ਰੁਝ ਗਏ। ਉਸ ਸਟੂਡੀਓ ਅਗੋਂ ਦੀ ਗੁਜ਼ਰੇ ਜੋ ਚਾਲੀ ਵਰ੍ਹੇ ਪਹਿਲੋਂ ਐਨਥਨੀ ਦੇ ਵਡੇ ਭਰਾ ਪਾਸ ਹੁੰਦਾ ਸੀ ਤੇ ਟਵੀਡ ਡੈਲੀ ਵਾਲਿਆ ਸ੍ਰੀ ਮਹਾਰਾਜ ਜੀਆਂ ਦੀ ਇਥੋਂ ਫੋਟੋ ਖਚਵਾਈ ਸੀ ਅਖਬਾਰ ਵਾਸਤੇ। ਬਹੁਤੇ ਪੁਰਾਣੇ ਲੋਕ ਦਿਸਦੇ ਨਹੀਂ ਸਨ ਜੋ ਜਵਾਨ ਸਨ ਸਿਆਣੇ ਤੇ ਅਚੱਲ ਹੋ ਚੁੱਕੇ ਸਨ। ਇਸੇ ਚੱਕਰ ਵਿੱਚ ਇਕ ਕੁਰਤੇ ਪਜਾਮੇ ਵਾਲਾ ਵੇਖਿਆ ਜਿਵੇਂ ਪਾਕਸਤਾਨੀ ਹੋਵੇ, ਪਾਸੋਂ ਦੀ ਲੰਘ ਗਿਆ ਪਰ ਜਲਦੀ ਵਾਪਸ ਪਰਤ ਸਾਨੂੰ ਸਤਿ ਸ੍ਰੀ ਅਕਾਲ ਆਣ ਬੁਲਾਈ। ਖਬਰੇ ਉਸ ਨੂੰ



Sri Satguru Jagjit Singh Ji eLibrary NamdhariElibrary@gmail.com

ਆਪਣੀ ਦਸਤਾਰ ਦੀ ਘਾਟ ਦਾ ਦੁਖ ਮਹਿਸੂਸ ਹੋ ਰਿਹਾ ਸੀ। ਸਟਰੀਟ ਦੇ ਐਂਡ ਤੇ ਖਲੋ ਅਸੀਂ ਡਨਬਾਈਬਲ ਵਲ ਤੱਕਿਆ ਜਿਥੋਂ ਅੱਜ ਤੋਂ ੩੫ ਬਰਸ ਪਹਿਲੋਂ ਅਸੀਂ ਤਕਿਆ ਕਰਦੇ ਸਾ। ਮੁਰਵਿੱਲਭਾ ਬਹੁਤਾ ਵਧਿਆ ਨਹੀਂ। ਕੁਝ ਕੁ ਨਵੀਆਂ ਬਿਲਡਿੰਗਾਂ ਤੋਂ ਬਗੈਰ ਉਹਾ ਪਰ ਪੁਰਾਣੀਆਂ ਹੋ ਚੁੱਕੀਆਂ ਸਨ। ਸ਼ਾਪਿੰਗ ਸਟ੍ਰੀਟਸ ਵਿੱਚ ਆਵਾ ਜਾਈ ਅੱਗੇ ਵਾਂਗੂੰ ਨਹੀਂ। ਅੱਗੇ ਤੇ ਏਥੇ ਸਾਡੇ ਪੰਜਾਬੀ ਹਰ ਪੱਬ (ਸ਼ਰਾਬ ਖਾਨਾ) ਵਿੱਚ ਵੜਦੇ ਨਿਕਲਦੇ ਦਿਸਿਆ ਕਰਦੇ ਤੇ ਪੰਜਾਬਣਾਂ ਦੇ ਝੂੰਡਾਂ ਦੇ ਝੂੰਡ ਬੱਚਾ ਰੇੜ੍ਹੀਆਂ ਲਈ ਝੂਮਦੇ ਦਿਸਦੇ। ਸਭ ਬਨਾਨੇ (ਕੇਲੇ) ਕਰ ਕੇ ਹੋਇਆ ਜਾਂ ਇਤਫਾਕ ਕਰ ਕੇ। ਗੁਰਦੁਆਰਾ ਭੀ ਮਹੀਨੇ ਦੇ ਇਨ ਐਤਵਾਰ ਹੀ ਖੁਲਦਾ ਹੈ।

ਗੁਰਦੁਆਰੇ ਦੇ ਜ਼ਿਕਰ ਵਿੱਚ ਯਾਦ ਆ ਗਿਆ ਕ੍ਰਿਸ਼ਨਾ ਕਾਨਸ਼ਿਜ਼ ਸੁਸਾਇਟੀ ਨੇ ਇਥੋਂ ੧੦-੧੨ ਮੀਲ ਦੀ ਵਿਥ ਤੇ ਸੈਂਕੜੇ, ਏਕੜ, ਜ਼ਮੀਨ ਖਰੀਦ ਵਧੀਆ ਟੈਂਪਲ ਬਣਾਇਆ ਹੋਇਆ ਹੈ। ਟੂਰੈਸਟ ਦਾ ਆਵਾ ਜਾਈ ਕੇਂਦਰ ਹੈ। ਸਦੀਆਂ ਪੁਰਾਣਾ ਵਾਤਾਵਰਣ ਪੈਦਾ ਕਰਨ ਦੀ ਇਥੇ ਪੂਰਨ ਕੌਸ਼ਸ਼ ਕੀਤੀ ਗਈ ਹੈ-ਹਲ ਹਨ, ਬਲਦ ਹਨ, ਖੇਤੀ ਭੀ ਕਰਦੇ ਹਨ, ਭਜਨ ਕੀਰਤਨ ਹੁੰਦਾ ਹੈ, ਸਾਤਵਿਕ ਲੰਗਰ ਫਰੀ ਇਕ ਜਾਂ ਦੋ ਵੇਰ ਹਫ਼ਤੇ ਵਰਤਦਾ ਹੈ। ਬੈਲ ਗੱਡੀ ਤੇ ਇਹ ਆਪਣੇ ਮੁੱਖੀ ਦਾ ਜਲੂਸ ਭੀ ਕਢਦੇ ਹਨ। ਇਕ ਵੇਰ ਮੈਂ ਵੇਖਿਆ ਸੀ ਇਸ ਵੇਰ ਸਮਾਂ ਨਹੀਂ ਬਣਾ ਸਕਿਆ, ਪੂਰੀ ਦਿਹਾੜ ਲਗਦੀ ਹੈ। ਇਸ ਅਸਥਾਨ ਦਾ ਨਾਮ (ਨਵਾਂ ਗੋਵਰਧਨ) ਹੈ।

ਗੁੱਡੀ ਕੁਲਵਿੰਦਰ ਪੂਰੇ ਵਕਤ ਸਿਰ ਆਪਣੇ ਨਿਯੁਕਤ ਅਸਥਾਨ ਤੇ ਪੁਜ ਗਈ ਤੇ ਖਾਣੇ ਵਕਤ ਅਸੀਂ ਸਮਿਥ ਸਟਰੀਟ ਵਾਲੇ ਘਰ ਸਾਂ ਜਿੱਥੇ ਗੁੱਡੀ ਦੇ ਮਾਤਾ, ਭੈਣ ਚਰਨ ਕੌਰ, ਦੋਵਾਂ ਨੋਹਾਂ ਸਮੇਤ ਸਾਡੀ ਇੰਤਜ਼ਾਰ ਵਿੱਚ ਸਨ।

ਖਾਣਿਓਂ ਬਾਦ ਇਹ ਸਭ ਬੀਬੀਆਂ ਮਾਈਆਂ ਤੇ ਗਲੀਂ ਜੁਟ ਗਈਆਂ ਮੈਂ, ਭੈਣ ਚਰਨ ਕੌਰ ਦੀ ਕਮਜ਼ੋਰ ਸਿਹਤ ਤੋਂ ਵਿਦਾਇਗੀ ਲੈਂਦਿਆਂ "ਭੈਣ ਜੀ ਤੁਸੀਂ ਫ਼ਿਕਰ ਨਾ ਕਰਿਆ ਕਰੋ, ਪਰਮਾਤਮਾ ਨੂੰ ਯਾਦ ਰੱਖੋ ਜੋ ਉਸ ਦੀ ਰਜ਼ਾ ਉਵੇਂ ਹੁੰਦਾ ਹੈ। ਸੁਖ ਸ਼ਾਂਤੀ, ਸੰਤੋਖ ਤੇ ਪ੍ਰੇਮ ਲਈ ਅਰਦਾਸ ਕਰਿਆ ਕਰੋ। ਜਿਸ ਪਾਸ ਅਜਿਹੀਆਂ ਦੋ ਸੁਘੜ ਧੀਆਂ (ਨੋਹਾਂ) ਹੋਣ ਉਸਨੂੰ ਮਾਯੂਸੀ ਕਿਉਂ ? ਸਤਿ ਸ੍ਰੀ ਅਕਾਲ ਆਖ ਆਪਣੇ ਕਮਰੇ ਵਿੱਚ ਚਲਾ ਗਿਆ।

ਥੋੜਾ ਆਰਾਮ ਕਰਨੋ ਬਾਦ ਮੈਂ ਆਪਣੇ ਸਮਾਨ ਦੀ ਪੈਕਿੰਗ ਵਿੱਚ ਰੁਝ ਗਿਆ ਕਿਉਂਕਿ ਸਵੇਰੇ ਸਵਖਤੇ ਟੁਰ ਜਾਣ ਦਾ ਇਰਾਦਾ ਸੀ। ਲਾਲੀ ਹੋਰੀਂ ਤਕਰੀਬਨ ੪ ਵੱਜੇ ਤਕ ਘਰ ਪੁੱਜ ਰਹੇ ਸਨ। ਭੈਣ ਚਰਨ ਕੌਰ ਪਰੀਵਾਰ, ਬੱਚਿਆਂ ਨੂੰ ਸਕੂਲੋਂ ਲੈ ਘਰ ਪੁਜਣ ਲਈ ਰਵਾਨਾ ਹੋ ਚੁਕਾ ਸੀ।

ਅਸੀਂ ਸਾਰੇ ਲਾਂਜ ਰੂਮ ਵਿੱਚ ਲਾਲੀ ਹੋਰਾਂ ਦੀ ਉਡੀਕ ਹੀ ਕਰ ਰਹੇ ਸਾਂ ਕਿ ਹਾਰਨ ਆਣ ਵਜਿਆ। ਦੋਵੇਂ ਉਪਰ ਚੜ੍ਹ ਆਏ। ਲਾਲੀ ਦੀ ਪ੍ਰਾਹੁਣੇ ਨਾਲ ਵਾਕਫੀਅਤ ਕਰਵਾਈ। ਥੋੜਾ ਆਰਾਮ ਕੀਤਾ ਤੇ ਰਾਤ ਦੀ ਇਨ੍ਹਾਂ ਦੀ ਬਿਜ਼ਨਸ ਦੀ ਮੀਟਿੰਗ ਨੂੰ ਮੁਖ ਰਖਦਿਆਂ, ਸਮੇਂ ਦੀ ਘਾਟ ਕਾਰਨ ਮੈਂ ਲਾਲੀ ਨੂੰ ਕਾਰ ਲੋਡ ਕਰਨ ਦੀ ਚਤਾਵਨੀ ਕਰ ਦਿੱਤੀ ਓ ਉਹ ਦੋਵੇਂ ਬਿਜ਼ੀ ਹੋ ਗਏ।

ਰਾਤ ਦਾ ਖਾਣਾ ਸਾਰਿਆਂ ਇਕਠਿਆਂ ਖਾਧਾ ਤੇ ਸਾਰਾ ਪਰੀਵਾਰ ਉਸੇ ਟੇਬਲਾਂ ਤੇ ਲਾਈ ਦੀ ਬਿਜ਼ਨਸ ਡਿਮਾਂਨਸਟਰੇਸ਼ਨ ਵਿੱਚ ਉੱਲਝ ਗਿਆ। ਮੈਂ ਤੇ ਵੱਖ ਹੋ ਬੈਠ ਗਿਆ ਕਿਉਂਕਿ ਮੇਰੀ ਬਿਜ਼ਨਿਸ ਦਾ ਇਨ੍ਹਾਂ ਦੀ ਨਾਲ ਕੋਈ ਸੰਬੰਧ ਨਹੀਂ ਸੀ। ਇਨ੍ਹਾਂ ਨੇ ਇਕ ਦੂਸਰੇ ਤੋਂ ਕੀ ਪਾਇਆ ਇਹ ਜਾਨਣ। ਘੰਟੇਂ ਕੁ ਦੀ ਸਿਰ ਖਪਾਈਓਂ ਬਾਦ ਇਹ ਭੀ ਕੁਝ ਥੱਕ ਗਏ ਤੇ ਮੈਂ ਜੋ ਸਵੇਰੇ ਸੁਵਖਤੇ ਦੀ ਤਿਆਰੀ ਲਈ ਚਲਨਾ ਸੀ ਬਿਸਤਰ ਹਵਾਲੇ ਹੋ ਗਿਆ।

ਅੱਜ ਬਾਰਸ਼ਾਂ ਭਿੱਜੀ ਸਤਵੀਂ ਸਵੇਰ ਮੈਂ ਅੱਗੇ ਤੋਂ ਭੀ ਕੁਝ ਪਹਿਲਾਂ ਹੀ ਉਠ, ਸਵਖਤੇ ਗਰਮ ਮਿੰਟ ਟੀ ਪੀ ਰੇਨ ਕੋਟ ਵਿਚ ਆਪਣੇ ਇਸ ਪਹਿਚਾਣੇ ਪਰ ਨਵੇਂ ਬਣੇ ਮਿਤਰ ਕੋਰਸ ਨੂੰ ਅਲਵਿਦਾ ਆਖਣ ਤੇ ਬਾਰਸ਼ ਦੀ ਬੁਛਾੜ ਚੋਂ ਗਰਮਾਇਸ਼ ਭਾਲਣ ਨਿਕਲ ਗਿਆ। ਸੱਚ ਹੀ ਮੁਰਵਿਲੰਭੇ ਨਾਲ ਪੁਰਾਣਾ ਸਨੇਹ ਜਾਗ ਪਿਆ ਸੀ ਖਬਰੇ ਇਸ ਕਰਕੇ ਕਿ ਇਹ ਜਿੰਦ ਹੁਣ ਪਰੋਡਕਟਵ ਨਾ ਹੋਣ ਕਰਕੇ ਅਜਿਹੇ ਸੁਹਾਵਣੇ ਸੁਵਰਗ ਵਿੱਚ ਰਹਿਣ ਦੇ ਸੁਪਨੇ ਦੇਖਣ ਲੱਗ ਪਈ ਸੀ। ਰਸਨਾ ਤੇ ਭਗੌਤੀ ਪਠਨ, ਨੇਤਰਾਂ ਵਿੱਚ ਨੌਕਸ ਪਾਰਕ ਦੀ ਫੁਲਵਾੜੀ, ਪਤਾ ਨਹੀਂ ਕਦੋਂ ਆਉਂਦੇ ਜਾਂਦੇ ਸ਼ਰਾਟਿਆਂ ਵਿੱਚ ਮੈਂ ਘਰ ਆ ਪੁਜਿਆ।

ਆਪਣੇ ਸਾਰੇ ਅੰਮ੍ਰਿਤ ਵੇਲੇ ਦੇ ਕਰਮ ਤੋਂ ਵਿਦਾ ਹੋ ਜਦੋਂ ਮੈਂ ਨਾਸ਼ਤਾ ਟੇਬਲ ਤੇ ਪੁੱਜਿਆ ਮੰਮੀ ਜਰਾ ਰੋਸ ਜਹੇ ਵਿੱਚ ਕੜਕ ਉਠੇ "ਪਤਾ ਨਹੀਂ ਸੀ ਪਰਮਿੰਦਰ ਨੇ ਡਿਊਟੀ ਤੇ ਜਾਣਾ ਹੈ", ਪਰਮਿੰਦਰ ਜੋ ਮੇਰੀ ਇੱਕਲ ਨਾ ਭੰਗ ਕਰਦਿਆਂ ਅਜੇ ਘਰੋਂ ਨਿਕਲਿਆਂ ਹੀ ਸੀ, ਦਾ ਪੱਖ ਪੂਰਦਿਆਂ ਮੈਨੂੰ ਘੂਰਵੀਂ ਨਜ਼ਰ ਨਾਲ ਤੱਕਿਆ।" "ਵਿਲੀਅਮ ਕਿਹੜਾ ਦੂਰ ਵੇ ਦੋ ਮਿੰਟ ਲਗਣੇ ਹਨ। ਖਬਰੇ ਕੋਈ ਪੁਰਾਣਾ ਵਿਲੀਅਮ ਭੀ ਮਿਲ ਪਵੇ।" ਭੁਲ ਤੇ ਸੁਧਾਈ ਦੀ ਲੇਪ ਕਰਦਿਆਂ ਮੈਂ ਟੇਬਲ ਚੋਂ ਕੁਰਸੀ ਖਿਚ ਬੈਠ ਗਿਆ।

ਨਾਸ਼ਤਾ ਖਤਮ ਹੋਇਆ, ਤੁਹਫੇ ਦੇਣ ਲੈਣ ਖਤਮ ਹੋਈ, ਲਾਲੀ, ਰੁਮਿੰਦ ਨੇ ਕਾਰ ਨਕੋ ਨਕ ਤੁੰਨ ਲਈ ਬੇਸਮੈਂਟ ਦੀ ਐਂਟਰੀ ਅੱਗੇ ਫੋਟੋ ਲਈਆਂ ਦੋਵੇਂ ਨਿਕੜੇ ਗਲ ਨਾਲ ਚੰਬੇੜ



Sri Satguru Jagjit Singh Ji eLibrary NamdhariElibrary@gmail.com

ਗੁਡੀ ਕੁਲਵਿੰਦਰ ਕੌਰ ਨੇ ਅਸ਼ੀਰਵਾਦ ਲਈ ਅਸੀਂ ਕਾਰ ਵਿੱਚ ਵੜ ਚਲ ਪਏ। ਪੈਸਫਿਕ ਹਾਈਵੇ ਤੇ ਸਜਿਓਂ ਬਜਾਏ ਖੱਬੇ ਮੁੜ ਪੰਜਾਂ ਮਿੰਟਾਂ ਬਾਦ ਅਸੀਂ ਵਿਲੀਅਮ ਦੇ ਵਡੇ ਵੇਅਰ ਹਾਊਸ ਜਾ ਪੁੱਜੇ। ਪਰਮਿੰਦਰ ਸਿੰਘ ਸਟੋਰ ਯੂਨੀਫਾਰਮ ਵਿੱਚ, ਇਕ ਦਫਤਰ ਵਿੱਚ ਡਿਸਪੈਚ ਆਰਡਰ ਤਿਆਰ ਕਰ ਰਿਹਾ ਸੀ, ਝੱਟ ਬਾਹਰ ਕਾਰ ਤਕ ਆਇਆ। ਲਾਲੀ ਨੂੰ 'ਟੇਕ ਇਟ ਇਜ਼ੀ' ਡਰਾਈਵਿੰਗ ਚਿਤਾਵਨੀ ਕਰ ਸਾਰਿਆਂ ਤੋਂ ਵਿਦਾਇਗੀ ਲੈ ਓਨੀ ਦੇਰ ਵਰਾਂਡੇ ਵਿੱਚ ਵੇਖਦਾ ਰਿਹਾ ਜਿੰਨਾ ਚਿਰ ਕਾਰ ਦੂਰ ਦੀ ਬੁਕਸ ਵਿੱਚ ਅਲੋਪ ਨਾ ਹੋ ਗਈ।

ਸਿਡਨੀ ਵਲ ਰੁਖ ਕਰੀ ਅਸੀਂ ਪੈਸਿਫਿਕ ਹਾਈਵੇ ਤੇ ਸਫਰ ਕਰ ਰਹੇ ਸਾਂ। ਮਿੱਠੀ ਮਿੱਠੀ ਭੂਰ ਪੈ ਰਹੀ ਸੀ। ਟਵੀਡ ਵੈਲੀ ਰੇਂਜ-ਪਹਾੜੀ ਚੜ੍ਹ ਉਤਰਾ ਆਉਂਦੇ ਲੰਘ ਜਾਂਦੇ ; ਤਿਖਿਆਂ ਮੋੜਾਂ ਦੇ ਚਿਤਾਵਨੀ ਬੋਰਡ ਸੌ ਮੀਟਰ ਅਗੇਰੇ ਆਉਂਦੇ ਚੌਕੰਨਾ ਕਰ ਜਾਂਦੇ, ਸਪੀਡ ਲਿਮਿਟ, ਸਲਿਪਰੀ ਸੜਕ ਸਰਫੇਸ ਸਾਈਨ, ਪੰਦਰਾਂ ਕੁ ਮੀਲ ਦਾ ਇਹ ਪਹਾੜੀ ਇਲਾਕਾ ਜਿੰਨਾਂ ਕੁ ਖਰਤਨਾਕ ਹੈ ਉਨਾਂ ਆਰ.ਟੀ.ਏ. ਦਾ ਸੇਫ਼ਟੀ ਲਈ ਜ਼ੋਰ ਲਗਿਆ ਹੋਇਆ ਹੈ। ਭਾਂਵੇ ਡਰ ਲਗਦਾ ਹੈ ਪਰ ਹਦਾਇਤ ਅਨੁਸਾਰ ਚਲਿਆਂ ਕਦੇ ਮੁਸ਼ਕਲ ਨਹੀਂ ਬਣਦੀ।

ਮੂਬਾਲ ਇਕ ਨਿਕੇ ਜਹੇ ਪਿੰਡ ਤਕ ਪੁੱਜੇ। ਡੰਨਬਾਈਬਲ ਤੋਂ ਕੋਈ ੧੫ ਕੁ ਮੀਲ ਥੋੜੇ ਜਹੇ ਫਲੈਟ ਇਲਾਕੇ ਵਿੱਚ, ਇਕ ਫਿਲਿੰਗ ਸਟੇਸ਼ਨ, ਨਿੱਕੀ ਜਹੀ ਵਰਕਸ਼ਾਪ, ਇਕ ਪੱਬ (ਸ਼ਰਾਬ ਖਾਨਾ) ਤੇ ਵਧ ਤੋਂ ਵਧ ਦਸ ਕੁ ਘਰ। ਇਸ ਨਿੱਕੀ ਵਰਕਸ਼ਾਪ ਵਿੱਚ ੧੯੬੬ ਵਿੱਚ ਮੈਂ ਆਟੋਮੋਟਿਵ ਐਂਜਨੀਅਰਿੰਗ ਪਾਰ ਕਰਨ ਬਾਦ ਟਰੇਨਿੰਗ ਸ਼ੁਰੂ ਕੀਤੀ ਸੀ।

ਮੇਰੇ ਨਾਲ ਸੰਬੰਧਤ ਇਸ ਮੂਬਾਲ ਦੀ ਹੋਰ ਵਸ਼ੇਸ਼ਤਾ ਭੀ ਹੈ। ਇੱਥੇ ਪੁਜ A.B.C. (ਅਸਟ੍ਰੇਲੀਅਨ ਬਰਾਡਕਾਸਟਿੰਗ, ਕਮਿਸ਼ਨ) ਵਾਲਿਆਂ ਮੇਰੇ ਤੇ ਜਸਬੀਰ ਦੀ ਉਹ ਡੌਕੂਮੈਂਟਰੀ ਫਿਨਿਸ਼ ਕੀਤੀ ਸੀ, ਜਿਸ ਦੀ ਸ਼ੁਰੂਆਤ ਡੰਨਬਾਈਬਲ ਤੋਂ ਹੋਈ। ਉਸ ਡੰਨਬਾਈਬਲ ਚੋਂ ਜਿੱਥੇ ਅਸੀਂ ਪੰਜਾਬੀਆਂ ਮਿਲ ਕੇ ਗੁਰੂ ਗੋਬਿੰਦ ਤੀਸਰੀ ਜਨਮ ਸ਼ਤਾਬਦੀ ਮਨਾਈ ਸੀ, ਜਿੱਥੇ ਸ੍ਰੀ ਮਹਾਰਾਜ ਜੀਆਂ ਚਰਨ ਪਾਏ ਸਨ, ਜਿੱਥੇ ਸਾਡੇ ਅਜਿਹੇ ਪ੍ਰੋਗਰਾਮ ਅੱਗੇ ਭੀ ਟੈਲੀਵਾਈਜ਼ ਕੀਤੇ ਗਏ ਸਨ ਤੇ ਇਹ ਕਈ ਵਡੀਆਂ ਚੈਨਲਜ਼ ਤੇ ਟੈਲੀਵਾਈਜ਼ ਭੀ ਕੀਤੀ ਗਈ ਸੀ। ਉਸ ਵੇਲੇ ਦੀ ਸਿਡਨੀ ਸਿਖ ਸਟੂਡੈਂਟ ਸੁਸਾਇਟੀ ਵਲੋਂ ਫੂਨ ਮੈਨੂੰ ਭੀ ਆਏ ਸਨ। ਮੈਨੂੰ ਇਕ ਕਾਪੀ ਭੀ ਦੇ ਗਏ ਸਨ A.B.C. ਵਾਲੇ।

ਟਵੀਡ ਹੈਡ ਤੋਂ ਮੂਬਾਲ ਤੱਕ ੩੦, ੩੫ ਕਿਲੋ ਮੀਟਰ ਬੀਚ ਸੈਂਡ ਮਾਈਨਿੰਗ ਲਈ ਬਹੁਤ ਵਰਤਿਆ ਜਾਂਦਾ ਸੀ, ਸੋਨੇ ਤਕ ਦੀਆਂ ਧਾਤਾਂ ਨਖੇੜੀਆਂ ਜਾਂਦੀਆਂ ਸਨ। ਅੱਜ ਕੱਲ੍ਹ ਇੱਥੇ ਸਰਫਿੰਗ ਤੇ ਬੋਟਿੰਗ ਦੇ ਮੇਲੇ ਲਗਦੇ ਹਨ। ਬਾਇਰਨ ਬੇ ਵਿੱਚ ਕਾਪਕੁਕ ਦਾ ਵਧੀਆ ਇਤਿਹਾਸਕ ਲੁਕ ਆਊਟ ਹੈ ਜਿਥੋਂ ਮਾਊਂਟ ਵਰਿੰਗ ਜਹੀ ਉਚੀ ਪਹਾੜ ਟੀਸੀ ਤਕੀ ਗਈ ਸੀ ੧੮ਵੀਂ ਸਦੀ ਵਿੱਚ।

ਬਾਇਰਨ ਬੇ ਚੋਂ ਲੰਘ ਅਸੀਂ ਰਿਚਮੰਡ ਰਿਵਰ ਦੀ ਵਾਦੀ ਵਿਚ ਪਰਵੇਸ਼ ਕੀਤਾ। ਵਧੀਆ ਪੰਜਾਬੀ ਭਰਪੂਰ ਸ਼ਹਿਰ ਇਕ ਪਾਸੇ ਰਹਿ ਜਾਂਦਾ ਹੈ ਤੇ ਹਾਈਵੇ ਨੂੰ ਬਾਲੀਨਾ ਵਿਚੋਂ ਦੀ ਲੰਘਣਾ ਪੈਂਦਾ ਹੈ। ਚਿੱਟੀ ਰੇਤ ਲਈ ਇਹ ਪਰਸਿਧ ਅਸਥਾਨ ਭੀ ਪੰਜਾਬੀ ਯਾਦਾਂ ਨਾਲ ਘਿਰਿਆ ਪਿਆ ਹੈ। ਦੁਆਲੇ ਕਈ ਪਰੀਵਾਰ ਅੱਜ ਭੀ ਵਸਦੇ ਹਨ।

ਬਾਲਿਨਾ ਲੰਘਦਿਆਂ ਹੀ ਅਸੀਂ ਕਲੇਰੈਂਸ ਨਦੀ ਦੀ ਫਲੈਟ ਧਰਤੀ ਤੇ ਪਰਵੇਸ਼ ਕੀਤਾ ੪੦੦ ਕਿਲੋ ਮੀਟਰ ਲੰਮਾ ਇਹ ਅਸਟ੍ਰੇਲੀਆ ਦੇ ਵਡੇ ਦਰਿਆਵਾਂ ਵਿੱਚੋਂ ਇਕ ਗਿਣਿਆਂ ਜਾਂਦਾ ਹੈ। ਮੈਕਲੀਨ ਤੇ ਗਰੇਫਟਨ ਦੇ ਇਸ ਦਰਿਆ ਤੇ ਵਸੇ ਵਧੀਆ ਸ਼ਹਿਰ ਹਨ। ਪੈਸੇਫਿਕ ਹਾਈਵੇ ਦੋਵਾਂ ਨੂੰ ਬਾਈ ਪਾਸ ਕਰ ਜਾਂਦਾ ਹੈ।

ਮੈਕਲੀਨ ਅਸਟ੍ਰੇਲੀਆ ਦਾ ਸਕਾਟਿਸ਼ ਟਾਊਨ ਹੈ। ਨੈਸ਼ਨਲ ਪਾਰਕ ਤੇ ਬੀਚਜ਼ ਇਸ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ। ਕਰੈਫਟਨ ਦਾ ਜੈਕ ਗਾਂਢਾ (ਇਕ ਰੁੱਖ ਸੁੰਦਰ ਫਲਾਂ ਨਾਲ ਭਰਪੂਰ) ਮੇਲਾ ਲੋਕਲੀ ਬੜਾ ਪਰਸਿਧ ਹੈ। ਸੀ ਫੂਡ ਤੇ ਸ਼ੂਗਰ ਇੰਡਸਟਰੀ ਕਲੈਰੈਂਸ ਦੀਆਂ ਵਡੀਆਂ ਪਰੋਡਕਟਸ ਹਨ।

ਕਲੈਰੈਂਸ ਰਿਵਰ ਛਡਦਿਆਂ ਹੀ ਪੈਸੇਫਿਕ ਹਾਈਵੇ ਦਾ ਮੂੰਹ ਵੂਲਗੁਲਗੇ ਵੱਲ ਨੂੰ ਹੋ ਜਾਂਦਾ ਹੈ। ਮਰਾਫ਼ਟਨ ਤੋਂ ਤਕਰੀਬਨ ੧ ਘੰਟੇ ਦੀ ਡਰਾਈਵ ਹੈ। ਹਾਰਵੁੱਡ ਸੂਗਰ ਮਿਲਜ਼ ਤੋਂ ਬਾਦ ਇਹ ਇਲਾਕਾ ਸੁੰਨ ਸਾਨ ਹੋ ਜਾਂਦਾ ਹੈ। ਟਵੀਡ ਵੈਲੀ ਦੇ ਕਚਨਾਰ ਪਹਾੜ ਤੇ ਰਿਚਮੰਡ ਦੇ ਘਰ ਦੀ ਦੁਧ ਭਰੀ ਹਰਿਆਈ ਇਸ ਬੰਜਰ ਵਿੱਚ ਵੂਲਗੁਲਗੇ ਤਕ ਨਹੀਂ ਮਿਲਦੇ।

ਬਾਰਸ਼ ਹੁੰਦੀ ਸੀ ਭਾਵੇਂ ; ਪੈਸੇਫਿਕ ਹਾਈਵੇ ਦੇ ਬਿਲਕੁਲ ਉਪਰ ਗੁੰਬਦੀ ਗੁਰਦੁਆਰਾ ਸਾਹਿਬ ਦੀ ਅਲੌਕਿਕ ਦਿਖ ਭਾਉਂਦਿਆ ਅਸੀਂ ਬਰੇਕਾਂ ਲਾ ਲਈਆਂ। (ਇਹ ਵੂਲਗੁਲਗੇ ਸਿੰਘ ਟੈਂਪਲ ਨਹੀਂ) ਪਾਰਕਿੰਗ ਵਿੱਚ ਚਲੇ ਗਏ। ਕੋਈ ਭੀ ਸੇਵਾਦਾਰ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਚਾਰੇ ਚੁਪਰੇ ਥੋੜੀ ਚੜ੍ਹਾਈ ਚੜ੍ਹ ਮੇਨ ਐਂਟਰੀ ਤੇ ਪੁੱਜ ਗਏ। ਦਰਵਾਜ਼ੇ ਸਿਰਫ਼ ਢੋਏ ਹੋਏ ਸਨ। ਅਸੀਂ ਸਾਰਿਆਂ ਅੰਦਰ ਪਰਵੇਸ਼ ਕੀਤਾ ਮੇਨ ਹਾਲ ਵਿੱਚ। ਮੱਥਾ ਟੇਕ ਸੌਂਗੀ ਬਾਦਾਮ ਪ੍ਰਸ਼ਾਦ ਲੈ, ਸ਼ਾਨਦਾਰ ਹਾਲ ਨੂੰ ਡੂੰਘਿਆਂ ਤਕਿਆਂ ਤੇ ਬਾਹਰ ਆ ਗਏ। ਇਨੇਂ ਕੁ ਦਰਸ਼ਨ ਸਾਡੇ ਭਾਗਾਂ ਵਿੱਚ ਸਨ ਕਰ ਅਸੀਂ ਕੌਫ਼ਸ ਹਾਰਬਰ ਵੱਲ ਹੋ ਤੁਰੇ।



Sri Satguru Jagjit Singh Ji eLibrary NamdhariElibrary@gmail.com

ਇਥੋਂ ਕਾਫ਼ਸ ਹਾਰਬਰ ਤਕਰੀਬਨ ੪੦ ਮਿੰਟ ਦੀ ਡਰਾਈਵ ਹੈ। ਸ਼ਹਿਰ ਜਿਸ ਨੂੰ ਅਸੀਂ ੫ ਦਿਨ ਪਹਿਲੋਂ ਛੱਡ ਗਏ ਸਾਂ ਫਿਰ ਟਵੀਡ ਵੈਲੀ ਦੀ ਹਰਿਆਵਲ ਵਿਚ ਝੂਮ ਰਿਹਾ ਸੀ, ਪੈਸੈਫਿਕ ਹਾਈਵੇ ਸਿਟੀ ਵਿਚੋਂ ਦੀ ਲੰਘਦਾ ਹੈ। ਰੁੱਕੇ ਤਾਂ ਨਹੀਂ ਪਰ ਨਵੀਨਤਾ ਜਾਨਣ ਲਈ ਅਸੀਂ ਸਲੋ ਜ਼ਰੂਰ ਹੋਏ। ਤੀਹ ਕੁ ਸਾਲ ਪਹਿਲੋਂ ਇਹ ਨਾਰਥ ਵੱਲ ਦੇ ਉਭਰਦਿਆਂ ਇਲਾਕਿਆਂ ਵਿੱਚ ਨੰ ੧ ਗਿਣਿਆ ਜਾਂਦਾ ਸੀ ਜਦੋਂ ਇਥੇ ਦੀ ਕੇਲਾ ਇੰਡਸਟਰੀ ਮੰਨੀ A ਜਾਂਦੀ ਸੀ। ਅੱਜੇ ਭੀ ਇੱਥੇ ਕੇਲਾ ਕਾਫੀ ਹੈ ਪਰ ਉਸ ਦਾ ਅਸਥਾਨ ਹੁਣ ਕੁਈਨਜ਼ਲੈਂਡ ਲੈ ਗਈ ਹੈ ਤੇ ਹੁਣ ਇਹ ਇਲਾਕਾ ਹਾਲੀਡੇ ਰਿਜ਼ਾਰਟ ਬਣ ਕੇ ਰਹਿ ਗਿਆ ਹੈ। ਮੇਨ ਸਟਰੀਟ ਨਿਕਲਦਿਆਂ ਹੀ ਉਹ ਪੁਰਾਣੀ ਬਿਲਡਿੰਗਜ਼ ਉਹ ਸੁੰਨੇ ਜਹੇ ਫਿਲਿੰਗ ਸਟੇਸ਼ਨ ਤੇ ਹੌਲੀ ਹੌਲੀ ਘਟਦੀ ਹਰਿਆਈ ਦੀ ਪਿਲਤਣ ਭਾ ਮਾਰਨ ਲਗ ਪਈ।

ਰੈਂਪਸੀ ਸ਼ਹਿਰ ਤੇ ਹਾਈਵੇ ਤੋਂ ਵਖ ਰਹਿ ਜਾਂਦਾ ਹੈ ਪਰ ਉਸੇ ਨੂੰ ਦਰਸਾਉਂਦਾ ਉਸ ਲਾਗੇ ਹੀ ਕੋਈ ਕੋਈ ਰੈਸਟੋਰੈਂਟ ਟੀ ਸੈਂਟਰ ਯਾਤਰੂਆਂ ਦੀ ਤਾਜ਼ਗੀ ਲਈ ਜ਼ਰੂਰੀ ਬਣਿਆ ਹੋਇਆ ਹੈ। ਇਥੇ ਅਸੀਂ ਘੰਟਾ ਕੁ ਬਰੇਕ ਕੀਤੀ ਤੇ ਹਰ ਇਕ ਨੇ ਆਪਣੀ ਮਨ ਪਸੰਦ ਸਨੈਕ ਦੁਆਰਾ ਚਾਹਿਤ ਤਰਿਪਤ ਕੀਤੀ। ਖਾਲੀ ਕਾਗਜ਼-ਕਪਾਂ ਨਾਲ ਉਛਲਦੇ ਰਬਿਸ਼-ਬਿਨ ਦਸਦੇ ਸਨ ਕਿ ਅਸੀਂ ਕੌਫ਼ਸ ਹਾਰਬਰ, ਰਿਚਮੰਡ, ਟਵੀਡ ਵੈਲੀ ਨੂੰ ਦੂਰ ਛੱਡ ਆਏ ਹਾਂ ਤੇ ਸਿਡਨੀ ਆਣ ਵਿੱਚ ਅਜੇ ਦੇਰ ਹੈ।

ਕਾਫ਼ਸ ਹਾਰਬਰ ਤੋਂ ਸਿਡਨੀ ਤੱਕ ਦੋ ਸ਼ਾਨਦਾਰ ਪਰੋਟਸ ਆਉਂਦੀਆਂ ਹਨ-ਪੋਰਟ ਮੈਕੁਆਰੀ ਤੇ ਪੋਰਟ ਸਟੀਫਨ ਜਿੰਨਾਂ ਵਿੱਚ ਪੈਂਦੇ ਦੋ ਦਰਿਆਵਾਂ ਨੂੰ ਪਾਰ ਕਰਕੇ ਪੈਸੇਫਿਕ ਹਾਈਵੇ ਬਾਈ ਪਾਸ ਕਰ ਜਾਂਦਾ ਹੈ।

ਬਰਿਜ਼ਬਨ ਤੋਂ ਸਿਡਨੀ ਵਲ ਨੂੰ ਆਉਂਦਿਆਂ ਪਹਿਲੋਂ ਪੋਰਟ ਮੈਕੁਆਰੀ ਆਉਂਦੀ ਹੈ। ਪੈਸੇਫਿਕ ਹਾਈਵੇ ਹੇਸਟਿੰਗ ਰਿਵਰ ਕਰਾਸ ਕਰਕੇ ਸਿਧਾ ਸਿਡਨੀ ਵਲ ਹੋ ਜਾਂਦਾ ਹੈ, ਜੇ ਹੇਸਟਿੰਗ ਡਰਾਈਵ ਪੈ ਦਸ ਕਿ: ਮੀ. ਖਬੇ ਨੂੰ ਜਾਈਏ ਤੇ ਪੋਰਟ ਮੈਕੁਆਰੀ ਪੁਜ ਜਾਈਦਾ ਹੈ। ਜੋ ਅਸੀਂ ਮਿਸ ਕੀਤਾ ਸੀ। ਇਥੇ ਦੀ ੪੮ ਕਿ: ਮੀ. ਦੀ ਟੂਰਿਸਟ ਡਰਾਈਵ ਵਰਨਣ ਯੋਗ ਹੈ। ਸ਼ਾਨਦਾਰ ਸਮੁੰਦਰੀ ਲਹਿਰਾਂ ਦਾ ਧਰਤੀ ਨਾਲ ਸੰਗਮ ਸਮੁੰਦਰ ਉਭਰੀਆਂ ਸ਼ਾਨਦਾਰ ਕਲਿਫ਼ਸ, ਸੁਤੀ ਪਈ ਖਮੋਸ਼ ਝੀਲ ਤੇ ਦੂਰ ਤਕ ਵਿਛੀ ਸੁਨਹਿਰੀ ਰੇਤ ਦਰਸ਼ਕਾਂ ਦੀ ਹਰ ਚਾਹਤ ਪੂਰਦੀ ਹੈ। ਰਹਾਇਸ਼ ਦਾ ਪੂਰਨ ਪਰਬੰਧ ਹੈ। ਇਕ ਦਿਨ ਰਹੋ ਇਕ ਮਹੀਨਾ ਰਹੋ ਜੇ ਜੇਬ ਭਰਪੂਰ ਹੈ ਤਾਂ ਅਕਦੇ ਨਹੀਂ।

ਕਾਰੂਆਹ ਦਰਿਆ ਜੋ ਕਰਾਸ ਕਰ ਅਗੇ ਸਿਡਨੀ ਵੱਲ ਜਾਈਏ, ਪੋਰਟ ਸਟੀਫਨਜ਼ ਵਿਚ ਪੈ ਸਮੁੰਦਰ ਨਾਲ ਜਾ ਮਿਲਦਾ ਹੈ। ੨੦ ਕਿ: ਮੀ. ਦਾ ਇਹ ਬੀਚ ਕੁਦਰਤ ਪਸੰਦ ਦਰਸ਼ਕਾਂ ਨੂੰ ਅਨੰਦਤ ਕਰਦਾ ਹੈ। ਸਮੁੰਦਰੀ ਤੇ ਬੂਸ਼ੀ ਜਾਨਵਰਾਂ ਦੀਆਂ ਇਥੇ ਕੌਲੋਨੀਆਂ ਬਣੀਆਂ ਹੋਈਆਂ ਹਨ ਜਿੰਨਾਂ ਵਿੱਚ ਜਾਨਵਰ ਆਪਣੇ ਕੁਦਰਤੀ ਵਾਤਾਵਰਣ ਵਿੱਚ ਵਿਚਰਦੇ ਤੱਕੇ ਤੇ ਸਟਡੀ ਕੀਤੇ ਜਾ ਸਕਦੇ ਹਨ। ਜੂਆਲੋਜਿਸਟਸ ਲਈ ਇਸ ਥਾਂ ਦੀ ਇਕ ਖਾਸ ਵਿਸ਼ੇਸ਼ਤਾ ਹੈ।

ਆਰ.ਟੀ.ਏ. ਕਰਮਚਾਰੀ ਕਿਰਪਾਲ ਸਿੰਘ ਦੀ ਰੀਪੋਰਟ ਹੈ ਕਿ ਸਰਕਾਰ ਨੇ ਟਾਰੀ ਦੇ ਬੂਸ਼ੀ ਇਲਾਕੇ ਵਿੱਚ ਪੈਸੇਫਿਕ ਹਾਈਵੇ ਦੇ ਥਲੇ ਟਨਲਜ਼ ਬਣਾਈਆਂ ਹੋਈਆਂ ਹਨ। ਇਹ ਬੁਸ਼ ਫਾਇਰ ਦੇ ਦਿਨੀ, ਜੋ ਇਸ ਇਲਾਕੇ ਵਿੱਚ ਆਮ ਹੀ ਹੈ, ਧਰਤੀ ਤੇ ਸਰਕਦੇ ਤੇ ਕਮਜ਼ੋਰ ਜਾਨਵਰਾਂ ਦੇ ਬਚਾਓ ਲਈ ਹੀ ਬਣਾਈਆਂ ਗਈਆਂ ਹਨ। ਪੈਸੇਫਿਕ ਹਾਈਵੇ ਤੇ ਐਨਾ ਚੌੜਾ ਹੈ, ਅੱਗੇ ਜਾ ਕਰਾਸ ਕਰਨਾ ਅਸੰਭਵ ਹੈ। ਇਕ ਪਾਸੇ ਅੱਗ ਲਗਣ ਤੇ ਸਾਰੇ ਜਾਨਵਰ ਟਨਲਜ਼ ਰਾਹੀਂ ਦੂਸਰੀ ਸੇਫ ਥਾਂ ਵਲ ਨਿਕਲ ਜਾਂਦੇ ਹਨ। ਚਲੋ ਜਾਨ ਖਾਣੀਆਂ ਕੌਮਾਂ ਵਿੱਚ ਅੱਜੇ ਭੀ ਦਇਆ ਤੇ ਹੈ।

ਹੁਣ ਤਕ ਹਨੇਰਾ ਭੀ ਵਧ ਗਿਆ ਸੀ ਤੇ ਬਾਰਸ਼ ਭੀ। ਇਕ ਥਾਂ ਅਸੀਂ ਰਸਤਾ ਮਿਸ ਕਰ ਗਏ ਤੇ ਵਾਪਸੀ ਦੇ ਚਕਰ ਵਿੱਚ ੨੦, ੩੦ ਕਿ: ਮੀ. ਵਾਧੂ ਫੇਰ ਪਿਆ। ਘੁਪ ਹਨੇਰੇ ਵਿੱਚ ਚਮਕਦੀਆਂ ਲਾਈਟਾਂ ਵਧਦੀਆਂ ਤੇ ਘਣੇਰੀਆਂ ਹੁੰਦੀਆਂ ਗਈਆਂ।

ਸਿਡਨੀ ਸਬਰਬਨ ਰੋਡਜ਼ ਤੇ ਪੁਜਦਿਆਂ ਪਤਾ ਲੱਗ ਗਿਆ ਕਿ ਸਿਡਨੀ ਆ ਗਈ ਹੈ। ਕਾਰਾਂ ਨਾਲ ਤੁੰਨੇ ਪਏ ਰਾਹ, ਵੇਟ ਕਰਦੇ ਟੋ ਟਰਕਾਂ ਦੀ ਭਰਮਾਰ, ਸਪੀਡ ਕੈਮਰਾਂ ਸਾਈਨ, ਉੜੀਆਂ ਫਿਰਦੀਆਂ ਪੁਲੀਸ ਕਾਰਾਂ, ਵਿੱਚੋਂ ਕਿਧਰੇਂ ਐਂਬੂਲੈਂਸ ਸਾਇਰਨ ਸੁਣ ਪੈਂਦੀ ਤੇ ਬ੍ਰੇਕਾਂ ਲੱਗ ਜਾਂਦੀਆਂ। 'ਰੁਮਿੰਦ', ਪਿੱਛੇ ਦੋ ਘੰਟੇ ਦੀ ਡਰਾਈਵਿੰਗ ਥਕਾਈ , ਸੋ ਰਹੀ ਨੂੰ ਜਗਾਇਆ।

ਫਰੀ ਵੇ ਤੋਂ ਸਬਰਬਨ ਰੋਡਜ਼, ਟ੍ਰਿਬਲ ਲੇਨ ਤੋਂ ਡਬਲ, ਕਿਤੇ ਕਿਤੇ ਕਾਰ ਤੇ ਬੰਪਰ ਟੂ ਬੰਪਰ ਬਾਰ, ਕਿਤੇ-ਕਿਤੇ ਘਰ ਤੋਂ ਸੰਘਣੀ ਵਸੋਂ, ਨੀਵੇਂ ਨੀਵੇਂ ਬੂਸ਼ੀ ਜਿੰਦ ਭਰੇ ਘਰ ਦਸ ਦਸ ਮਨਜ਼ਲੇ ਯੂਨਿਟੀ ਬਿਲਡਿੰਗਾਂ ਵਿੱਚ ਬਦਲ ਗਏ : ਪੈਰ ਪੈਰ ਤੇ ਟ੍ਰੈਫਿਕ ਲਾਈਟਾਂ ਚਮਕਣ ਲਗੀਆਂ।

ਓਹਾ ਮੋੜ, ਓਹਾ ਸਟ੍ਰੀਟਸ, ਓਹਾ ਰਾਊਂਡ ਅਬਾਊਟ, ਓਹਾ ਘਰ-ਛਤਾਂ ਹੀ ਛੱਤਾ ਅਸੀਂ ਪੂਰੇ ੮ ਵੱਜੇ ਰਾਤ ਉਸੇ ਘਰ ਪੁੱਜ ਗਏ ਜਿੱਥੋਂ ਸੱਤ ਦਿਨ ਪਹਿਲੋਂ ਬਾਰਾਂ ਵੱਜੇ ਚੱਲੇ ਸਾਂ। ਲਾਲੀ ਹਾਰਨ ਵਜਾਇਆ, ਕੁੰਦਨ ਤੇ ਸਜਨੀਤ ਬਾਹਰ ਆ ਗਏ। ਕਾਰੋਂ ਨਿਕਲ ਤਿੰਨੇ ਇਹ ਪੌੜੀਆਂ ਚੜ੍ਹ ਗਏ ਤੇ ਮੈਂ ਅੱਜੇ ਭੀ ਖੜੋਤਾ ਅਕਾਲ ਪੁਰਖ ਦੇ ਸ਼ੁਕਰਾਨੇ ਵਿੱਚ ਗੜੂੰਦ ਸਾਂ ਜੋ ਸਾਡੇ ਮਾਰਗ ਸੰਵਾਰਦਾ ਰਿਹਾ।

*(ਸਮਾਪਤ)*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

**Pinoneer Manufacturer in India of**

❖ **Automatic machines for producing Biscuits**

❖ **Automatic machines for producing Wafers**

**and**

**Makers of High quality Biscuits**

**BBL FOODS PVT. LTD.**

***Santosh Nagar (X) Roads, Hyderabad-500 059 India***

*Ph.:— +91-40-4530680, 82,84* *Fax :— +91-40--4530475*

*E-mail:amber @hd1.vsnl.net.in*

**Balvinder Pal Singh** *Manging Director*

**Lakhbir Singh Muchhal** *Director*

**Bakhshish Singh Muchhal** *Director*





Sri Satguru Jagjit Singh Ji eLibrary NamdhariElibrary@gmail.com

# ਖਾੜਕੂਵਾਦ ਦੇ ਸਮੇਂ ਦੀ ਇਕ ਅਭੁੱਲ ਯਾਦ

*—ਡਾ. ਲਖਵੀਰ ਸਿੰਘ 'ਨਾਮਧਾਰੀ'*

ਘਟਨਾ ੧੯੯੦ ਦੀ ਹੈ। ਮੈਂ ਗਿਆਨੀ ਦਾ ਪੇਪਰ ਦੇ ਕੇ ਸੰਘੇੜਾ ਤੋਂ ਰਾਮਪੁਰਾ ਫੂਲ ਆ ਰਿਹਾ ਸਾਂ। ਬਰਨਾਲੇ ਤੋਂ ਇਕ ਕਿਤਾਬ ਖਰੀਦਣ ਦੇ ਬਹਾਨੇ ਮੈਂ ਬੱਸ 'ਤੇ ਜਾਣ ਦੀ ਥਾਂ ਘਰੋਂ ਸਕੂਟਰ ਲੈ ਗਿਆ ਸਾਂ। ਪੇਪਰ ਦਾ ਸਮਾਂ ਸ਼ਾਮ ੨ ਤੋਂ ੫ ਵਜੇ ਤੱਕ ਸੀ ਜਦੋਂ ਮੈਂ ਪੇਪਰ ਦੇ ਕੇ ਵਾਪਸ ਚੱਲਿਆ ਤਾਂ ਬਰਨਾਲੇ ਕਚਿਹਰੀਆਂ ਤੋਂ ਥੋੜ੍ਹਾ ਪਿੱਛੇ ਮੇਰੇ ਸਕੂਟਰ ਦਾ ਗੇਅਰ ਪੌਣ ਵਾਲਾ ਮੁੱਠਾ ਟੁੱਟ ਗਿਆ। ਖਾੜਕੂਵਾਦ ਦੀ ਝੁਲ ਰਹੀ ਹਨ੍ਹੇਰੀ ਕਾਰਨ ਹਾਲਾਤ ਬਹੁਤ ਖਰਾਬ ਸਨ। ਮੈਂ ਉਦੋਂ ੨੦ ਕੁ ਸਾਲ ਦਾ ਸਾਂ। ਹਾਲਤਾਂ ਮੁਤਾਬਕ ਗੋਲ ਪੱਗ ਅਤੇ ਥੋੜ੍ਹੀ ਥੋੜ੍ਹੀ ਫੁਟਦੀ ਖੁੱਲ੍ਹੀ ਦਾਹੜੀ ਨੂੰ ਪੁਲਿਸ ਸ਼ੱਕੀ ਨਜ਼ਰਾਂ ਨਾਲ ਦੇਖਦੀ। ਮੈਂ ਕਚਿਹਰੀਆਂ ਦੇ ਮੂਹਰਿਉਂ ਜਾਮਣ ਦੇ ਦਰੱਖਤ ਹੇਠਲੀ ਇਕ ਦੁਕਾਨ ਤੋਂ ਸਕੂਟਰ ਦਾ ਮੁੱਠਾ ਪੁਆ ਰਿਹਾ ਸਾਂ ਤਾਂ ਦੋ ਪੁਲਿਸ ਦੀਆਂ ਜਿਪਸੀਆਂ ਕਦੀ ਤੇਜ਼ ਤੇ ਕਦੀ ਹੌਲੀ-ਹੌਲੀ ਸ਼ੱਕੀ ਨਜ਼ਰ ਨਾਲ ਇਧਰ ਉਧਰ ਸ਼ੂੰ.....ਸ਼ੂੰ.... ਕਰਦੀਆਂ ਘੁੰਮ ਰਹੀਆਂ ਸਨ। ਮੈਨੂੰ ਦਾਹੜੀ ਅਤੇ ਗੋਲ ਪੱਗ ਕਰਕੇ ਇੰਝ ਲੱਗ ਰਿਹਾ ਸੀ ਕਿ ਮੈਂ ਚੋਰ ਹਾਂ....ਪੁਲਿਸ ਮੈਨੂੰ ਹੀ ਭਾਲਦੀ ਹੈ। ਦੂਸਰਾ ਇਤਨੀ ਦੂਰ ਸਕੂਟਰ ਤੇ ਪਹਿਲੀ ਵਾਰ ਆਉਣ ਕਰਕੇ ਮੈਂ ਸਹਿਮਿਆ ਹੋਇਆ ਵੀ ਸਾਂ।

ਮੈਂ ਸਕੂਟਰ ਠੀਕ ਕਰਵਾਕੇ ਚੱਲ ਪਿਆ। ਪਿਛੋਂ ਆਉਂਦੀ ਹਰ ਗੱਡੀ ਤੋਂ ਮੈਨੂੰ ਡਰ ਲਗਦਾ। ਉਪਰੋਂ ਤੇਜ਼ ਗਰਮੀ...ਲੋਅ... ਹਨੇਰੇ ਦਾ ਡਰ....ਮਨ ਦਾ ਡਰ। ਪਿਆਸ ਨਾਲ ਮੂੰਹ ਵੀ ਸੁੱਕ ਰਿਹਾ ਸੀ। ਸਾਹ ਕਾਹਲਾ ਪੈ ਰਿਹਾ ਸੀ। ਮੱਥੇ ਤੇ ਹੱਥ ਰੱਖਿਆ ਤਾਂ ਮੱਥਾ ਠੰਡਾ, ਪਸੀਨੇ ਨਾਲ ਭਿੱਜਿਆ ਹੋਇਆ ਸੀ। ਸੜਕ ਦੇ ਕਿਨਾਰੇ ਸੱਜੇ ਹੱਥ ਇਕ ਨਲਕਾ ਮੇਰੀ ਨਜ਼ਰੀਂ ਪਿਆ। ਜਿਸ ਨੂੰ ਦੇਖਦੇ ਸੁੱਖ ਦਾ ਸਾਹ ਆਇਆ। ਮੂੰਹ ਹਨੇਰੇ ਵਿਚ ਨਲਕੇ ਤੋਂ ਝੁਕਕੇ ਮੈਂ ਪਾਣੀ ਪੀ ਰਿਹਾ ਸਾਂ ਤਾਂ ਕਿਸੇ ਅਜਨਬੀ ਮੇਰੇ ਮੋਢੇ ਨੂੰ ਪਕੜ ਲਿਆ ਅਤੇ ਬੋਲਿਆ।

"ਹਾਂ ਜੀ ਖਾਲਸਾ ਜੀ ਐਸ ਵੇਲੇ ਕਿੱਧਰ....?"

ਮੈਂ ਡਰ ਗਿਆ ਕੰਬ ਗਿਆ। ਡਰ ਦਾ ਛਨਾਟਾ ਮੇਰੇ ਸਰੀਰ ਵਿਚੋਂ ਹੁੰਦਾ ਹੋਇਆ ਕੰਨਾਂ ਵਿਚੋਂ ਰੂਲੇ ਬਣਕੇ ਬਾਹਰ ਨਿਕਲਿਆ। ਮੈਂ ਨਜ਼ਰ ਉੱਪਰ ਚੁੱਕੀ ਤਾਂ ਇਕ ਖੁੱਲੇ ਦਾਹੜੇ ਅਤੇ ਪੀਲੇ ਗੋਲ ਪਰਨੇ (ਛੋਟੀ ਪੱਗ) ਵਾਲਾ ਇਕ ਜਵਾਨ ਸੀ। ਜਿਸਨੇ ਮੋਢੇ ਉਤੇ ਸਟੇਨਗੰਨ ਪਾਈ ਹੋਈ ਸੀ। ਉਸ ਦੀਆਂ ਹਨੇਰੇ ਵਿਚ ਚਮਕਦੀਆਂ, ਚਿੱਟੀਆਂ ਡਰਾਉਣੀਆਂ ਅੱਖਾਂ ਦੇਖ ਕੇ ਮੇਰੇ ਸਾਹ ਸੁੱਕ ਗਏ। ਉਸ ਮਜ਼ਬੂਤੀ ਨਾਲ ਮੇਰਾ ਗੁੱਟ ਫੜਿਆ ਮੈਨੂੰ ਧੂਹਿਆ ਅਤੇ ਆਖਿਆ।

"ਇਧਰ ਆ! ਤੈਨੂੰ ਹੀ ਭਾਲਦੇ ਸਾਂ।"

ਮੈਂ ਸਾਹਮਣੇ ਦੇਖਿਆ ਇਕ ਮਰੂਤੀ ਵੈਨ ਖੜ੍ਹੀ ਹੋਈ ਸੀ। ਵੈਨ ਕੋਲ ਪਾਟਵੀਆਂ ਅਤੇ ਸ਼ੱਕੀ ਨਜ਼ਰਾਂ ਨਾਲ ਦੇਖਦੇ ਤਿੰਨ ਚਾਰ ਹਥਿਆਰਬੰਦ ਖਾਲਸੇ। ਉਹਨਾਂ ਵਿਚੋਂ ਲਾਲ ਨੋਕਦਾਰ ਪੱਗ ਵਾਲੇ ਨੇ ਮੇਰੀਆਂ ਅੱਖਾਂ ਵਿਚ ਆਪਣੀਆਂ ਸ਼ਰਾਫਤ ਭਰੀਆਂ ਅੱਖਾਂ ਪਾ ਕੇ ਸਮਝਦਾਰੀ ਵਾਲੇ ਲਹਿਜੇ ਵਿਚ ਪੁੱਛਿਆ।

.....ਕਿੱਥੋਂ ਆਇਐਂ ਮੁੰਡਿਆ ?

ਮੈਂ ਡਰਦੇ-ਡਰਦੇ ਨੇ ਕੰਬਦੀ ਆਵਾਜ਼ ਵਿਚ ਆਖਿਆ।

"ਸਰ....ਸੰਘੇੜਿਆ ਤੋਂ ਗੁਰੂ ਗੋਬਿੰਦ ਸਿੰਘ ਕਾਲਜ ਵਿਚੋਂ ਗਿਆਨੀ ਦਾ ਪੇਪਰ ਦੇ ਕੇ ਆਇਆਂ।"

ਲਿਆ ਦਿਖਾ ਕਿਹੜਾ ਪੇਪਰ ਐ। ਉਹ ਬੋਲਿਆ।

ਮੈਂ ਕੁੜਤੇ ਦੇ ਗੀਜੇ ਵਿਚ ਹੱਥ ਮਾਰਿਆ ਤਾਂ ਪੇਪਰ ਗਾਇਬ ਸੀ। ਗੀਜੇ ਵਿਚੋਂ ਬਰੰਗ ਪਰਤੇ ਖਾਲੀ ਹੱਥਾਂ ਨੂੰ ਦੇਖਕੇ ਉਹ ਗਰਜਿਆ।

ਝੂਠ ਬੋਲਦੈਂ ਉਏ।

ਕੋਲ ਖੜੇ ਦੇਸੀ ਪਹਿਰਾਵੇ, ਵਿਰਲੇ ਦੰਦ, ਕਾਲੇ ਡੱਚ ਰੰਗ, ਖੂੰਖਾਰ ਡਰਾਉਣੀਆਂ ਅੱਖਾਂ ਵਾਲੇ ਨੇ ਮੇਰੀ ਤਲਾਸ਼ੀ ਲਈ। ਜੇਬ ਵਿਚੋਂ ੪੮ ਰੁ. ਅਤੇ ਮੇਰਾ ਡਰਾਈਵਿੰਗ ਲਾਇਸੰਸ ਉਸਦੇ ਹੱਥ ਲੱਗੇ। ਉਸਨੇ ਮਾਰਨ ਲਈ ਹੱਥ ਚੁੱਕਕੇ ਉੱਚੀ ਪਾੜਵੀਂ ਆਵਾਜ਼ ਵਿਚ ਆਖਿਆ।....ਸਾਲਿਆ! ਲਾਇਸੰਸ ਡੁਪਲੀਕੇਟ ਚੱਕੀ ਫਿਰਦੈਂ ਉਏ।

ਮੈਂ ਕੰਬਦੀ ਥਰਥਰਾਉਂਦੀ ਤਰਲੇ ਭਰੀ ਆਵਾਜ਼ ਵਿਚ ਆਖਿਆ।

ਨਹੀਂ ਸਰ.....

ਮੇਰੀ ਨਹੀਂ ਸਰ ਸੁਣਨ ਤੋਂ ਪਹਿਲਾਂ ਹੀ ਉਸਨੇ ਮੈਨੂੰ ਗੱਡੀ ਵੱਲ ਨੂੰ ਜੋਰ ਦਾ ਧੱਕਾ ਦਿੱਤਾ ਅਤੇ ਆਖਿਆ।

ਚੱਲ.....ਬੈਠ ਗੱਡੀ ਵਿਚ ਤੈਨੂੰ ਪਟਾਕੇ ਵਜਦੇ ਸੁਣਾਈਏ।

ਮੈਂ ਖੜ੍ਹਾ ਹੋ ਕੇ ਹੱਥ ਬੰਨ੍ਹ ਕੇ ਆਖਿਆ। "ਸਰ...ਮੁਆਫ ਕਰ ਦਿਉ।" ਮੈਨੂੰ ਘਰ ਉਡੀਕ ਰਹੇ ਹੋਣਗੇ। ਮੇਰੀਆਂ ਭੈਣਾਂ ਘਰ ਰੋ ਰਹੀਆਂ ਹੋਣਗੀਆਂ। ਮੇਰੇ ਮਾਤਾ ਜੀ ਦੀ ਮੌਤ ਹੋ ਚੁੱਕੀ ਹੈ। ਮੈਂ ਵਾਸਤਾ ਪਾਇਆ। ਪਰ ਉਸ ਮੇਰੀ ਇਕ ਨਾ ਸੁਣੀ



Sri Satguru Jagjit Singh Ji eLibrary NamdhariElibrary@gmail.com

ਅਤੇ ਇਕ ਹੋਰ ਧੱਕਾ ਦੇ ਕੇ ਮੈਨੂੰ ਗੱਡੀ ਵਿਚ ਸੁੱਟ ਦਿੱਤਾ। ਗੱਡੀ ਵਿਚ ਇਕ ਹੋਰ ਨੌਜਵਾਨ ਚੇਹਰੇ ਤੋਂ ਇਕਦਮ ਸ਼ਰੀਫ, ਅੱਖਾਂ ਵਿਚੋਂ ਤਰਿੱਪ-ਤਰਿੱਪ ਹੰਝੂ ਕੇਰਦਾ ਬੈਠਾ ਦੇਖਿਆ। ਗੱਡੀ ਵਿਚ ਮੇਰੇ ਸਮੇਤ ਅਸੀਂ ਪੰਜ ਜਾਣੇ ਬੈਠ ਗਏ ਤੇ ਮੇਰਾ ਸਕੂਟਰ ਕਾਲੇ ਚੇਹਰੇ ਵਾਲੇ ਧੱਕੜ ਨੇ ਚਲਾਇਆ।

ਲਾਲ ਨੋਕਦਾਰ ਪੱਗ ਵਾਲਾ ਡਰਾਈਵਰ ਦੀ ਨਾਲ ਵਾਲੀ ਸੀਟ ਤੇ ਬੈਠਾ। ਗੱਲਬਾਤ ਕਰਨ ਦੇ ਢੰਗ ਤੋਂ ਮੈਨੂੰ ਉਹਨਾਂ ਦਾ ਆਗੂ ਜਾਪਿਆ। ਗੱਡੀ ਤੁਰਨ ਨਾਲ ਗੱਡੀ ਵਿਚ ਫੈਲੀ ਸ਼ਰਾਬ ਦੀ ਗੰਧ ਤੋਂ ਰਾਹਤ ਮਿਲੀ। ਪਰ ਖਾੜਕੂ ਪੁਲਿਸ ਮੁਕਾਬਲਿਆਂ ਦਾ ਦੌਰ ਹੋਣ ਕਰਕੇ ਅਤੇ ਪਿਸਟਲ, ਸਟੇਨਗੰਨਾਂ ਦੇਖ ਦੇਖ ਮੇਰਾ ਦਿਲ ਕਾਹਲਾ ਪੈ ਰਿਹਾ ਸੀ। ਮੈਨੂੰ ਬੇਚੈਨੀ ਹੋਣ ਲੱਗੀ ਅਤੇ ਸਾਹ ਵੀ ਸੁੱਕਣ ਲੱਗਿਆ। ਮੈਂ ਡਰਦੇ-ਡਰਦੇ ਨੇ ਤਰਲੇ ਭਰੀ ਆਵਾਜ਼ ਵਿਚ ਨਾਲ ਬੈਠੇ ਲਾਲ ਚਿਹਰੇ ਅਤੇ ਕੁੰਢੀਆਂ ਮੁੱਛਾਂ ਵਾਲੇ ਨੂੰ ਪੁੱਛਿਆ।

...ਸਰ....ਹੁਣ ਕਿੱਥੇ ਲੈ ਕੇ ਜਾਵੋਂਗੇ ?

"ਜਿੱਥੇ ਮਰਜੀ ਲੈ ਜਾਈਏ....ਤੇਰਾ ਕਿਹੜਾ ਕਿਸੇ ਨੂੰ ਪਤੈ....ਨਾ ਹੀ ਤੇਰੇ ਕੋਈ ਪਿੱਛੇ ਆ ਸਕਦੈ।" ਉਸਨੇ ਧੀਰਜ ਭਰੀ ਆਵਾਜ਼ ਵਿਚ ਮੈਨੂੰ ਡਰਾਇਆ।

ਗੱਡੀ ਰਾਤ ਦੇ ਹਨੇਰੇ ਵਿਚ ਦਰੱਖਤਾਂ, ਫਸਲਾਂ, ਖੇਤਾਂ ਵਿਚ ਲੱਗੀਆਂ ਮੋਟਰਾਂ ਦੀਆਂ ਜਗਦੀਆਂ ਲਾਈਟਾਂ ਨੂੰ ਪਿੱਛੇ ਛੱਡਦੀ, ਸੜਕਾਂ ਦੇ ਮੋੜ ਕੱਟਦੀ ਮੇਨ ਸੜਕ ਤੋਂ ਇਕ ਸੁੰਨੀ ਲੋਕਲ ਸੜਕ ਤੇ ਚੱਲ ਪਈ। ਗੱਡੀ ਨੂੰ ਦੇਖਕੇ ਪੁਰਾਣੀ ਕਿਲੇ ਵਰਗੀ ਇਮਾਰਤ ਦਾ ਦਰਵਾਜਾ ਖੁੱਲ੍ਹਿਆ ਅਤੇ ਵੈਨ ਉਸ ਗੇਟ ਰਾਹੀਂ ਸਾਨੂੰ ਅੰਦਰ ਉਤਾਰ ਕੇ ਯਕਲਖਤ ਬਾਹਰ ਆ ਗਈ। ਅੰਦਰ ਦਗੜ ਦਗੜ ਫਿਰਦੇ ਖਾਕੀ ਵਰਦੀ ਵਾਲੇ ਪੁਲਸੀਆਂ ਨੂੰ ਦੇਖਕੇ ਮੈਂ ਕੰਬ ਗਿਆ ਅਤੇ ਸਮਝ ਗਿਆ ਕਿ ਮੈਂ ਪੁਲਿਸ ਦੇ ਕਬਜ਼ੇ ਵਿਚ ਹਾਂ। ਇਮਾਰਤ ਦੇ ਚੁਫੇਰੇ ਉੱਚੇ ਉੱਚੇ ਕਮਰੇ ਬਣੇ ਹੋਏ ਸਨ। ਕਮਰਿਆਂ ਅੱਗੇ ਬਰਾਮਦੇ ਅਤੇ ਵਿਚਕਾਰ ਬਚਦੀ ੧੦੦ ਕੁ ਗਜ਼ ਜਗ੍ਹਾ ਵਿਚ ਘਾਹ ਅਤੇ ਪੌਦੇ ਲੱਗੇ ਹੋਏ ਸਨ। ਮੈਨੂੰ ਇਸ਼ਾਰਾ ਕਰਕੇ ਇਕ ਖੂੰਜੇ ਵਿਚ ਬੈਠਣ ਲਈ ਆਖਿਆ ਗਿਆ। ਜਿਥੇ ਕਬਾੜ, ਟੁਟੀਆਂ ਕੁਰਸੀਆਂ ਮੇਜ਼ ਅਤੇ ਵਾਧੂ ਨਿੱਕੜ ਸੁੱਕੜ ਸੁੱਟਿਆ ਹੋਇਆ ਸੀ। ਇਹ ਮੱਕੜੀਆਂ, ਜਾਲਿਆਂ ਅਤੇ ਜੰਮੀ ਮੋਟੀ ਗਰਦ ਵਾਲੇ ਖੂੰਜੇ ਵਿੱਚੋਂ ਮੈਨੂੰ ਅਜੀਬ ਗੰਧ ਆ ਰਹੀ ਸੀ। ਮੋਟਾ ਭੀਂ-ਭੀਂ ਕਰਦਾ ਮੱਛਰ ਮੈਨੂੰ ਕੱਟ ਰਿਹਾ ਸੀ। ਮੈਂ ਬੇਵੱਸ ਸਾਂ...ਤੜਪ ਰਿਹਾ ਸਾਂ। ਜਦੋਂ ਕੋਈ ਖਾਕੀ ਵਰਦੀ ਅਤੇ ਕਾਲੇ ਪਾਲਿਸ਼ ਕੀਤੇ ਬੂਟਾਂ ਵਾਲਾ ਚਰਕ ਚਰਕ ਕਰਦਾ ਸਿਪਾਹੀ ਮੇਰੇ ਕੋਲੋਂ ਲੰਘਦਾ ਮੈਂ ਉਸਦੇ ਪੈਰ ਪਕੜ ਕੇ, ਹੱਥ ਜੋੜਕੇ ਮਿੰਨਤਾ ਤਰਲੇ ਕਰਦਾ ਆਖਦਾ।

ਸਰ....ਮੈਂ ਬੇਕਸੂਰ ਹਾਂ। ਮੇਹਰਬਾਨੀ ਕਰਕੇ ਮੈਨੂੰ ਛੱਡ ਦਿਉ।

ਪਰ ਕੋਈ ਨਾ ਸੁਣਦਾ।

ਰਾਤੀਂ ੯.੩੦ ਵਜੇ ਤੇਜ਼ ਲਾਈਟਾਂ ਨਾਲ ਅੱਖਾਂ ਚੁੰਧਿਆਉਂਦੀ ਇਕ ਜਿਪਸੀ ਅੰਦਰ ਆਈ ਜਿਸ ਦੇ ਉੱਪਰ ਇਕ ਵੱਡੀ ਗੰਨ ਫਿਟ ਕੀਤੀ ਹੋਈ ਸੀ। ਇਸ ਵਿਚੋਂ ੬-੭ ਹਥਿਆਰਬੰਦ ਪੁਲਸੀਏ ਦਗੜ-ਦਗੜ ਕਰਦੇ ਉੱਤਰੇ ਤੇ ਇਕ ਦੋ ਆਦਮੀਆਂ ਜਿੰਨਾ ਮੋਟਾ, ਉੱਚਾ ਚੌੜਾ, ਮੋਟੀ ਗਰਦਨ, ਡਰਾਉਣੀਆਂ ਮੋਟੀਆਂ ਵਰਦੀਆਂ ਤੇਜ ਅੱਖਾਂ ਵਾਲਾ ਵਰਦੀ ਪਹਿਨੀ ਇਕ ਅਫਸਰ ਵੀ ਉਤਰਿਆ ਜਿਸਨੂੰ ਦੇਖਕੇ ਸਾਰੇ ਪੁਲਸੀਆਂ ਨੇ ਸਲੂਟ ਮਾਰ ਕੇ ਉਸਨੂੰ ਸਨਮਾਨ ਦਿੱਤਾ। ਸਾਨੂੰ ਇਕ ਪੁਲਸੀਏ ਨੇ ਫਟਾਫਟ ਲਾਅਨ ਵਿਚ ਘਾਹ ਤੇ ਕੁਰਸੀਆਂ ਮੇਜ਼ ਲਗਾਉਣ ਲਈ ਆਖਿਆ। ਮੋਟਾ ਅਫ਼ਸਰ ਚੌੜੀ ਕੁਰਸੀ ਵਿਚ ਫਸਕੇ ਬੈਠ ਗਿਆ ਅਤੇ ਸਾਨੂੰ ਦੋਵਾਂ ਨਵਿਆਂ ਮੁੰਡਿਆਂ ਨੂੰ ਤਿੱਖੀਆਂ ਖੁੱਭਵੀਆਂ ਨਜ਼ਰਾਂ ਨਾਲ, ਉੱਪਰ ਤੋਂ ਹੇਠਾਂ ਤੱਕ ਸ਼ੱਕੀ ਨਜ਼ਰਾਂ ਨਾਲ ਦੇਖਕੇ ਲਾਲ ਨੋਕਦਾਰ ਪੱਗ ਵਾਲੇ ਵੱਲ ਝਾਕਿਆ ਤੇ ਉਸਨੂੰ ਪੁਛਿਆ।

ਇਹ ਨਵੇਂ ਖਾੜਕੂ ਕਿਹੜੇ ਗਰੁੱਪ ਦੇ ਨੇ ? ਮੇਰੇ ਮੂੰਹੋਂ ਫਿਸਵੀਂ ਆਵਾਜ਼ ਵਿਚ ਬਿਨਾਂ ਪੁੱਛੇ ਹੀ ਨਿਕਲ ਗਿਆ। "ਨਹੀਂ ਸਰ....ਮੈਂ ਨਹੀਂ...।" ਪੁਲਿਸ ਇੰਸਪੈਕਟਰ ਕੜਕਵੀਂ ਆਵਾਜ਼ ਵਿਚ ਬੋਲਿਆ।

ਬੱਚੂ ਸਭ ਦੱਸੇਗਾ ਤੁਸੀਂ ਕਿਹੜੇ ਗਰੁੱਪ ਦੇ ਹੋ...ਕਿੰਨੇ ਕਤਲਾਂ ਦੇ ਜੁੰਮੇਵਾਰ ਹੋ....'ਤੇ ਕਿੰਨੇ ਤੁਹਾਡੇ ਕੋਲ ਹਥਿਆਰ ਹਨ। ਅਸੀਂ ਨਹੀਂ ਪੁਛਦੇ ਜਦ ਪੁੱਠੇ ਲਮਕਾਕੇ ਓ. ਕੇ ਵਾਲਾ ਪਟਾ ਚਲਿਆ ਆਪੇ ਬੋਲੋਂਗੇ।

ਉਸੇ ਵਕਤ ਸਾਡੀ ਕਿਸਮਤ ਨੂੰ ਲਾਂਗਰੀ ਇੰਸਪੈਕਟਰ ਲਈ ਰੋਟੀ ਲੈ ਆਇਆ। ਸਾਰੇ ਪੁਲਸੀਏ ਰੋਟੀਆਂ ਨੂੰ ਝਪਟ ਪਏ। ਲਾਂਗਰੀ ਮੇਰੇ ਕੋਲ ਵੀ ਰੋਟੀ ਲੈ ਕੇ ਆਇਆ। ਮੈਂ ਨਾਂਹ ਕਰ ਦਿੱਤੀ। ਮੈਨੂੰ ਲਾਂਗਰੀ ਨੇ ਦਲੀਲ ਨਾਲ ਸਮਝਾਇਆ ਕਿ "ਕਿੰਨੇ ਦਿਨ ਰੋਟੀ ਨਹੀਂ ਖਾਏਂਗਾ ? ਇਥੇ ਕੀ ਪਤੈ ਕਿੰਨੇ ਦਿਨ ਰੱਖਣ। ਨਾਲੇ ਤੈਨੂੰ ਤਾਂ ਪਿਛੇ ਕਿਸੇ ਛਡਵਾਉਣ ਵੀ ਨਹੀਂ ਆਉਣਾ। ਰੋਟੀ ਤਾਂ ਖਾਣੀ ਹੀ ਪਵੇਗੀ ਅੱਜ ਨਹੀਂ ਤਾਂ ਕੱਲ੍ਹ....।" ਸੁਣਕੇ ਮੇਰੀਆਂ ਭੁੱਬਾਂ ਨਿਕਲ ਗਈਆਂ। ਮੈਂ ਫੁੱਟ ਪਿਆ। ਅੱਖਾਂ ਵਿਚੋਂ ਗਰਮ-ਗਰਮ ਅੱਥਰੂ ਗੱਲ੍ਹਾਂ ਉੱਪਰੋਂ ਹੁੰਦੇ ਹੋਏ ਹੇਠਾਂ ਡਿੱਗ ਰਹੇ ਸਨ। ਨੱਕ ਅਤੇ ਗਲੇ ਵਿਚੋਂ ਪਾਣੀ ਚੱਲ ਰਿਹਾ ਸੀ। ਮੈਂ ਹੁਬਕੀਆਂ ਲੈ ਲੈ ਰੋ ਰਿਹਾ ਸਾਂ।

ਲਾਂਗਰੀ ਲਾਲ ਨੋਕਦਾਰ ਪੱਗ ਵਾਲੇ ਕੋਲ ਗਿਆ ਜੋ ਸੌਣ ਲਈ ਵਰਾਂਡੇ ਵਿਚ ਮੰਜਾ ਡਾਹ ਰਿਹਾ ਸੀ। ਉਸਨੇ ਮੈਨੂੰ



Sri Satguru Jagjit Singh Ji eLibrary NamdhariElibrary@gmail.com

ਬੁਲਾਇਆ ਸਮਝਾਇਆ ਤੇ ਕੋਲ ਮੰਜੇ ਤੇ ਬਿਠਾ ਕੇ ਮਸਰੀ ਦੀ ਦਾਲ ਨਾਲ ਗਰਮ ਗਰਮ ਰੋਟੀ ਖਵਾਈ।

ਰਾਤ ਨੂੰ ਸਾਰਿਆਂ ਤੋਂ ਪੱਗਾਂ, ਪਰਨੇ, ਘੜੀਆਂ ਅਤੇ ਅੰਮ੍ਰਿਤਧਾਰੀਆਂ ਤੋਂ ਕ੍ਰਿਪਾਨਾਂ ਲੁਹਾ ਕੇ ਸਾਨੂੰ ੧੦-੧੨ ਜਣਿਆਂ ਨੂੰ ਇਕ ਕਮਰੇ ਵਿਚ ਸੌਣ ਲਈ ਭੇਜ ਦਿੱਤਾ। ਉਸ ਕਮਰੇ ਵਿਚ ਇਕ ਮੁੰਡੇ ਨਾਲ ਮੇਰੀ ਗੱਲਬਾਤ ਹੋਈ ਤੇ ਉਸਨੇ ਦੱਸਿਆ ਕਿ "ਦਿਨੇ ਚੁੱਕ ਕੇ ਲਿਆਂਦੇ ਨਿਰਦੋਸ਼ਾਂ ਅਤੇ ਅਜਨਬੀਆਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਪੁਲਿਸ ਮੁਕਾਬਲੇ ਬਣਾ ਕੇ ਮਾਰ ਦਿੰਦੀ ਹੈ ਤੇ ਪੁਲਸੀਆਂ ਦੀ ਤਰੱਕੀ ਹੋ ਜਾਂਦੀ ਹੈ।" ਮੈਂ ਵੀ ਦਿਨੇ ਚੁੱਕ ਕੇ ਲਿਆਂਦਾ ਇਕ ਅਜਨਬੀ ਸਾਂ। ਮੈਂ ਡਰ ਰਿਹਾ ਸਾਂ। ਮੈਂ ਕਦੀ ਪਾਠ ਕਰਦਾ, ਕਦੀ ਅਰਦਾਸਾਂ ਕਰਦਾ, ਕਦੀ ਸੁੱਖਾਂ ਸੁੱਖਦਾ, ਕਦੀ ਬੈਠ ਜਾਂਦਾ ਤੇ ਕਦੀ ਪੈ ਜਾਂਦਾ। ਥੋਹੜੀ ਅੱਖ ਲੱਗੀ ਤਾਂ ਪੁਲਸੀਆਂ ਮੈਨੂੰ ਉਠਾਇਆ ਦਰੱਖਤ ਨਾਲ ਬੰਨ੍ਹਿਆ ਸਟੇਨਗੰਨ ਵਿਚੋਂ ਗੋਲੀਆਂ ਦੀ ਬੁਛਾੜ ਹੋਈ। ਮੈਂ ਤ੍ਰਬਕ ਕੇ ਉੱਠਿਆ ਮੇਰਾ ਸਰੀਰ ਪਸੀਨੇ ਨਾਲ ਭਿੱਜਿਆ ਹੋਇਆ ਸੀ। ਸਾਹ ਤੇਜ ਚੱਲ ਰਿਹਾ ਸੀ...ਜ਼ਬਾਨ ਤਾਲੂਏ ਨਾਲ ਲੱਗ ਰਹੀ ਸੀ। ਪਾਣੀ ਬਿਨਾਂ ਮੇਰੀ ਜਾਨ ਨਿਕਲ ਰਹੀ ਸੀ....ਪਰ ਪਾਣੀ ਨਹੀਂ ਸੀ।

ਸਵੇਰ ਹੁੰਦਿਆਂ ਹੀ ਸਾਰੇ ਪੁਲਸੀਏ ਨਹਾ ਧੋ ਕੇ ਠਾਠੀਆਂ ਬੰਨ੍ਹ ਕੇ, ਕੱਛਾਂ ਵਿਚ ਪਾਊਡਰ ਭੁੱਕ-ਭੁੱਕ ਕੇ ਤਿਆਰ ਹੋ ਰਹੇ ਸਨ। ਮੈਨੂੰ ੨-੩ ਪੁਲਸੀਆਂ ਦੇ ਅੰਡਰਵੀਅਰ ਅਤੇ ਕੱਛਾਂ ਧੋਣੀਆਂ ਪਈਆਂ। ਪੁਲਿਸ ਇੰਸਪੈਕਟਰ ਦੀ ਧੋਤੀ ਕੱਛ ਮੈਂ ਤਾਰ ਤੇ ਸੁੱਕਣੀ ਪਾਈ। ਦੇਖਦੇ ਹੀ ਦੇਖਦੇ ਕਈ ਪੁਲਸੀਏ ਮੁਨਸ਼ੀ ਦੇ ਨਾਲ ਵਾਲੇ ਵੱਡੇ ਕਮਰੇ ਵਿਚ ਜਾ ਰਹੇ ਸਨ। ਮੋਟਾ ਧੁੱਤ ਇੰਸਪੈਕਟਰ ਵੀ ਉਸੇ ਕਮਰੇ ਵਿਚ ਜਾ ਵੜਿਆ। ਪੰਜ ਸੱਤ ਮਿੰਟ ਬਾਅਦ ਜਦ ਮੈਂ ਲਾਂਗਰੀ ਨਾਲ ਗੱਲਾਂ ਕਰ ਰਿਹਾ ਸਾਂ ਤਾਂ ਮੁਨਸ਼ੀ ਨਾਲ ਦੇ ਵੱਡੇ ਕਮਰੇ ਵਿਚ ਚੀਕਾਂ ਵੱਜਣੀਆਂ ਸ਼ੁਰੂ ਹੋ ਗਈਆਂ। ਮਾਰਤਾ ਉਏ.....ਛੱਡ ਦਿਉ ਜੀ....ਹਾਏ ਮਾਂ...ਹਾਏ ਬਾਪੂ....ਬਚਾ ਲਉ.....ਵਿਰਲਾਪ, ਤਰਲਾ ਅਤੇ ਬੇਵੱਸੀ ਦੀਆਂ ਚੀਕਾਂ ਅਸਮਾਨ ਚੀਰ ਰਹੀਆਂ ਸਨ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਦਗੜ ਦਗੜ ਕਰਦਾ ਇਕ ਪੁਲਸੀਆ ਮੇਰੇ ਵੱਲ ਵਧਿਆ ਤੇ ਮੈਨੂੰ ਉਸ ਕਮਰੇ ਅੱਗੇ ਲੈ ਗਿਆ ਜਿਥੇ ਚੀਕ-ਚਿਹਾੜਾ ਸੀ। ਦੋ ਜਣੇ ਮੇਰੇ ਤੋਂ ਅੱਗੇ ਖੜ੍ਹੇ ਵਾਰੀ ਦੀ ਉਡੀਕ ਕਰ ਰਹੇ ਸਨ ਤੇ ਉਦੋਂ ਹੀ ਦੋ ਹੋਰ ਮੇਰੇ ਪਿੱਛੇ ਆ ਕੇ ਵੀ ਖੜ੍ਹ ਗਏ। ਜਦ ਮੇਰੀ ਵਾਰੀ ਆਈ ਤਾਂ ਮੈਂ ਉਥੋਂ ਖਿਸਕ ਕੇ ਵਰਾਂਡੇ ਵਿਚ ਰਜਿਸਟਰ ਦੀ ਕਾਰਵਾਈ ਕਰਦੇ ਮੁਨਸ਼ੀ ਦੇ ਪੈਰਾਂ ਵਿਚ ਆ ਡਿਗਿਆ ਤੇ ਹੱਥ ਜੋੜ ਕੇ ਤਰਲਾ ਕਰਕੇ ਆਖਿਆ। "ਸਰ...ਬਚਾ ਲਉ। ਮੈਂ ਅੱਜ ਤੱਕ ਥੱਪੜ ਵੀ ਨਹੀਂ ਖਾਧਾ...ਅੰਦਰ ਮੇਰਾ ਕੁਝ ਨਹੀਂ ਬਚਣਾ..।" ਇਤਨੇ ਨੂੰ ਠਾਅ...ਠਾਅ....ਕਰਦੇ ਦੋ ਮੁੱਕੇ ਮੇਰੀ ਢੂਈ ਵਿਚ ਵੱਜੇ ਤੇ ਮੈਨੂੰ ਕੁੱਟ ਵਾਲੇ ਕਮਰੇ ਵੱਲ ਧੂਹਿਆ ਗਿਆ। ਮੇਰੇ ਕਮਰੇ ਵਿਚ ਦਾਖਲ ਹੁੰਦਿਆਂ ਹੀ ਇਕ ਮੁੱਛ ਫੁੱਟ ਗੱਭਰੂ ਨੂੰ ਅਰਧ ਬੇਹੋਸ਼ੀ ਦੀ ਹਾਲਤ ਵਿਚ ਧੂਅ ਕੇ ਘਾਹ ਕੇ ਸੁੱਟਿਆ ਗਿਆ।

ਮੈਂ ਡਰਦਾ ਠਕ...ਠਕ...ਵੱਜਦੇ ਦਿਲ ਅਤੇ ਤੇਜ ਧੜਕਨ ਨਾਲ ਕਮਰੇ ਵਿਚ ਵੜਿਆ। ਕੁਰਸੀਆਂ ਉੱਪਰ ਅਰਧ ਗੋਲਾਕਾਰ ਚੱਕਰ ਅਨੁਸਾਰ ਲਾਈਨਵਾਰ ਬੈਠੇ ੮-੧੦ ਡਾਗਾਂ ਅਤੇ ਪਟਿਆ ਵਾਲੇ ਪੁਲਸੀਏ ਮੇਰੇ ਵੱਲ ਭੁੱਖੀਆਂ ਨਜ਼ਰਾਂ ਨਾਲ ਵੇਖ ਰਹੇ ਸਨ। ਸਾਹਮਣੇ ਉੱਚੀ ਜਗ੍ਹਾ ਵਿਚ ਬੈਠੇ ਧੁਤ ਇੰਸਪੈਕਟਰ ਨੇ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ ਮੇਰੇ ਵੱਲ ਤੱਕਿਆ ਅਤੇ ਕੜਕਵੀ ਸੀਨਾ ਚੀਰਦੀ ਆਵਾਜ਼ ਨਾਲ ਆਖਿਆ।

ਕੱਪੜੇ ਉਤਾਰ ਉਏ।

ਮੈਂ ਕੁੜਤਾ ਪਜਾਮਾ ਲਾਹ ਕੇ ਪਾਸੇ ਰੱਖ ਦਿੱਤਾ ਤੇ ਹੱਥ ਜੋੜ ਕੇ ਖੜ੍ਹ ਗਿਆ। ਕੜਕਵੀਂ ਆਵਾਜ਼ ਵਿਚ ਕੁਰਸੀ ਤੇ ਬੈਠੇ ਦੋ ਪੁਲਸੀਆਂ ਨੇ ਇਕੋ ਸਮੇਂ ਆਖਿਆ।

ਤੈਨੂੰ ਆਖਿਐ ਕੱਪੜੇ ਉਤਾਰ....।

ਮੈਂ ਬੇਵੱਸੀ ਅਤੇ ਟੁੱਟਦੀ ਮਰਿਯਾਦਾ ਬਾਰੇ ਕੁਝ ਕਹਿਣ ਲਈ ਕੁਰਸੀਆਂ ਵੱਲ ਝੁਕਵੀਆਂ ਤਰਲੇ ਭਰੀਆਂ ਨਜ਼ਰਾਂ ਘੁਮਾਈਆਂ ਤਾਂ ਮੇਰੇ ਨਾਲ ਹਮਦਰਦੀ ਰੱਖਣ ਵਾਲੇ ਲਾਲ ਨੋਕਦਾਰ ਪੱਗ ਵਾਲੇ ਨੇ ਮੈਨੂੰ ਆਖਿਆ।

ਹਾਂ....ਬਾਕੀ ਵੀ ਉਤਾਰ ਦੇ। ਉਸਦੀਆਂ ਅੱਖਾਂ ਵਿਚ ਯਕੀਨਨ ਕੱਪੜੇ ਉਤਾਰਨੇ ਪੈਣਗੇ ਵਾਲਾ ਇਸ਼ਾਰਾ ਸੀ।

ਮੈਂ ਸ਼ਰਮਸਾਰ ਹੁੰਦੇ ਹੋਏ ਨੇ ਆਪਣਾ ਕਛਿਹਰਾ ਅਤੇ ਬੁਨੈਣ ਉਤਾਰ ਕੇ ਦੂਸਰੇ ਕੱਪੜਿਆਂ ਉੱਤੇ ਰੱਖ ਦਿੱਤੇ। ਆਪਣਾ ਨੰਗੇਜ਼ ਢੱਕਣ ਲਈ ਦੋਵੇਂ ਹੱਥ ਮੈਂ ਆਪਣੇ ਗੁਪਤ ਅੰਗਾਂ ਤੇ ਰੱਖ ਲਏ। ਦੋ ਤਿੰਨ ਭਖਵੀਆਂ ਦਿਲ ਚੀਰਦੀਆਂ ਡਰਾਉਣੀਆਂ ਰਲਵੀਆਂ-ਮਿਲਵੀਆਂ ਧਮਕਾਉਂਦੀਆਂ ਆਵਾਜ਼ਾਂ ਆਈਆਂ।

"ਗੁਰਦਵਾਰੇ ਆਇਐਂ ਉਏ। ਹੱਥ ਚੁੱਕ ਇਥੋਂ"

ਮੈਂ ਹੱਥ ਬੰਨ੍ਹੀ ਅਲਫ ਨੰਗਾ ਦਸ ਆਦਮੀਆਂ ਵਿਚਕਾਰ ਖੜ੍ਹਾ ਸਾਂ। ਇੰਸਪੈਕਟਰ ਨੇ ਮੇਰੀ ਇੰਨਕੁਆਇਰੀ ਕਰਦੇ ਸਮੇਂ ਮੇਰੇ ਤੇ ਦੋਸ਼ ਲਾਏ ਕਿ "ਤੇਰੀ ਸਾਡੇ ਕੋਲ ਤਸਵੀਰ ਹੈ। ਤੇਰੇ ਕਿਹੜੀ ਖਾੜਕੂ ਜਥੇਬੰਦੀ ਨਾਲ ਸਬੰਧ ਹਨ ਸਾਨੂੰ ਸਾਰਾ ਪਤਾ ਹੈ। ਸਾਰੇ ਸਬੂਤ ਹਨ। ਤੂੰ ਆਪ ਹੀ ਸਭ ਸੱਚੋ ਸੱਚ ਬਿਆਨ ਕਰਦੇ ਨਹੀਂ ਤਾਂ ਉਹ ਘਾਹ ਤੇ ਤੜਪਦੇ ਮੁੰਡੇ ਵਾਲੀ ਤੇਰੀ ਹਾਲਤ ਹੋਵੇਗੀ।"



Sri Satguru Jagjit Singh Ji eLibrary NamdhariElibrary@gmail.com

ਮੈਂ ਆਪਣੀ ਪਰਿਵਾਰਿਕ ਕਹਾਣੀ ਦੁਹਰਾਈ। ਆਪਣੇ ਕਾਰੋਬਾਰ, ਨਾਜ਼ੁਕ ਆਰਥਿਕ ਹਾਲਤ, ਨਾਮਧਾਰੀ ਪਿਛੋਕੜ, ਸੂਬਾ ਬੋਘਾ ਸਿੰਘ ਜੀ ਦਾ ਪੋਤਰਾ ਅਤੇ ਪਾਤਸ਼ਾਹ ਜੀ ਦੇ ਉਪਦੇਸ਼ਾਂ ਬਾਰੇ ਦੱਸ ਰਿਹਾ ਸਾਂ ਤਾਂ ਲਾਲ ਨੋਕਦਾਰ ਪੱਗਵਾਲੇ ਨੇ ਮੇਰੇ ਸ਼ਰੀਫ਼ ਹੋਣ ਦੀ ਹਾਮੀ ਭਰੀ। ਮੈਂ ਹੈਰਾਨ ਸਾਂ ਜਿਹੜੇ ਪੁਲਸੀਏ ਸਿਵਲ ਵਰਦੀ ਵਿਚ ਮੈਨੂੰ ਦੋਸ਼ੀ ਬਣਾਕੇ ਚੁੱਕ ਲਿਆਏ ਸਨ ਉਹ ਮੇਰੇ ਹਿਫ਼ਾਜਤੀ ਅਤੇ ਪੱਖੀ ਗਵਾਹ ਬਣੇ ਖੜੇ, ਪੁਲੀਸ ਇੰਸਪੈਕਟਰ ਨੇ ਵੀ ਸ਼ਾਇਦ ਮੇਰੇ ਚਿਹਰੇ ਤੋਂ ਦਿਲੀ ਅੰਦਰੂਨੀ ਸੱਚ ਪੜ੍ਹਕੇ ਆਖਿਆ।

ਜਾਹ! ਕੱਪੜੇ ਪਾ ਲੈ।

ਮੈਂ ਫਟਾਫਟ ਆਪਣੇ ਕਛਿਹਰੇ ਨੂੰ ਭੁੱਖਿਆਂ ਵਾਂਗ ਝਪਟਿਆ ਕੱਪੜੇ ਪਾਏ ਅਤੇ ਬਾਹਰ ਲਾਂਗਰੀ ਕੋਲ ਜਾ ਕੇ ਪਾਣੀ ਮੰਗਿਆ। ਲਾਂਗਰੀ ਨੇ ਗਰਮ ਪਾਣੀ ਦਾ ਗਲਾਸ ਮੇਰੇ ਹੱਥ ਫੜਾ ਦਿੱਤਾ। ਮੈਂ ਆਖਿਆ ਇਤਨੀ ਗਰਮੀ 'ਚ ਗਰਮ ਪਾਣੀ ਤਾਂ ਉਸਨੇ ਆਖਿਆ।

"ਕਾਕਾ ਜੀ ਕੁੱਟ ਤੋਂ ਬਾਅਦ ਠੰਡਾ ਪਾਣੀ ਪੀ ਕੇ ਇਥੇ ਹੀ ਜੁੜ ਜਾਵੇਂਗੇ।"

ਮੈਂ ਕੁੱਟ ਤੋਂ ਬਚ ਜਾਣ ਬਾਰੇ ਦੱਸਿਆ ਤਾਂ ਲਾਂਗਰੀ ਹੈਰਾਨੀ ਨਾਲ ਬੋਲਿਆ। "ਕਮਾਲ ਐ! ਮੈਂ ਪਿਛਲੇ ਸੱਤ ਸਾਲਾਂ ਤੋਂ ਇਥੇ ਹਾਂ ਅੱਜ ਤੱਕ ਤਾਂ ਕੋਈ ਨਿਰਦੋਸ਼ ਅਤੇ ਸਪਾਰਸ ਵਾਲਾ ਇਥੋਂ ਸਿੱਧਾ ਤੁਰਕੇ ਵਾਪਸ ਨਹੀਂ ਗਿਆ। ਤੂੰ ਕਿਵੇਂ ਬਚ ਗਿਆ ?"

ਮੈਂ ਠੰਡੇ ਪਾਣੀ ਦਾ ਗਲਾਸ ਪੀਤਾ ਮੁਨਸ਼ੀ ਨੂੰ ਰੋਟੀ ਦੇ ੧੨ ਰੁਪਏ ਕਟਾਕੇ ਬਚਦੇ ੩੬ ਰੁਪਏ ਜੇਬ ਵਿਚ ਪਾ ਆਪਣਾ ਸਕੂਟਰ ਲੈ ਕੇ ਰਾਮਪੁਰੇ ਨੂੰ ਚੱਲ ਪਿਆ।

ਅੱਜ ਵੀ ਮੈਂ ਇਹ ਘਟਨਾ ਯਾਦ ਕਰਕੇ ਕਦੀ ਜਿੱਤਿਆ ਮਹਿਸੂਸ ਕਰਦਾ ਹਾਂ ਤੇ ਕਦੀ ਹਾਰਿਆ। ਅੱਜ ਤੱਕ ਮੈਨੂੰ ਇਹ ਪਤਾ ਨਹੀਂ ਚੱਲਿਆ ਕਿ ਮੁਜਰਮ ਅਤੇ ਪੁਲਿਸ ਵਿਚ ਕੀ ਅੰਤਰ ਹੈ। ਜੇ ਮੈਂ ਨਿਰਦੋਸ਼ ਸਾਂ ਤਾਂ ਪੁਲਿਸ ਸਾਫ ਮੁਜਰਮ ਹੈ। ਮੈਂ ਤਾਂ ਬਚ ਗਿਆ ਸਾਂ ਪਰ ਮੈਂ ਸੋਚਦਾ ਹਾਂ, ਜੇਲ੍ਹਾਂ ਵਿਚ ਰੁਲਦੇ, ਜ਼ਿਆਦਤੀਆਂ ਝੱਲਦੇ, ਭਾਰਤ, ਪਾਕਿਸਤਾਨ ਅਤੇ ਵਿਦੇਸ਼ੀ ਜੇਲ੍ਹਾਂ ਵਿਚ ਅਨੇਕਾਂ ਨਿਰਦੋਸ਼ ਬਣਾਏ ਗਏ ਦੋਸ਼ੀਆਂ ਦੀ ਕੀ ਹਾਲਤ ਹੋਵੇਗੀ ? ਪਤਾ ਨਹੀਂ ਕਿੰਨ੍ਹੇ ਨਿਰਦੋਸ਼ ਦੋਸ਼ ਦੀਆਂ ਚੱਕੀਆਂ ਵਿਚ ਪਿਸ ਰਹੇ ਹਨ। ਪਤਾ ਨਹੀਂ ਕਦੋਂ ਇਕ ਦਿਨ ਮਾਵਾਂ ਦੀਆਂ ਉਡੀਕਾਂ ਭੈਣਾਂ ਦੇ ਤਰਲੇ ਤੇ ਸੁਹਾਗ ਚੂੜੇ ਟੁਟਕੇ ਕੀਰਨਿਆਂ ਵਿਚ ਬਦਲ ਜਾਣ....ਔਰਤ ਵਿਚਾਰੀ...ਔਰਤ ? ਸਾਡੀ ਪੁਲਿਸ....?

## ਪਹਿਲਵਾਨ ਰਾਜਬੀਰ ਸਿੰਘ ਗਿਲ ਦਾ ਸਨਮਾਨ

੧੫ ਅਗਸਤ ੨੦੦੩ ਨੂੰ ਯੁਵਾ ਨਾਮਧਾਰੀ ਪਹਿਲਵਾਨ ਰਾਜਬੀਰ ਸਿੰਘ ਗਿਲ ਨੂੰ ਆਜ਼ਾਦੀ ਦਿਵਸ ਤੇ ਨਵਾਂ ਸ਼ਹਿਰ ਵਿਚ ਜ਼ਿਲਾ ਪੱਧਰ ਦੇ ਸਮਾਗਮ ਵਿੱਚ ਸਰਕਾਰੀ ਤੌਰ ਤੇ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਕੈਬੀਨਿਟ ਮੰਤਰੀ ਸ੍ਰੀ ਮਹਿੰਦਰ ਸਿੰਘ ਕੇ. ਪੀ. ਨੇ ਸਨਮਾਨ ਦਿਤਾ। ਇਸ ਅਵਸਰ ਤੇ ਜ਼ਿਲਾ ਨਵਾਂ ਸ਼ਹਿਰ ਦੇ ਡਿਪਟੀ ਕਮਿਸ਼ਨਰ ਸ. ਸ. ਸ. ਸੰਧੂ ਅਤੇ ਐਸ. ਐਸ. ਪੀ. ਮਿਸ ਨੀਰਜਾ ਵੀ ਹਾਜ਼ਰ ਸਨ।

ਰਾਜਬੀਰ ਸਿੰਘ ਗਿਲ, ਨਾਮਧਾਰੀ, ਸ. ਗੁਰਦੀਪ ਸਿੰਘ ਕਾਨੂੰਗੋ ਦਾ ਸਪੁਤਰ ਹੈ ਅਤੇ ਸ. ਅੱਛਰ ਸਿੰਘ ਕੱਕੜ ਦਾ ਪੋਤਰਾ ਹੈ। ਨਾਮਧਾਰੀ ਦੀਵਾਨਾਂ ਵਿੱਚ ਹਾਰਮੋਨੀਅਮ ਨਾਲ ਰੰਗ ਬੰਨਣ ਵਾਲੇ ਜਥੇਦਾਰ ਗੁਰਬਖਸ਼ ਸਿੰਘ ਦਾ ਦੋਹਤਰਾ ਹੈ।

ਰਾਜਬੀਰ ਨੂੰ ਇਹ ਵਿਸ਼ੇਸ਼ ਸਨਮਾਨ ਜੂਨੀਅਰ ਵਰਗ ਵਿਚ ਵਿਸ਼ੇਸ਼ ਪ੍ਰਾਪਤੀਆਂ ਕਾਰਨ ਦਿੱਤਾ ਗਿਆ। ਰਾਜਬੀਰ ਸਿੰਘ ਬਚਪਨ ਤੋਂ ਹੀ ਕੁਸ਼ਤੀ ਵਿੱਚ ਦਿਲਚਸਪੀ ਲੈਂਦਾ ਰਿਹਾ ਅਤੇ ਵੱਖ-ਵੱਖ ਮੁਕਾਬਲਿਆਂ ਵਿੱਚ ਫਖਰ ਯੋਗ ਪ੍ਰਾਪਤੀਆਂ ਕਰਕੇ ਪ੍ਰਸਿਧ ਪਹਿਲਵਾਨਾਂ ਅਤੇ ਕੁਸ਼ਤੀ ਪ੍ਰੇਮੀਆਂ ਤੋਂ ਪਿਆਰ ਅਤੇ ਆਸ਼ੀਰਵਾਦ ਪ੍ਰਾਪਤ ਕਰਦਾ ਰਿਹਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣਾ ਆਸ਼ੀਰਵਾਦ ਤੇ ਮਿਹਰਬਾਨੀਆਂ ਦਾ ਹੱਥ ਸਦਾ ਹੀ ਰਾਜਬੀਰ ਸਿੰਘ ਤੇ ਸਿਰ ਤੇ ਰੱਖ ਕੇ ਉਤਸ਼ਾਹਤ ਕੀਤਾ ਹੈ। ਪਰਿਵਾਨ ਮੰਨਦਾ ਹੈ ਕਿ ਇਸ ਦੈਵੀ ਆਸ਼ੀਰਵਾਦ ਕਾਰਨ ਹੀ ਕੁਸ਼ਤੀ ਦੇ ਖੇਤਰ ਵਿੱਚ ਰਾਜਬੀਰ ਮਲਾਂ ਮਾਰ ਰਿਹਾ ਹੈ।

ਰਾਜਬੀਰ ਨੇ ਯੂਨੀਵਰਸਿਟੀ ਅਤੇ ਅੰਤਰ-ਯੂਨੀਵਰਸਿਟੀ ਪੱਧਰ ਤੇ ਉਪਰਲੀਆਂ ਪੁਜ਼ੀਸ਼ਨਾਂ ਸਦਾ ਪ੍ਰਾਪਤ ਕੀਤੀਆਂ ਹਨ। ਇਸੇ ਸਾਲ ਹੀ ਮਾਰਚ ਵਿੱਚ ਅਨੰਦਪੁਰ ਸਾਹਿਬ ਵਿੱਚ ਉਹ ਸੀਨੀਅਰ ਵਰਗ ਵਿੱਚ ਵੀ ਪੰਜਾਬ ਚੋਂ ਤੀਸਰਾ ਸਥਾਨ ਲੈ ਗਿਆ।

ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ



Sri Satguru Jagjit Singh Ji eLibrary NamdhariElibrary@gmail.com

# ਘਰਾਨਿਆਂ ਵਿੱਚ 'ਸ਼ੈਲੀ' ਦਾ ਸਥਾਨ ਅਤੇ ਮਹੱਤਵ

—ਮੀਨਾ ਚੋਪੜਾ

ਘਰਾਨਾ ਕੋਈ ਵੀ ਹੋਵੇ, ਆਪਣੀ ਸ਼ੈਲੀ ਤੋਂ ਜਾਣਿਆ ਜਾਂਦਾ ਹੈ। ਗਾਇਨ ਦੀ ਸ਼ੈਲੀ ਨੂੰ ਗਾਇਕੀ ਅਤੇ ਵਾਦਨ ਦੀ ਸ਼ੈਲੀ ਨੂੰ ਬਾਜ ਦੇ ਨਾਮ ਨਾਲ ਪੁਕਾਰਦੇ ਹਨ। ਪ੍ਰਚਲਿਤ, ਤੰਤਰੀ ਵਾਦਾਂ ਵਿੱਚ ਸਿਤਾਰ, ਸਰੋਦ, ਵੀਣਾ ਹੀ ਕੁਝ ਇਸ ਤਰ੍ਹਾਂ ਦੇ ਸਾਜ਼ ਹਨ ਜਿਹਨਾਂ ਦੀ ਵਾਦਨ ਕ੍ਰਿਆਵਾਂ ਤੋਂ ਉਹਨਾਂ ਤੋਂ ਸੰਬੰਧਿਤ ਘਰਾਨਿਆਂ ਨੇ ਜਨਮ ਲਿਆ ਅਤੇ ਉਹਨਾਂ ਦੀਆਂ ਸ਼ੈਲੀਆਂ (ਬਾਜ) ਪ੍ਰੰਪਰਾਗਤ ਢੰਗ ਨਾਲ ਵਿਕਸਿਤ ਹੋਈਆਂ।

**ਸ਼ੈਲੀ**—ਅਭਿਵਿਅਕਤੀ ਕਲਾ ਦਾ ਸਾਧਨ ਹੈ। ਮਾਨਵ ਦੇ ਜੀਵਨ ਵਿੱਚ ਧਰਮ-ਕਰਮ, ਰਹਿਨ-ਸਹਿਨ, ਖਾਨ-ਪਾਨ, ਮਾਨ-ਮਰਿਆਦਾ ਅਤੇ ਦੈਨਿਕ ਦਿਨ-ਚਰਿਆ/ ਕਾਰਜ ਪੂਰਤੀ ਵਿੱਚ ਇਕ ਸੁਚਜੇ ਢੰਗ ਨਾਲ ਜੀਊਣ ਦੀ ਵਿਅਕਤੀਗਤ ਕਲਾ ਨੂੰ ਸ਼ੈਲੀ ਕਿਹਾ ਜਾਂਦਾ ਹੈ। ਮਨੁੱਖ ਜਦੋਂ ਵੀ ਦਿਮਾਗੀ ਅਤੇ ਮਾਨਸਿਕ ਵਿਕਾਸ ਲਈ, ਕਿਸੇ ਕਾਰਜ ਪ੍ਰਣਾਲੀ ਨੂੰ ਇੱਕ ਸੁਚੱਜਾ, ਸੁਚਾਰੂ ਅਤੇ ਨਿਯਮਾਂ ਅਨੁਸਾਰ ਢੰਗ ਨਾਲ ਪ੍ਰਸਤੁਤ ਕਰਦਾ ਹੈ, ਉਸਦੀ ਉਸ ਰਚਨਾ ਅਤੇ ਕੀਤੇ ਗਏ ਕਾਰਜ ਨੂੰ ਸ਼ੈਲੀ ਕਿਹਾ ਜਾ ਸਕਦਾ ਹੈ।

ਆਚਾਰੀਆ ਭਰਤ ਨੇ ਅਪਣੇ ਗ੍ਰੰਥ ਨਾਟਅ ਸ਼ਾਸਤ੍ਰ ਵਿੱਚ ਗੁਣ ਦੇ ਰੂਪ ਵਿੱਚ ਰੀਤਿ ਦਾ ਵਰਨਣ ਕੀਤਾ ਹੈ। ਆਚਾਰੀਆ ਬਾਮਹ ਨੇ ਰੀਤਿ ਦੇ ਲਈ ਮਾਰਗ ਸ਼ਬਦ ਦੀ ਚਰਚਾ ਕੀਤੀ ਹੈ। ਰੀਤਿ ਸ਼ਬਦ ਰੀਙ (ਰੀਙ੍) ਧਾਤੂ ਨਾਲ ਕਿਤ ਪ੍ਰਤਿਅ ਦੇ ਲਗਾਉਣ ਨਾਲ ਬਣਿਆ ਹੈ, ਜਿਸਦਾ ਅਰਥ ਹੈ ਪ੍ਰਗਤਿ, ਪ੍ਰਣਾਲੀ, ਮਾਰਗ ਆਦਿ।

ਆਚਾਰੀਆ ਬਲਦੇਵ ਉਪਾਧਆਏ ਨੇ ਲਿੱਖਿਆ ਹੈ ਕਿ, "रीति शब्द रीङ्धातु से क्विन्प्रत्यय के योग से बना है। अत: रीति का व्युत्पतिलभ्य अर्थ है। मार्ग–पन्था, वीथि, गति, प्रस्थान, यह सब रीति के ही पर्यायवाची शब्द है।"[1]. ਮਾਰਗ—ਪੰਥਾ, ਵਿਥਿ, ਗਤਿ, ਪ੍ਰਸਥਾਨ ਇਹ ਸਭ ਰੀਤਿ ਦੇ ਹੀ ਪਰਿਯਾਯਵਾਚੀ ਸ਼ਬਦ ਹਨ। ਰੀਤਿ ਜਾ ਸ਼ੈਲੀ *ਅਪਣੇ ਵਾਸਤਵ ਰੂਪ ਵਿੱਚ ਮੰਨ ਅਵਸਥਾ ਦੀ* ਅਭਿਵਿਅਕਤੀ ਦਾ ਨਾਮ ਹੈ।

ਅਭਿਵਿਅਕਤੀ ਕਾਵ ਦਾ ਸਾਧਨ ਹੈ। ਕਲਾਕਾਰ ਕਲਪਨਾ ਦੇ ਅਸਮਾਨ ਵਿੱਚ ਜਦੋਂ ਉੜਾਨ ਭਰਦਾ ਹੈ, ਕਲਾ ਦਾ ਭਰੋਸਾ ਦਿੰਦਾ ਹੈ, ਸੰਗੀਤ ਦੀ ਮਿੱਠੀ ਰਾਗਣੀ ਸੁਣਾਉਂਦਾ ਹੈ। ਕਲਾਕਾਰ ਦੇ ਲਈ ਮਿੱਠੀਆਂ ਕਲਪਨਾਵਾਂ, ਮਧੁਰ ਸੁਪਨਿਆਂ ਅਤੇ ਉੱਚ ਆਦਰਸ਼ਾਂ ਤੋਂ ਬਿਨਾਂ ਜੀਵਨ—ਜੀਵਨ ਨਹੀਂ ਰਹਿ ਸਕਦਾ। ਜਦੋਂ ਕੋਈ ਕਲਾਕਾਰ ਆਪਣੇ ਆਪੇ ਨੂੰ ਸਹਜ ਸੁਭਾਵਿਕ ਰੂਪ ਵਿੱਚ ਅਭਿਵਿਅਕਤ ਕਰ ਦਿੰਦਾ ਹੈ ਤਾਂ ਉਹ ਕਲਾ, ਕਲਾ ਦਾ ਰੂਪ ਧਾਰਣ ਕਰਕੇ ਸ਼ੈਲੀ ਬਣ ਜਾਂਦੀ ਹੈ।

ਅੱਜ ਜਿਸ ਨੂੰ ਅਸੀ ਸ਼ੈਲੀ ਕਹਿੰਦੇ ਹਾਂ, ਪੱਛਮੀ ਵਿਦਵਾਨ ਉਸ ਨੂੰ ਅੰਗਰੇਜ਼ੀ ਵਿੱਚ ਸਟਾਈਲ (Style) ਕਹਿੰਦੇ ਹਨ।

"Style literary involved the selection and organization of the features of language for expressive effect and include all uses of sound patterns, words, figures of speech, images and.........forms............ . The word "style" means a good or distinguished manner with languages."[2]

ਪੱਛਮੀ ਅਤੇ ਹਿੰਦੁਸਤਾਨੀ ਆਚਾਰੀਆਂ ਦੁਆਰਾ ਸ਼ੈਲੀ ਦੇ ਸਾਰੇ ਵਿਵੇਚਨਾ ਦੇ ਸਾਰ ਰੂਪ ਵਿੱਚ ਸ਼ੈਲੀ ਦੇ ਤਿੰਨ ਪੱਖ ਮੰਨ ਲਏ ਗਏ ਹਨ—

1. ਬੁਧਿ ਪੱਖ
2. ਰਾਗ ਪੱਖ
3. ਕਲਾ ਪੱਖ

**ਲਲਿਤ ਕਲਾਵਾਂ ਵਿੱਚ ਸ਼ੈਲੀ**—ਸ਼ੈਲੀ ਅਥਵਾ ਸੁਚੱਜਾ ਢੰਗ ਉਸ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਸ਼ਿਲਪੀ, ਮੂਰਤੀਕਾਰ, ਚਿੱਤਰਕਾਰ, ਕਵੀ ਅਤੇ ਸੰਗੀਤਕਾਰ ਦੁਆਰਾ ਕੀਤੇ ਗਏ ਕਾਰਜ ਨੂੰ ਸੁਚਾਰੂ ਢੰਗ ਦੇ ਨਾਲ ਉਸਦਾ ਪਾਲਣ ਕਰਦੇ ਹਨ ਅਤੇ ਉਸ ਨਿਰਮਿਤ ਸ਼ੈਲੀ ਨੂੰ ਜੀਵਿਤ ਰਖਦੇ ਹਨ।

ਪੰਜ ਲਲਿਤ ਕਲਾਵਾਂ ਵਿੱਚ ਕਾਵ ਕਲਾ, ਸੰਗੀਤ ਕਲਾ, ਚਿਤਰ ਕਲਾ, ਵਾਸਤੂ ਕਲਾ ਅਤੇ ਮੂਰਤੀ ਕਲਾ ਵਿੱਚ ਵੀ ਸਾਰੇ ਕਾਰਜ ਅਤੇ ਰਚਨਾਵਾਂ ਕਿਸੀ ਨਾ ਕਿਸੀ ਸੁਚੱਜੀ ਕਾਰਜ ਸ਼ੈਲੀ ਤੇ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਹਰ *ਕੋਈ ਕਵੀ ਸਾਹਿਤਕਾਰ, ਸੰਗੀਤਕਾਰ, ਚਿਤਰਕਾਰ,* ਮੂਰਤੀਕਾਰ ਅਤੇ ਸ਼ਿਲਪਕਾਰ ਦੀ ਆਪਣੀ ਇਕ ਵਿਸ਼ੇਸ਼ ਰੀਤ ਹੁੰਦੀ ਹੈ।

ਕਲਾਵਾਂ ਦਾ ਵਿਕਾਸ ਜਨਮ-ਜਨਮਾਂਤਰ ਸੰਸਕਾਰਾਂ ਤੇ ਨਿਰਭਰ ਹੈ। ਜਨਮਾਂਤਰੀ ਸੰਸਕਾਰ ਵਿੱਚ ਮਨੁੱਖ ਜਿਸ ਤਰ੍ਹਾਂ



Sri Satguru Jagjit Singh Ji eLibrary NamdhariElibrary@gmail.com

ਦਾ ਕਾਰਜ ਕਰਦਾ ਹੈ ਉਸ ਨੂੰ ਉਸ ਤਰ੍ਹਾਂ ਦਾ ਫਲ ਮਿਲਦਾ ਹੈ। ਸੰਗੀਤਕ ਸੰਸਕਾਰਾਂ ਵਿੱਚ ਗ੍ਰਹਿਣ ਅਤੇ ਅਨੁਕਰਨ ਕਰਨ ਦੀ ਸ਼ਕਤੀ ਹੁੰਦੀ ਹੈ। ਸੰਗੀਤ ਅਤੇ ਸੰਗੀਤਕਾਰ ਦੋਨਾਂ ਦਾ ਸੰਤੁਲਨ ਇਸ ਕਲਾ ਦੀ ਸ਼ੈਲੀ ਹੈ।

ਸੰਗੀਤਕਾਰ ਸੰਗੀਤ ਸਾਧਨਾ ਵਿੱਚ ਆਪਣਾ ਸਾਰਾ ਜੀਵਨ ਲਗਾ ਦਿੰਦਾ ਹੈ ਤਾਂ ਉਸ ਦਾ ਜੀਵਨ ਹੀ ਸੰਗੀਤਮਈ ਹੋ ਜਾਂਦਾ ਹੈ। ਲਗਾਤਾਰ ਮਿਹਨਤ ਦੇ ਨਾਲ ਬਾਰ-ਬਾਰ ਮਨਨ ਅਤੇ ਅਭਿਆਸ ਕਰਨ ਦੇ ਨਾਲ ਹੀ ਮਨੁੱਖ ਚੰਗਾ ਸੰਗੀਤਕਾਰ ਬਣ ਸਕਦਾ ਹੈ। ਜਦੋਂ ਉਹ ਸਭ ਕੁਝ ਛੱਡ ਕੇ ਕਠੋਰ ਸੰਗੀਤ ਸਾਧਨਾ ਵਿੱਚ ਲੀਨ ਹੋ ਜਾਂਦਾ ਹੈ ਉਸ ਵੇਲੇ ਉਹ ਨਿਸ਼ਚੈ ਹੀ ਇੱਕ ਨਵੀਨ ਸ਼ੈਲੀ ਦਾ ਪਰਵਰਤਕ ਬਣ ਜਾਂਦਾ ਹੈ।

ਸੰਗੀਤਪਯੋਗੀ ਗੁਣਾਂ ਦੇ ਨਾਲ ਨਾਲ ਨੈਸਰਗਿਕ ਪ੍ਰਤਿਭਾ ਦਾ ਹੋਣਾ ਇੱਕ ਸੱਚੇ ਕਲਾਕਾਰ ਦੇ ਲਈ ਬਹੁਤ ਜ਼ਰੂਰੀ ਹੈ। ਨੈਸਰਗਿਕ ਪ੍ਰਤਿਭਾ ਅਰਥਾਤ ਉਪਜ ਦੇ ਦੁਆਰਾ ਸੰਗੀਤਕਾਰ ਸਵਤੰਤਰ ਗਾਇਕੀ ਜਾਂ ਵਾਦਨ ਸ਼ੈਲੀ ਦਾ ਨਿਰਮਾਣ ਕਰਦਾ ਹੈ। ਉਹ ਆਪਣੀ ਇੱਕ ਅਲਗ ਸ਼ੈਲੀ ਦਾ ਪਰਵਰਤਕ ਹੁੰਦਾ ਹੈ। ਉਹ ਸੰਗੀਤ ਵਿੱਚ ਇੱਕ ਸ਼ੈਲੀ ਦਾ ਨਿਰਮਾਣ ਕਰਦਿਆਂ ਹੋਇਆਂ ਉਸ ਵਿੱਚ ਨਵੀਨਤਾ ਅਤੇ ਅਨੇਕ ਰੂਪਤਾ ਪੈਦਾ ਕਰ ਉਸਨੂੰ ਚਮਤਕਾਰੀ ਅਤੇ ਆਕਰਸ਼ਕ ਬਣਾ ਦਿੰਦਾ ਹੈ।

ਸ਼ਾਸਤਰੀ ਸੰਗੀਤ ਦਾ ਕੌਸ਼ਲ, ਸੰਗੀਤਕਾਰਾਂ ਦੇ ਆਪਣੇ ਪ੍ਰਦਰਸ਼ਨ ਵਿੱਚ, ਉਹਨਾਂ ਦੀ ਖ਼ਾਨਦਾਨੀ ਚੀਜ਼ਾਂ ਵਿੱਚ, ਖ਼ਾਨਦਾਨੀ ਤਾਨਾਂ ਵਿੱਚ ਅਥਵਾ ਘਰਾਨੇ ਦੀ ਗਾਇਕੀ ਜਾਂ ਵਾਦਨ ਕ੍ਰਿਆਂ ਨਾਲ ਹੁੰਦਾ ਹੈ। ਜਿਸ ਵਿੱਚ ਸਭ ਤਰਾਂ ਦੀ ਜ਼ਿੰਮੇਦਾਰੀਆਂ ਦਾ ਮੂਲ ਮੰਤਰ ਗਿਆਨ ਹੁੰਦਾ ਹੈ। ਉਹ ਗਿਆਨ ਉਸ ਪਰਵਰਤਕ ਦੀ ਸ਼ੈਲੀ ਕਹਿਲਾਉਂਦਾ ਹੈ। ਕੁਦਰਤ ਸੰਗੀਤਕਾਰ ਨੂੰ ਆਪਣੀ ਜ਼ਿੰਮੇਦਾਰੀਆਂ ਦੇ ਵਿਸ਼ੇ ਵਿੱਚ ਗਿਆਨ ਕਰਵਾਉਣ ਦੇ ਲਈ ਉਸ ਦੇ ਦੁਆਰਾ ਹੀ ਸਾਰੀਆਂ ਵਿਵਸਥਾਵਾਂ ਕਰਾ ਦਿੰਦੀ ਹੈ ਅਤੇ ਉਸ ਸੰਗੀਤਕਾਰ ਦੇ ਸ਼ਿੱਸ਼ ਅਤੇ ਸਮਰਥਕ ਆਉਣ ਵਾਲੇ ਸਮੇਂ ਵਿੱਚ ਉਸ ਸ਼ੈਲੀ ਦਾ ਭਾਰ ਸੰਭਾਲ ਲੈਂਦੇ ਹਨ।

ਗਾਇਨ ਅਥਵਾ ਵਾਦਨ ਕ੍ਰਿਆ ਹੀ ਸ਼ੈਲੀ ਕਹਿਲਾਉਂਦੀ ਹੈ। ਹਰ ਇੱਕ ਕਲਾਕਾਰ ਅਤੇ ਸੰਗੀਤਕਾਰ ਵਿੱਚ ਆਪਣੀ ਇੱਕ ਨਿੱਜੀ ਵਿਸ਼ੇਸ਼ਤਾ ਹੁੰਦੀ ਹੈ ਜੋ ਉਸ ਨੂੰ ਕਿਸੇ ਦੂਸਰੇ ਮਨੁਖਾਂ ਤੋਂ ਅਲਗ ਕਰਦੀ ਹੈ। ਜਦੋਂ ਵੀ ਸੰਗੀਤ ਵਿੱਚ ਕੋਈ ਕਲਾਕਾਰ ਬਹੁਤ ਤਰੱਕੀ ਕਰਦਾ ਹੈ, ਤਾਂ ਦੂਸਰੇ ਵਿਅਕਤੀ ਉਸਦੀ ਵਿਅਕਤੀਗਤ ਵਿਸ਼ੇਸ਼ਤਾਵਾਂ ਦਾ ਅਨੁਸਰਨ ਕਰਕੇ ਉਸ ਵਸਤੂ ਨੂੰ ਨਿਰੰਤਰ ਬਣਾਈ ਰਖਣ ਦੀ ਕੋਸ਼ਿਸ਼ ਕਰਦੇ ਹਨ, ਇਹੋ ਹੀ ਉਸ ਵਿਅਕਤੀ ਵਿਸ਼ੇਸ਼ ਦੁਆਰਾ ਨਿਰਮਿਤ ਕਲਾ ਸ਼ੈਲੀ ਕਹਿਲਾਉਂਦੀ ਹੈ।

ਵਾਸਤਵ ਵਿੱਚ ਸੰਗੀਤ, ਸੰਗੀਤਕਾਰ ਦੀ ਕਲਪਨਾ ਹੈ। ਸੰਗੀਤਕਾਰ ਆਪਣੀ ਕਲਪਨਾ ਦੁਆਰਾ ਨਵੇਂ ਰਾਗਾਂ ਦੀ, ਨਵੇਂ ਤਾਲਾਂ ਦੀ, ਨਵੇਂ ਸਾਜ਼ਾਂ ਦੀ, ਨਵੀਂ ਗਾਇਨ ਅਤੇ ਵਾਦਨ ਸ਼ੈਲੀ ਦੀ ਰਚਨਾ ਕਰਦਾ ਹੈ। ਹਰ ਇੱਕ ਮਨੁਖ ਦੀ ਕਲਪਨਾ ਸ਼ਕਤੀ ਇੱਕ ਦੂਸਰੇ ਤੋਂ ਹਮੇਸ਼ਾ ਅਲਗ ਹੁੰਦੀ ਹੈ ; ਇਸ ਲਈ ਉਸਦੀ ਕਲਪਨਾ ਦੇ ਅਨੁਸਾਰ ਹੀ ਭਿੰਨ ਨਵੀਆਂ ਚੀਜ਼ਾਂ ਦਾ ਜਨਮ ਹੁੰਦਾ ਹੈ। ਗਾਇਕ ਜਾਂ ਵਾਦਕ ਨੂੰ ਰਾਗ ਅਤੇ ਤਾਲ ਦੇ ਨਿਯਮਾਂ ਤੋਂ ਸਤਰਕ ਅਤੇ ਸਾਵਧਾਨ ਰਹਿਣਾ ਪੈਂਦਾ ਹੈ। ਕਿਸ ਸਵਰ ਦੇ ਬਾਅਦ ਕਿਹੜਾ ਸਵਰ ਲਗਾਨਾ ਚਾਹੀਦਾ ਹੈ ਇਸ ਦਾ ਗਿਆਨ ਹਰ ਇਕ ਗਾਇਕ ਅਤੇ ਵਾਦਕ ਨੂੰ ਰਹਿੰਦਾ ਹੈ। ਇਹ ਗਿਆਨ ਬਹੁਤ ਜ਼ਿਆਦਾ ਸਾਧਨਾ ਅਤੇ ਅਭਿਆਸ ਨਾਲ ਪ੍ਰਾਪਤ ਹੁੰਦਾ ਹੈ। ਆਲਾਪ ਕਰਨ ਦੀ ਵਿਧੀ ਅਲਗ ਹੁੰਦੀ ਹੈ। ਹਰ ਇੱਕ ਵਾਦਕ ਦੀ ਆਲਾਪ ਸ਼ੈਲੀ ਅਤੇ ਵਾਦਨ ਕ੍ਰਿਆਵਾਂ ਦੇ ਵਾਦਨ ਦੀ ਸ਼ੈਲੀ ਅਲਗ ਹੁੰਦੀ ਹੈ।

**ਸ਼ੈਲੀ ਨਿਰਮਾਣ**—ਸੰਗੀਤ ਸਾਧਕ ਅਰਥਾਤ ਸੰਗੀਤਕਾਰ ਹਮੇਸ਼ਾ ਸਦਗੁਣ ਸੁਪਾਤਰ ਦੀ ਖੋਜ ਵਿੱਚ ਰਹਿੰਦੇ ਹਨ, ਜੋ ਉਨ੍ਹਾਂ ਦੇ ਦੁਆਰਾ ਕੀਤੇ ਗਏ ਤਪ ਅਤੇ ਗਿਆਨ ਦੇ ਭਾਰ ਨੂੰ ਸਹਿਨ ਕਰ ਸਕਣ। ਉਨ੍ਹਾਂ ਦੁਆਰਾ ਨਿਰਮਿਤ ਸ਼ੈਲੀ ਨੂੰ ਅਰਥਾਤ ਵੰਸ਼ ਪ੍ਰੰਪਰਾ ਨੂੰ ਕਾਇਮ ਕਰ ਸਕੇ। ਇਸ ਮੰਤਵ ਨੂੰ ਪੂਰਾ ਕਰਨ ਦੇ ਨਿਮਿਤ ਉਹ ਗੁਰੂਜਨ ਆਪਣੇ ਸ਼ਿਸ਼ਿਆਂ ਨੂੰ ਆਪਣੇ ਆਸ਼ਰਮ ਜਾਂ ਘਰ ਵਿੱਚ ਰਖ ਕੇ ਵਿਦਿਆ ਦਾਨ ਦੇ ਨਾਲ ਨਾਲ ਜੀਵਨਦਾਨ ਅਰਥਾਤ ਉਸ ਭਾਰ ਨੂੰ ਚੁੱਕਣ ਦੀ ਸ਼ਕਤੀ ਪ੍ਰਦਾਨ ਕਰਦੇ ਸਨ ਤਾਂ ਜੋ ਸ਼ਿਸ਼ ਆਪਣੇ ਗੁਰੂ ਰਿਣ ਤੋਂ ਮੁਕਤ ਹੋ ਸਕਣ। ਇਸ ਤਰ੍ਹਾਂ ਇਕ ਸ਼ੈਲੀਗਤ ਪ੍ਰੰਪਰਾ ਦਾ ਨਿਰਮਾਣ ਹੋ ਜਾਂਦਾ ਸੀ।

ਕਿਉਂਕਿ ਮੇਰਾ ਵਿਸ਼ਾ ਸੰਗੀਤ ਸਾਜ਼ ਨਾਲ ਸੰਬੰਧਿਤ ਹੈ ਇਸ ਲਈ ਵਿਸ਼ੇ ਵਿੱਚ ਵਾਦਨ ਸ਼ੈਲੀ ਨਿਰਮਾਨ ਦੀ ਹੀ ਚਰਚਾ ਕੀਤੀ ਗਈ ਹੈ।

ਸਿਤਾਰ ਵਾਦਨ ਸ਼ੈਲੀ ਨਿਰਮਾਣ ਵਿੱਚ ਜਿਨ੍ਹਾਂ ਸਹਾਇਕ ਤੱਤਾਂ ਦਾ ਪ੍ਰਯੋਗ ਹੁੰਦਾ ਹੈ ਉਹਨਾਂ ਵਿੱਚ ਕਲਾਕਾਰ ਦੁਆਰਾ ਅਲੰਕਾਰਾਂ ਅਥਵਾ ਪਲਟਿਆਂ ਦੇ ਨਿਰੰਤਰ ਅਭਿਆਸ ਨਾਲ ਸੁਰ ਪੱਕੇ ਹੋ ਜਾਣ ਨਾਲ ਸੁਰ ਤੇ ਪੂਰਾ ਅਧਿਕਾਰ ਹੋ ਜਾਂਦਾ ਹੈ। ਵਾਦਕ ਦੇ ਸੱਜੇ ਅਤੇ ਖੱਬੇ ਹੱਥ ਦੀ ਤਿਆਰੀ ਤੇ ਪੂਰਾ ਅਧਿਕਾਰ ਹੋ ਜਾਂਦਾ ਹੈ। ਲੈਅ ਅਤੇ ਤਾਲ ਤੇ ਪੂਰਾ ਨਿਯੰਤਰਣ, ਆਲਾਪ ਅਤੇ ਤਾਨ ਤੇ ਪੂਰਣ ਅਧਿਕਾਰ, ਆਲਾਪ ਦੀ ਸਿਧਿ, ਰਾਗ ਅਨੁਸਾਰ ਆਰੋਹ, ਅਵਰੋਹ, ਮੰਦ੍ਰ, ਮੱਧ ਅਤੇ ਤਾਰ ਸਪਤਕ ਦੇ ਸਵਰਾਂ ਦਾ ਕ੍ਰਮਿਕ ਉੱਚਾਰਣ ਅਤੇ ਬੜ੍ਹਤ,



Sri Satguru Jagjit Singh Ji eLibrary NamdhariElibrary@gmail.com

ਲੈਅਕਾਰੀ ਤੇ ਪੂਰਾ ਅਧਿਕਾਰ, ਆਲਾਪ ਕਰਦੇ ਸਮੇਂ ਵਾਦੀ, ਸਮਵਾਦੀ ਸੁਰਾਂ ਦਾ ਪੂਰਣ ਨਿਰਵਾਹ, ਸੁਰਾਂ ਦੇ ਸੱਚੇ ਰੂਪ ਦਾ ਲਗਾਓ, ਰਾਗ ਚਲਣ ਦੀ ਰਖਿਆ, ਤਾਨਾਂ ਦੇ ਵਿਸ਼ੇਸ਼ ਪ੍ਰਕਾਰਾਂ ਤੇ ਅਧਿਕਾਰ ਜਿਸ ਨਾਲ ਉਸ ਦੀ ਕਲਾ ਵਿੱਚ ਚਮਤਕਾਰ ਹੋ ਜਾਂਦਾ ਹੈ ਇਤਿਆਦਿ ਦਾ ਅਸਤਿੱਤਵ ਅਰਥਾਤ ਨਿਰਮਾਣ ਹੋ ਜਾਂਦਾ ਹੈ।

**ਵਾਦਨ ਤਕਨੀਕ**—ਸਿਤਾਰ ਵਾਦ (ਸਾਜ਼) ਨੇ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੇ ਸੰਸਾਰ ਵਿੱਚ ਆਪਣਾ ਸਥਾਨ ਬਣਾਇਆ ਹੋਇਆ ਹੈ। ਆਪਣੀ ਮਧੁਰਤਾ ਦੇ ਕਾਰਣ ਇਹ ਵਾਦ ਸੰਗੀਤਕਾਰਾਂ ਤੋਂ ਇਲਾਵਾ ਜਨਮਾਨਸ ਵਿੱਚ ਵੀ ਲੋਕਪ੍ਰਿਯ ਹੋ ਗਿਆ ਹੈ। ਤੰਤਰੀ ਵਾਦ ਯੰਤਰਾਂ ਵਿੱਚ ਸਿਤਾਰ ਇੱਕ ਐਸਾ ਵਾਦ ਯੰਤਰ ਹੈ ਜਿਸ ਦੀ ਵਾਦਨ ਕ੍ਰਿਆ ਵਿੱਚ ਸੱਜੇ ਅਤੇ ਖੱਬੇ ਦੋਨੋਂ ਹੱਥਾਂ ਦਾ ਸੰਤੁਲਨ ਬਣਾਏ ਰਖਨਾ ਜ਼ਰੂਰੀ ਹੈ। ਸਿਤਾਰ ਵਾਦ ਦੀ ਧੁਨੀ ਮਿਜ਼ਰਾਬ ਨਾਲ ਤਾਰ ਤੇ ਚੋਟ ਕਰਕੇ ਉਤਪੰਨ ਕੀਤੀ ਜਾਂਦੀ ਹੈ। ਸੱਜੇ ਹੱਥ ਦੀ ਤਰਜਨੀ ਉਂਗਲੀ ਤੇ ਮਿਜ਼ਰਾਬ ਪਹਿਨ ਕੇ ਉਸ ਨਾਲ ਤਾਰ ਤੇ ਸਿੱਧਾ ਅਤੇ ਉਲਟਾ ਅਰਥਾਤ ਅੰਦਰ ਬਾਹਰ ਦੀ ਤਰਫ ਪ੍ਰਹਾਰ ਕਰਕੇ ਧੁਨੀ ਨੂੰ ਉਤਪੰਨ ਕੀਤਾ ਜਾਂਦਾ ਹੈ। ਗਜ਼ ਦੀ ਰਗੜ ਨਾਲ ਵੱਜਣ ਵਾਲੇ ਸਾਜ਼ਾਂ ਵਿੱਚ ਖਾਸ ਗੱਲ ਇਹ ਹੁੰਦੀ ਹੈ ਕਿ ਧੁਨੀ ਵਿੱਚ ਨਿਰੰਤਰਤਾ ਬਣੀ ਰਹਿੰਦੀ ਹੈ, ਕਿੰਤੂ ਅਘਾਤ ਦੁਆਰਾ ਵੱਜਣ ਵਾਲੇ ਸਾਜ਼ਾਂ ਵਿਚ ਜਦੋਂ ਕਿ ਇੱਕ ਆਘਾਤ ਦੁਆਰਾ ਧੁਨੀ ਪੈਦਾ ਹੁੰਦੀ ਹੈ ਅਤੇ ਜਦ ਤਕ ਨਾਦ ਦੀ ਆਂਸ ਜਿਤਨੀ ਦੇਰ ਤਕ ਬਣੀ ਰਹਿੰਦੀ ਹੈ, ਉਹੀ ਧੁਨੀ ਦੂਸਰੇ ਆਘਾਤ ਕਰਨ ਨਾਲ, ਖੰਡਤ ਹੋ ਕੇ ਦੂਸਰੇ ਆਘਾਤ ਦੀ ਧੁਨੀ ਪੈਦਾ ਹੋ ਜਾਂਦੀ ਹੈ। ਅਰਥਾਤ ਵਾਦ ਯੰਤਰ ਵਿੱਚ ਇੱਕ ਨਿਰੰਤਰਤਾ ਦੇ ਟੁੱਟਣ ਦੇ ਬਾਵਜੂਦ ਵੀ ਵਾਦਨ ਕਲਾ ਦੀ ਨਿਰੰਤਰਤਾ ਤਕਨੀਕ ਦੁਆਰਾ ਹੀ ਬਣੀ ਰਹਿੰਦੀ ਹੈ, ਜੋ ਕਿ ਇੱਕ ਚੰਗੇ ਕਲਾਕਾਰ ਦੀ ਵਾਦਨ ਸ਼ੈਲੀ ਤੇ ਨਿਰਭਰ ਕਰਦੀ ਹੈ। ਸਿਤਾਰ ਵਾਦ ਵਿੱਚ ਖੱਬੇ ਹੱਥ ਦੀ ਤਰਜਨੀ ਅਤੇ ਮਧਿਯਮਾ ਉਂਗਲੀਆਂ ਦੁਆਰਾ ਤਾਰ ਨੂੰ ਪਰਦੇ ਤੇ ਦਬਾ ਕੇ, ਭਿੰਨ ਭਿੰਨ ਵਾਦਨ ਕ੍ਰਿਆਵਾਂ ਅਤੇ ਤਕਨੀਕ ਦੁਆਰਾ ਸਵਰਾਂ ਨੂੰ ਪੈਦਾ ਕਰ ਰਾਗ ਦਾ ਵਿਕਾਸ ਅਤੇ ਵਾਦਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਵਾਦਨ ਦੀ ਸ਼ੈਲੀ ਦਾ ਨਿਰਮਾਣ ਕੀਤਾ ਜਾਂਦਾ ਹੈ।

**ਸੰਦਰਭ** :- ੧. ਸਾਹਿਤਿਕ ਨਿਬੰਧ, ਡਾ. ਗਣਪਤਿ ਚੰਦ੍ਰ ਗੁਪਤ, ਪੰਨਾ ੫੩
੨. ਏਨਸਾਇਕਲੋਪਿਡੀਆ ਬ੍ਰਿਟੇਨਿਕਾ

*ਪ੍ਰਾਧਿਆਪਕਾ*
*ਦੇਵ ਸਮਾਜ ਕਾਲਜ ਫਾਰ ਵੂਮੇਨ*
*ਸੈਕਟਰ ੪੫-ਬੀ ਚੰਡੀਗੜ੍ਹ*

## ਮਾਤਾ ਸਰਵਣ ਕੌਰ

ਪ੍ਰਸਿਧ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ ਦੀ ਜੀਵਨ ਸਾਥਨ ਬੀਬੀ ਰਜਵੰਤ ਕੌਰ ਦੀ ਮਾਤਾ ਸਰਵਣ ਕੌਰ ਜੀ ੧ ਸਤੰਬਰ ੨੦੦੩ ਨੂੰ ਆਪਣੇ ਪਿੰਡ ਝਬਾਲ ਜ਼ਿਲਾ ਅੰਮ੍ਰਿਤਸਰ ਵਿਖੇ ਅੰਤਮ ਸਵਾਸ ਪੂਰੇ ਕਰ ਗਏ।

ਮਾਤਾ ਜੀ ਦੇ ਪਰਿਵਾਰ ਵਲੋਂ ਉਹਨਾਂ ਦੀ ਸਿਮ੍ਰਤੀ ਵਿੱਚ ੧੦ ਸਤੰਬਰ ਨੂੰ ਪਿੰਡ ਝਬਾਲ ਵਿੱਚ ਉਹਨਾਂ ਦੇ ਗ੍ਰਹਿ ਵਿਖੇ ਸਮਾਗਮ ਕੀਤਾ ਗਿਆ। ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ। ਮਾਤਾ ਜੀ ਨੇ ਬਹੁਤ ਸੰਘਰਸ਼ਮਈ ਜੀਵਨ ਜੀਵਿਆ ਅਤੇ ਪਰਿਵਾਰ ਨੂੰ ਅਗਵਾਈ ਬਖਸ਼ੀ। ਉਹਨਾਂ ਨੇ ਪਰਿਵਾਰ ਦੇ ਮੁਖੀ ਆਪਣੇ ਪਤੀ ਸ. ਬੰਤਾ ਸਿੰਘ ਦੇ ੧੯੫੦ ਵਿੱਚ ਹੀ ਵਿਛੜ ਜਾਣ ਦੇ ਬਾਵਜੂਦ ਤਗੜੇ ਹੋ ਕੇ ਤਿੰਨ ਧੀਆਂ ਅਤੇ ਇੱਕ ਪੁੱਤਰ ਨੂੰ ਪੜ੍ਹਾ ਲਿਖਾ ਕੇ ਆਪਣੇ ਪੈਰਾਂ ਤੇ ਖੜ੍ਹਾ ਕੀਤਾ। ਆਪਣੇ ਪੁਤਰ ਦੀ ਜੁਦਾਈ ਦਾ ਸੱਲ ਵੀ ਬਹਾਦਰੀ ਨਾਲ ਝੱਲਿਆ ਤੇ ਸਦਾ ਚੜ੍ਹਦੀਆਂ ਕਲਾ ਵਿੱਚ ਰਹੇ। ਅਜ ਇਹ ਪਰਿਵਾਰ ਦੇਸ਼ ਵਿਦੇਸ਼ ਵਿੱਚ ਆਪਣੀ ਸੋਭਾ ਦੇ ਫੁਲ ਖਿੜਾ ਰਿਹਾ ਹੈ।

ਇਸ ਮੌਕੇ ਤੇ ਸ਼ਰਧਾਂਜਲੀਆਂ ਅਰਪਣ ਕਰਦਿਆਂ ਪਰਿਵਾਰ ਦੇ ਮੈਂਬਰ ਸ. ਅਜਮੇਰ ਸਿੰਘ, ਨਵਾਂ ਜ਼ਮਾਨਾ ਦੇ ਸੰਪਾਦਕ ਸ੍ਰੀ ਜਤਿੰਦਰ ਪੰਨੂ, ਪ੍ਰਸਿਧ ਲੇਖਕ ਪ੍ਰੋ. ਪਿਆਰਾ ਸਿੰਘ ਭੋਗਲ, ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਅਤੇ ਡਾ. ਵਰਿਆਮ ਸਿੰਘ ਸੰਧੂ ਹੋਰਾਂ ਆਪਣੇ ਭਾਵ ਭਿੰਨੇ ਵਿਚਾਰ ਪੇਸ਼ ਕਰਦਿਆਂ ਮਾਤਾ ਜੀ ਦੇ ਸ਼ੁਭ ਗੁਣਾਂ ਨੂੰ ਯਾਦ ਕੀਤਾ ਅਤੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ।

ਦੂਰ ਨੇੜਿਓਂ ਰਿਸ਼ਤੇਦਾਰ, ਮਿੱਤਰ ਸਨੇਹੀ ਭਾਰੀ ਗਿਣਤੀ ਵਿੱਚ ਅੰਤਮ ਅਰਦਾਸ ਸਮੇਂ ਹਾਜ਼ਰ ਸਨ।

## ਰੈਵੀਨਿਊ ਪਟਵਾਰ ਯੂਨੀਅਨ ਵਲੋਂ ਨਾਮਧਾਰੀ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ

ਦੇਸ਼ ਦੀ ਆਜ਼ਾਦੀ ਅਤੇ ਸ੍ਰੀ ਹਰੀ ਮੰਦਰ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਨਾਮਧਾਰੀ ਲਹਿਰ ਦੇ ਜਿਨ੍ਹਾਂ ਚਾਰ ਸਿੰਘਾਂ, ਸ. ਬੀਹਲਾ ਸਿੰਗ, ਸ. ਲਹਿਣਾ ਸਿੰਘ, ਸ. ਫਤਿਹ ਸਿੰਘ ਅਤੇ ਸ. ਹਾਕਮ ਸਿੰਘ ਜੀ ਨੇ ੧੫ ਸਤੰਬਰ ੧੮੭੧ ਨੂੰ ਬੇ-ਗੈਰਤ ਬੁਚੜਾਂ ਨੂੰ ਵੱਢ ਕੇ ਗੁਰੂ ਰਾਮ ਦਾਸ ਬਾਗ ਅੰਮ੍ਰਿਤਸਰ ਵਿੱਚ ਫਾਂਸੀ ਦੇ ਰੱਸੇ ਨੂੰ ਚੁੰਮਿਆ—ਅੱਜ ਤੱਕ ਦੇਸ਼ ਉਨ੍ਹਾਂ ਤੇ ਮਾਣ ਕਰਦਾ ਹੈ ਅਤੇ ਕਰਦਾ ਰਹੇਗਾ। ੧੫ ਸਤੰਬਰ, ਉਨ੍ਹਾਂ ਸ਼ਹੀਦਾਂ ਦੇ ਬਲੀਦਾਨ ਦਿਵਸ ਸੰਬੰਧੀ, ਸ. ਗੁਰਮੇਲ ਸਿੰਘ, ਪ੍ਰਧਾਨ ਪਟਵਾਰ ਯੂਨੀਅਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪਟਵਾਰ ਯੂਨੀਅਨ ਸ਼ਰਧਾ ਦੇ ਫੁੱਲ ਭੇਂਟ ਕਰਦਿਆ ਮਾਣ ਮਹਿਸੂਸ ਕਰਦੀ ਹੈ, ਕਿਉਂ ਕਿ ਇਨ੍ਹਾਂ ਚਾਰ ਸ਼ਹੀਦ ਸਿੰਘਾਂ ਵਿੱਚ ਸ. ਹਾਕਮ ਸਿੰਘ ਜੀ ਪਟਵਾਰੀ ਅੰਬਰਾਂ ਤੇ ਪਟਵਾਰ ਜਗਤ ਦੇ ਚਮਕਦੇ ਸਿਤਾਰੇ ਹਨ।

*ਗੁਰਨੇਕ ਸਿੰਘ 'ਸ਼ੇਰ'*
*ਜਨਰਲ ਸਕੱਤਰ*



Sri Satguru Jagjit Singh Ji eLibrary NamdhariElibrary@gmail.com

**Our Motto : Best Quality of the Day**

***High Class Gun Manufacturers***

**Singh & Double Barrels**



# 12-BORE GUNS

## Free India Gun Manufacturers

**Prop. S. KARTAR SINGH (Jammu-Wale)**

**6, Industrial Estate, Ashok Nagar,**
**Jammu Cantt-3**
**Ph. : 433810**

*Sister Concern :*

**M/s Kartar Singh**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

## ਖ਼ਬਰਨਾਮਾ

### ਨਾਵਲਕਾਰ ਮੋਹਨ ਕਾਹਲੋਂ ਦੀ ਪੰਜਾਬ ਫੇਰੀ

ਗੁਰਦਾਸਪੁਰ ਜ਼ਿਲੇ ਦੀ ਪਾਕਿਸਤਾਨ ਵਿੱਚ ਰਹਿ ਗਈ ਤਹਿਸੀਲ ਸ਼ੱਕਰਗੜ੍ਹ ਦੇ ਰਾਵੀ ਦਰਿਆ ਕੰਢੇ ਵੱਸਦੇ ਪਿੰਡ 'ਟੇਕਾ ਛੰਨੀ' ਦੇ ਜੰਮੇ ਜਾਏ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਨੇ ਕੋਲਕਾਤਾ (ਪੱਛਮੀ ਬੰਗਾਲ) ਵਿੱਚ ਨਿਵਾਸ ਕਰਨ ਉਪਰੰਤ ਪਹਿਲੀ ਵਿਸ਼ਵ ਜੰਗ ਬਾਰੇ ਜੋ ਵੱਡ-ਅਕਾਰੀ ਨਾਵਲ "ਵੈਹ ਗਏ ਪਾਣੀ" ਲਿਖਿਆ ਹੈ, ਉਸ ਦੇ ਪ੍ਰਕਾਸ਼ਨ ਉਪਰੰਤ ਪੰਜਾਬ ਦੀਆਂ ਵੱਖ-ਵੱਖ ਸਾਹਿਤਕ ਸਭਿਆਚਾਰਕ ਸੰਸਥਾਵਾਂ ਨੇ ਉਨ੍ਹਾਂ ਨੂੰ ਪੰਜਾਬ ਬੁਲਾਇਆ। "ਵੈਹ ਗਏ ਪਾਣੀ" ਨੂੰ ਪਿਛਲੇ ਮਹੀਨੇ ਕੋਲਕਾਤਾ ਵਿਖੇ ਹਿੰਦੀ, ਪੰਜਾਬੀ ਅਤੇ ਬੰਗਾਲੀ ਲੇਖਕਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ ਸੀ। ਫਿਰ ਨਵੀਂ ਦਿੱਲੀ ਵਿਖੇ ਪੰਜਾਬੀ ਅਕਾਦਮੀ ਵੱਲੋਂ ਡਾ. ਸਵਰਾਜਬੀਰ ਅਤੇ ਡਾ. ਰਵੇਲ ਸਿੰਘ ਨੇ ਇਸ ਨਾਵਲ ਤੇ ਗੋਸ਼ਟੀ ਰਚਾਈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿੱਚ ਡਾ. ਸੁਖਦੇਵ ਸਿੰਘ ਦੇ ਉੱਦਮ ਨਾਲ ਮੋਹਨ ਕਾਹਲੋਂ ਨਾਲ 'ਆਹਮੋ-ਸਾਹਮਣੇ' ਪ੍ਰੋਗਰਾਮ ਕੀਤਾ ਗਿਆ। ਡਾ. ਨਾਹਰ ਸਿੰਘ ਅਤੇ ਕਈ ਹੋਰ ਵਿਦਵਾਨਾਂ ਨੇ ਕਾਹਲੋਂ ਦੀ ਨਾਵਲ ਨਵੀਸੀ ਬਾਰੇ ਗੰਭੀਰ ਸੁਆਲ ਕੀਤੇ। 'ਅੱਖਰ' ਦੇ ਸੰਪਾਦਕ ਪ੍ਰਮਿੰਦਰਜੀਤ ਨੇ ਡਾ. ਦਲਜੀਤ ਸਿੰਘ 'ਨਰੋਈ ਅੱਖਾਂ ਵਾਲਿਆਂ' ਦੇ ਸਹਿਯੋਗ ਨਾਲ ਅੰਮ੍ਰਿਤਸਰ ਵਿਚ ਗੋਸ਼ਟੀ ਦਾ ਆਯੋਜਨ ਕੀਤਾ ਜਿਥੇ ਡਾ. ਹਰਭਜਨ ਸਿੰਘ ਭਾਟੀਆ, ਡਾ. ਜਤਿੰਦਰਪਾਲ ਸਿੰਘ ਜੌਲੀ ਅਤੇ ਪ੍ਰੋ. ਸਰਘੀ ਚੇਤਨ ਨੇ "ਵੈਹ ਗਏ ਪਾਣੀ" ਨਾਵਲ ਦੇ ਪ੍ਰਸੰਗ ਵਿੱਚ ਸੰਵਾਦ ਕੀਤਾ। ਪ੍ਰਧਾਨਗੀ ਭਾਸ਼ਨ ਦੇਂਦਿਆਂ ਡਾ. ਐੱਸ. ਪੀ. ਸਿੰਘ ਉਪਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਕਿਹਾ ਕਿ ਕਾਹਲੋਂ ਦੇ ਨਾਵਲ "ਮਛਲੀ ਇਕ ਦਰਿਆ ਦੀ" 'ਬੇੜੀ ਤੇ ਬਰੇਤਾ', 'ਪਰਦੇਸੀ ਰੁੱਖ' ਦਸਤਾਵੇਜ਼ੀ ਮਹੱਤਵ ਵਾਲੇ ਨਾਵਲ ਹਨ।

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਲੁਧਿਆਣਾ ਦੇ ਪੰਜਾਬੀ ਭਵਨ ਵਿੱਚ "ਰੂਬਰੂ" ਪ੍ਰੋਗ੍ਰਾਮ ਅਧੀਨ ਕਾਹਲੋਂ ਜੀ ਦੇ ਵਿਚਾਰ ਸੁਣੇ। ਕਾਹਲੋਂ ਨੇ ਆਖਿਆ ਕਿ ਮੈਂ ਰਾਵੀ ਦਾ ਜਾਇਆ ਹਾਂ ਜਿਸਦੀ ਕੁੱਖ ਵਿਚੋਂ ਆਈ. ਸੀ. ਨੰਦਾ, ਬ੍ਰਿਜ ਲਾਲ ਸ਼ਾਸਤਰੀ, ਸ਼ਿਵ ਕੁਮਾਰ ਬਟਾਲਵੀ, ਅਫ਼ਜਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ ਵਰਗੇ ਲੇਖਕ ਪੈਦਾ ਹੋਏ। ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਕਰਤਾਰਪੁਰ ਵੀ ਇਸੇ ਖਿੱਤੇ ਦਾ ਪਛਾਣ ਕੇਂਦਰ ਸੀ। ਉਨ੍ਹਾਂ ਆਖਿਆ ਕਿ ਪਹਿਲੀ ਵਿਸ਼ਵ ਜੰਗ ਮੌਕੇ ਲਗਭਗ ਇੱਕ ਲੱਖ ਪੰਜਾਬੀ ਫ਼ੌਜੀ ਮੌਤ ਦੇ ਮੂੰਹ ਪਏ ਪਰ ਸਾਡਾ ਸਾਹਿਤ ਇਸ ਬਾਰੇ ਚੁੱਪ ਸੀ। ਵਿਸ਼ਵ ਪੱਧਰ ਤੇ ਵੀ ਇਸ ਤਰਾਸਦੀ ਬਾਰੇ ਕੁੱਲ ਪੰਜ ਨਾਵਲ ਲਿਖੇ ਗਏ ਨੇ ਤੇ "ਵੈਹ ਗਏ ਪਾਣੀ" ਇਸ ਲੜੀ ਵਿੱਚ ਛੇਵਾਂ ਨਾਵਲ ਹੈ। ਨੋਬਲ ਪੁਰਸਕਾਰ ਵਿਜੇਤਾ ਵਿਲੀਅਮ ਫਾਕਨਰ, ਸ਼ੋਲੋਖੋਵ, ਪਾਸਤਰਨਾਕ ਨੇ ਵੀ ਪਹਿਲੀ ਵਿਸ਼ਵ ਜੰਗ ਬਾਰੇ ਨਾਵਲ ਲਿਖੇ ਹਨ। ਮੈਂ ਇਹ ਨਾਵਲ ਲਿਖਕੇ ਇੱਕ ਲੱਖ ਤੋਂ ਵੱਧ ਪੰਜਾਬੀਆਂ ਦੀ ਮੌਤ ਅਤੇ ਇਸ ਦੇ ਪੰਜਾਬ ਤੇ ਪਏ ਦੂਰ-ਪ੍ਰਭਾਵ ਨੂੰ ਪੰਜਾਬੀ ਜਗਤ ਦੀ ਨਜ਼ਰ ਵਿੱਚ ਲਿਆਂਦਾ ਹੈ। ਇਹ ਨਾਵਲ ਕੇਵਲ "ਬਸਰੇ ਬਗਦਾਦ" ਦੀ ਲਾਮ ਤੇ ਹੀ ਕੇਂਦਰਤ ਹੈ। ਉਨ੍ਹਾਂ ਆਖਿਆ ਕਿ ਔਰਤ ਦੀ ਕੁੱਖ ਇਨਸਾਨ ਜੰਮਦੀ ਏ ਤੇ ਹਕੂਮਤਾਂ ਦੀ ਕੁੱਖ ਸ਼ੈਤਾਨ ਜੰਮਦੀ ਏ। ਮੇਰੀ ਲਿਖਤ ਹਰ ਸ਼ੈਤਾਨ ਦੇ ਖਿਲਾਫ ਹੈ। ਪੰਜਾਬੀ ਲਿਖਾਰੀ ਸਭਾ ਨੇ ਇਸੇ ਦਿਨ ਹੀ "ਵੈਹ ਗਏ ਪਾਣੀ" ਬਾਰੇ ਗੋਸ਼ਟੀ ਕੀਤੀ ਜਿਸ ਵਿੱਚ ਡਾ. ਗੁਰਇਕਬਾਲ ਸਿੰਘ ਨੇ ਪਰਚਾ ਪੜ੍ਹਿਆ। ਪ੍ਰੋ. ਰਵਿੰਦਰ ਭੱਠਲ, ਜਨਮੇਜਾ ਜੌਹਲ ਅਤੇ ਕਈ ਹੋਰ ਲੇਖਕਾਂ ਨੇ ਮੋਹਨ ਕਾਹਲੋਂ ਦੀ ਰਚਨਾ ਪ੍ਰਕ੍ਰਿਆ ਤੇ ਵਿਚਾਰ ਪੇਸ਼ ਕੀਤੇ।

ਪੰਜਾਬੀ ਸਾਹਿਤ ਸਭਾ ਬਰਨਾਲਾ (ਸੰਗਰੂਰ) ਨੇ ਵੀ ਮੋਹਨ ਕਾਹਲੋਂ ਨਾਲ ਮੁਲਾਕਾਤ ਕਰਨ ਲਈ ਵਿਸ਼ੇਸ਼ ਪ੍ਰੋਗ੍ਰਾਮ ਰੱਖਿਆ ਜਿਸ ਦੀ ਪ੍ਰਧਾਨਗੀ ਪੰਜਾਬੀ ਨਾਵਲਕਾਰ ਰਾਮ ਸਰੂਪ ਅਣਖੀ, ਪੰਜਾਬੀ ਸਾਹਿਤ ਅਕੈਡਮੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਅਤੇ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਸਭਾ ਦੇ ਪ੍ਰਧਾਨ ਡਾ. ਸੁਰਿੰਦਰ ਸਿੰਘ ਭੱਠਲ, ਜਨਰਲ ਸਕੱਤਰ ਭੋਲਾ ਸਿੰਘ ਸੰਘੇੜਾ, ਨਾਵਲਕਾਰ ਪਰਗਟ ਸਿੰਘ ਸਿੱਧੂ, ਬਸੰਤ ਕੁਮਾਰ ਰਤਨ, ਕਵੀ ਪ੍ਰੀਤਮ ਸਿੰਘ ਰਾਹੀ ਅਤੇ ਕਈ ਹੋਰ ਲਿਖਾਰੀਆਂ ਨੇ ਮੋਹਨ ਕਾਹਲੋਂ ਦੀ ਨਾਵਲ-ਨਵੀਸੀ ਦੇ ਵੇਰਵਿਆਂ ਬਾਰੇ ਜਾਣਕਾਰੀ ਹਾਸਲ ਕੀਤੀ। ਕਾਹਲੋਂ ਨੇ ਏਥੇ ਬੋਲਦਿਆਂ ਕਿਹਾ ਕਿ ਮੇਰੇ ਨਾਵਲ "ਵੈਹ ਗਏ ਪਾਣੀ" ਵਿੱਚ ਪੇਸ਼ ਦਰਦ ਮੈਂ ਪਹਿਲਾਂ ੩੫ ਵਰ੍ਹੇ ਖੁਦ ਹੰਢਾਇਆ ਹੈ। ਇਸ ਨਾਵਲ ਦੇ ਲਿਖਣ ਲਈ ਲਗਾਤਾਰ ੯ ਵਰ੍ਹੇ ਕਲਕੱਤਾ ਦੀ ਨੈਸ਼ਨਲ ਲਾਇਬ੍ਰੇਰੀ ਅਤੇ ਮਿਲਟਰੀ ਛਾਉਣੀਆਂ ਦੇ ਰੀਕਾਰਡ ਫੋਲਦਿਆਂ ਗੁਜ਼ਾਰੇ ਨੇ। ਹਰ ਵੇਰਵੇ ਦੀ ਬਾਰੀਕੀ ਜਾਨਣ



Sri Satguru Jagjit Singh Ji eLibrary NamdhariElibrary@gmail.com

ਲਈ ਖੁਦ ਸਫਰ ਕੀਤਾ ਹੈ। ਪੰਜਾਬੀ ਸਾਹਿਤ ਸਭਾ ਸਮਰਾਲਾ ਨੇ ਵੀ ਮੋਹਨ ਕਾਹਲੋਂ ਦੇ ਨਾਵਲ ਤੇ ਗੋਸ਼ਟੀ ਕਰਵਾਈ ਜਿਸ ਵਿੱਚ ਭੂਸ਼ਨ ਧਿਆਨਪੁਰੀ ਨੇ ਪਰਚਾ ਪੜ੍ਹਿਆ।

ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਵੀ ਸ. ਜਗਦੀਸ਼ ਸਿੰਘ ਵਰਿਆਮ ਅਤੇ ਵਰਿਆਮ ਸਿੰਘ ਸੰਧੂ ਨੇ ਮੋਹਨ ਕਾਹਲੋਂ ਨਾਲ ਰੂਬਰੂ ਪ੍ਰੋਗ੍ਰਾਮ ਆਯੋਜਤ ਕੀਤਾ। ਅਕਾਸ਼ਬਾਣੀ ਜਲੰਧਰ ਅਤੇ ਦੂਰਦਰਸ਼ਨ ਨੇ ਵੀ ਸ੍ਰੀ. ਮੋਹਨ ਕਾਹਲੋਂ ਨਾਲ ਮੁਲਾਕਾਤਾਂ ਰੀਕਾਰਡ ਕਰਕੇ ਪੰਜਾਬੀਆਂ ਨਾਲ ਸਾਂਝੀਆਂ ਕੀਤੀਆਂ। ਏਥੋਂ ਵਾਪਸ ਤੁਰਨ ਲੱਗਿਆਂ ਮੋਹਨ ਕਾਹਲੋਂ ਨੇ ਕਿਹਾ, "ਮੈਂ ਪੰਜਾਬੀਆਂ ਨੂੰ ਇਕ ਤੋਹਫ਼ਾ "ਵੈਹ ਗਏ ਪਾਣੀ" ਦੇ ਚੌਲਿਆਂ ਇਹਨੂੰ ਪੜਿਓ ਤੇ ਵੇਖਿਓ! ੧੯੧੪ ਤੋਂ ੧੮ ਤੀਕ ਪਹਿਲੀ ਵਿਸ਼ਵ ਜੰਗ ਦੇ ਸ਼ਹੀਦਾਂ ਨੂੰ ਵਿਸਾਰ ਕੇ ਅਸੀਂ ਕਿੱਡਾ ਵੱਡਾ ਧਰੋਹ ਕੀਤਾ ਹੈ।

## ਗੁਰਦੇਵ ਕੌਰ ਮਾਂਗਟ ਯਾਦਗਾਰੀ ਪੁਰਸਕਾਰ ਸਮਾਰੋਹ

ਸਰਕਾਰੀ ਹਾਈ ਸਕੂਲ ਰਾਮਪੁਰ ਵਿਖੇ ਬੀਬੀ ਗੁਰਦੇਵ ਕੌਰ ਮਾਂਗਟ ਯਾਦਗਾਰੀ ਪੁਰਸਕਾਰ ਸਮਾਰੋਹ ਹੋਇਆ। ਇਸ ਸਮਾਗਮ ਵਿਚ ਸਾਲ ੨੦੦੩ ਵਿਚ ਪੰਜਵੀਂ, ਅੱਠਵੀਂ ਅਤੇ ਦਸਵੀਂ ਕਲਾਸ ਵਿਚ ਸਕੂਲ ਵਿਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਨੂੰ ਪੁਰਸਕਾਰ ਦਿੱਤੇ ਗਏ। ਇਥੇ ਵਰਣਨਯੋਗ ਹੈ ਕਿ ਤਿੰਨੇ ਕਲਾਸਾਂ ਵਿਚੋਂ ਲੜਕੀਆਂ ਹੀ ਫਸਟ ਆਈਆਂ। ਹਰਪ੍ਰੀਤ ਕੌਰ, ਗਗਨਦੀਪ ਕੌਰ ਅਤੇ ਮਨਪ੍ਰੀਤ ਕੌਰ ਕ੍ਰਮਵਾਰ ਪੰਜਵੀਂ, ਅੱਠਵੀਂ ਅਤੇ ਦਸਵੀਂ ਵਿਚੋਂ ਪਹਿਲੇ ਸਥਾਨ 'ਤੇ ਆਈਆਂ। ਸਮਾਗਮ ਦੀ ਪ੍ਰਧਾਨਗੀ ਸਕੂਲ ਦੀ ਮੁੱਖ ਅਧਿਆਪਕਾ ਬੀਬੀ ਗੁਰਦੀਪ ਕੌਰ ਨੇ ਕੀਤੀ। ਪਿੰਡ ਦੇ ਸਰਪੰਚ ਸ. ਅਮਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਨਮਾਨਿਤ ਬੱਚਿਆਂ ਦੇ ਮਾਪਿਆਂ ਤੋਂ ਇਲਾਵਾ ਚਿੱਤਰਕਾਰ ਹਰਨੇਕ ਰਾਮਪੁਰੀ, ਗਿਆਨੀ ਗੁਰਚਰਨ ਸਿੰਘ ਅਤੇ ਪੰਚਾਇਤ ਮੈਂਬਰ ਸ. ਅਵਤਾਰ ਸਿੰਘ ਪੱਪੂ ਅਤੇ ਸ. ਬਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਾਜ਼ਰ ਹੋਏ। ਬੀਬੀ ਗੁਰਦੀਪ ਕੌਰ ਬੱਚਿਆਂ ਨੂੰ ਮੁਕਾਬਲੇ ਦੀ ਭਾਵਨਾ ਨਾਲ ਪੜ੍ਹਨ ਲਈ ਪ੍ਰੇਰਿਆ। ਇਹ ਪੁਰਸਕਾਰ ਪ੍ਰਸਿੱਧ ਸ਼ਾਇਰ ਹਰਚਰਨ ਮਾਂਗਟ ਵਲੋਂ ਆਪਣੀ ਪਤਨੀ ਸ੍ਰੀਮਤੀ ਗੁਰਦੇਵ ਕੌਰ ਮਾਂਗਟ ਦੀ ਯਾਦ ਵਿਚ ਦਿੱਤੇ ਜਾਂਦੇ ਹਨ।

*ਸੁਰਿੰਦਰ ਰਾਮਪੁਰੀ*

*ਪਿੰਡ-ਡਾਕ ਰਾਮਪੁਰ (ਲੁਧਿਆਣਾ)*

*੨੩.੮.੨੦੦੩*

## ੪੪ਵਾਂ ਸੰਗੀਤ ਸੰਮੇਲਨ ੧੨ ਅਕਤੂਬਰ ਨੂੰ

ਜਲੰਧਰ— ਸੰਗੀਤ ਕਲਾ ਮੰਚ (ਰਜਿ) ਜਲੰਧਰ ਦੇ ਸਕੱਤਰ ਨੇ ਸੂਚਿਤ ਕੀਤਾ ਹੈ ਕਿ ਮੰਚ ਦਾ ੪੪ਵਾਂ ਸ਼ਾਸਤਰੀ ਸੰਗੀਤ ਸੰਮੇਲਨ ਐਤਵਾਰ ੧੨ ਅਕਤੂਬਰ ਨੂੰ ੩ ਤੋਂ ੭ ਵਜੇ ਸ਼ਾਮ ਤੱਕ ਲਾਇਨਜ਼ ਭਵਨ, ਲਾਜਪਤ ਨਗਰ ਜਲੰਧਰ ਵਿਖੇ ਹੋਵੇਗਾ। ਇਸ ਵਿੱਚ ਪੰਡਿਤ ਜਸ ਰਾਜ ਜੀ ਦੇ ਸ਼ਾਗਿਰਦ ਸ੍ਰੀ ਚੰਦਰ ਸ਼ੇਖਰ ਸੁਆਮੀ ਬੰਬਈ ਵਾਲੇ ਆਪਣਾ ਗਾਇਨ ਪੇਸ਼ ਕਰਨਗੇ। ਇੰਗਲੈਂਡ ਤੋਂ ਸ: ਹਰਜਿੰਦਰ ਪਾਲ ਸਿੰਘ ਸੰਤੂਰਵਾਦਨ ਕਰਨ ਲਈ ਪੁੱਜ ਰਹੇ ਹਨ। ਸ੍ਰੀ ਭੈਣੀ ਸਾਹਿਬ ਤੋਂ ਪੰਡਿਤ ਰਾਜੇਸ਼ ਮਾਲਵੀਆ ਅਤੇ ਜਲੰਧਰ ਦੇ ਪੰਡਿਤ ਰਮਾਕਾਂਤ, ਡਾ. ਜੋਗਿੰਦਰ ਬਾਵਰਾ ਤੇ ਹੋਰ ਸੰਗੀਤਾਰ ਭਾਲ ਲੈ ਰਹੇ ਹਨ।

## ਸਿਲਵਰ ਜੁਬਲੀ ਸਮਾਗਮ

ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਯੂ. ਕੇ. ਵਲੋਂ ੨੪ ਅਗਸਤ ਨੂੰ ਸਿਲਵਰ ਜੁਬਲੀ ਸਮਾਗਮ ਮਨਾਇਆ ਗਿਆ।

ਪਹਿਲੇ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸਟੇਜ 'ਤੇ ਸਭਾ ਦੇ ਪ੍ਰਧਾਨ ਪ੍ਰੋ. ਪੂਰਨ ਸਿੰਘ, ਭਾਰਤ ਤੋਂ ਆਈ ਕਵਿਤ੍ਰੀ ਰਵਿੰਦਰ ਕਿਰਨ, ਸੰਸਾਰ ਸਿੰਘ ਨਰਵਾਲ ਤੇ ਚਮਨ ਨਾਲ ਚਮਨ ਸੁਸ਼ੋਭਤ ਸਨ। ਪਹਿਲਾ ਪਰਚਾ ਪੂਰਨ ਸਿੰਘ ਦੇ ਕਹਾਣੀ ਸੰਗ੍ਰਹਿ "ਅੱਠਵਾਂ ਅਜੂਬਾ ਤੇ ਹੋਰ ਕਹਾਣੀਆਂ" ਤੇ ਧਿਆਨ ਸਿੰਘ ਸ਼ਾਹਸਿਕੰਦਰ ਵਲੋਂ ਲਿਖਿਆ ਹੋਇਆ ਸੀ, ਜੋ ਸੁਖਸਾਗਰ ਪਾਲ ਕੌਰ ਰੰਧਾਵਾ ਨੇ ਪੜ੍ਹਿਆ। ਦੂਸਰਾ ਪਰਚਾ ਗੁਰਨਾਮ ਗਿੱਲ ਦੇ ਨਾਵਲ " ਤੇ ਹਵਾ ਰੁਕ ਗਈ "ਉੱਪਰ ਰਵਿੰਦਰ ਕਿਰਨ ਨੇ ਪੇਸ਼ ਕੀਤਾ। ਦੋਹਾਂ ਪਰਚਿਆਂ ਨੂੰ ਬੜਾ ਸਲਾਹਿਆ ਗਿਆ ਅਤੇ ਪਰਚੇਕਾਰਾਂ ਨੂੰ ਵਧਾਈ ਦਿੱਤੀ ਗਈ। ਪਰਚਿਆਂ ਉੱਪਰ ਭਰਪੂਰ ਬਹਿਸ ਹੋਈ ਅਤੇ ਕਿਰਨ ਨੇ ਬੜੀ ਬੇਬਾਕੀ ਨਾਲ ਉਠਾਏ ਨੁਕਤਿਆਂ ਦੇ ਜੁਆਬ ਦਿੱਤੇ। ਇਸ ਸੈਸ਼ਨ ਦੀ ਸਟੇਜ ਸਕੱਤ੍ਰੀ ਦਾ ਕੰਮ ਸ਼ੇਖ਼ਰ ਨੇ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਇਆ। ਇਸੇ ਸੈਸ਼ਨ ਦੇ ਅੰਤ ਵਿੱਚ ਸ਼ੇਖ਼ਰ ਦਾ ਗ਼ਜ਼ਲ ਸੰਗ੍ਰਹਿ ਰਲੀਜ਼ ਕੀਤਾ ਗਿਆ।

ਦੂਸਰਾ ਸੈਸ਼ਨ ਕਵੀ ਦਰਬਾਰ ਤੇ ਸਭਿਆਚਾਰਕ ਪ੍ਰੋਗਰਾਮ ਦਾ ਸੀ। ਇਸ ਦੀ ਸਟੇਜ ਸਕੱਤਰੀ ਦਾ ਕਾਰਜ ਸੁਖਸਾਗਰ ਕੌਰ ਰੰਧਾਵਾ ਨੇ ਬੜੀ ਹੀ ਕੁਸ਼ਲਤਾ ਸਹਿਤ ਨਿਭਾਇਆ। ਸਟੇਜ ਤੇ ਸੁਸ਼ੋਭਤ ਸਨ- ਪ੍ਰੋ. ਪੂਰਨ ਸਿੰਘ, ਚਮਨ ਲਾਲ ਚਮਨ, ਕੁਲਵਿੰਦਰ ਕੌਰ ਮਾਨ, ਰਵਿੰਦਰ ਕਿਰਨ, ਅਮਰੀਕ



Sri Satguru Jagjit Singh Ji eLibrary NamdhariElibrary@gmail.com

ਸਿੰਘ ਹੋਠੀ, ਗੁਰਨਾਮ ਗਿੱਲ ਅਤੇ ਬਲਬੀਰ ਸਿੰਘ ਕੰਵਲ।

ਭਾਗ ਲੈਣ ਵਾਲੇ ਕਵੀਆਂ ਵਿੱਚ ਰਵਿੰਦਰ ਕਿਰਨ, ਸ਼ੇਖ਼ਰ, ਗੁਰਨਾਮ ਗਿੱਲ, ਕੁਲਵਿੰਦਰ ਕੌਰ ਮਾਨ, ਚਮਨ ਲਾਲ ਚਮਨ, ਦਲਬੀਰ ਕੌਰ, ਅਮਰੀਕ ਸਿੰਘ ਹੋਠੀ, ਰਾਜਿੰਦਰ ਕੌਰ, ਗੁਰਸ਼ਰਨ ਸਿੰਘ ਅਜੀਬ, ਬਲਬੀਰ ਸਿੰਘ ਕੰਵਲ, ਸ਼ਮਸ਼ੇਰ ਸਿੰਘ ਰਾਏ, ਗੁਰਦੇਵ ਸਿੰਘ ਦੇਵ, ਸੁਰਿੰਦਰ ਸੀਹਰਾ ਤੇ ਹਰਚੰਦ ਸਿੰਘ ਰੰਧਾਵਾ ਆਦਿ ਸ਼ਾਮਿਲ ਸਨ। ਰਾਜਿੰਦਰ ਕੌਰ, ਰਾਵਿੰਦਰ ਕਿਰਨ, ਸ਼ੇਖ਼ਰ, ਹੋਠੀ ਤੇ ਦੇਵ ਨੇ ਤਰੰਨਮ ਵਿੱਚ ਖ਼ੂਬ ਰੰਗ ਬੰਨ੍ਹਿਆ। ਕਿਰਨ ਕੋਲੋਂ ਸਰੋਤਿਆ ਦੀ ਫ਼ਰਮਾਇਸ਼ ਤੇ ਚਾਰ-ਪੰਜ ਵਾਰੀ, ਕਦੇ ਗ਼ਜ਼ਲ, ਕਦੇ ਨਜ਼ਮ ਤੇ ਆਖ਼ਰ 'ਚ ਰੱਤੀ ਸੁਣੀ ਗਈ।

ਇਸ ਉਪਰੰਤ ਰਵਿੰਦਰ ਕਿਰਨ ਵਲੋਂ ਗੁਰਨਾਮ ਗਿੱਲ ਦੇ ਰੇਖਾ ਚਿੱਤਰਾਂ ਦੀ ਸੰਪਾਦਤ ਕੀਤੀ ਹੋਈ ਕਿਤਾਬ "ਹਰਫ਼ਾਂ ਦੇ ਰਿਸ਼ਤੇ" ਰਲੀਜ਼ ਕੀਤੀ ਗਈ। ਇਸਦੇ ਨਾਲ ਹੀ ਸਭਾ ਦੇ ਪ੍ਰਧਾਨ ਵੱਲੋਂ ਕੁਲਵਿੰਦਰ ਕੌਰ ਮਾਨ ਅਤੇ ਚਮਨ ਲਾਲ ਚਮਨ ਨੂੰ ਮਾਣ-ਪੱਤਰ ਭੇਂਟ ਕੀਤੇ ਗਏ। ਅੰਤ ਵਿੱਚ ਸਭਾ ਦੇ ਜਨਰਲ ਸਕੱਤਰ, ਗੁਰਨਾਮ ਗਿੱਲ ਨੇ ਰਵਿੰਦਰ ਕਿਰਨ ਨੂੰ ਵਿਸ਼ੇਸ਼ ਟ੍ਰਾਫ਼ੀ ਤੇ ਮਾਣ-ਪੱਤਰ ਭੇਂਟ ਕਰਕੇ ਉਸਦਾ ਸਨਮਾਨ ਕੀਤਾ। ਦੋ ਵਜੇ ਆਰੰਭ ਹੋਇਆ ਸਮਾਗਮ ਪ੍ਰੀਤੀ ਭੋਜਨ ਨਾਲ ਰਾਤ ਦੇ ਦਸ ਵਜੇ ਸਮਾਪਤ ਹੋਇਆ।

ਪਰਚਿਆਂ ਉੱਪਰ ਬੜੀ ਉਸਾਰੂ ਤੇ ਭਰਪੂਰ ਸਾਹਿਤਕ ਬਹਿਸ ਹੋਈ। ਪ੍ਰਧਾਨ ਪੂਰਨ ਸਿੰਘ ਫਿਲਾਸਫਰ ਸਪੁਤੱਰ ਜਥੇਦਾਰ ਮਾਨ ਸਿੰਘ ਝੌਰ ਜੀ ਨੇ ਆਖਰੀ ਸ਼ਬਦਾਂ ਵਿਚ ਫ਼ਰਮਾਇਆ ਕਿ ਇਸ ਕਾਨਫਰੰਸ ਵਿਚ ਅਸਲੀ ਪੰਜਾਬੀ ਬੋਲੀ, ਪੰਜਾਬੀ ਮਾਹੌਲ ਦਾ ਨਿੱਘਾ ਤੇ ਮਿਠਾਸ ਭਰਿਆ ਸੁਆਦ, ਆਇਆ ਕਿਉਂਕਿ ਪਰਚਿਆਂ ਦੀ ਬੋਲੀ ਅਸਲੀ ਪੰਜਾਬੀ ਸੀ ਜਿਸ ਵਿਚ ਸੰਸਕ੍ਰਿਤ ਹਿੰਦੀ ਅਤੇ ਅੰਗਰੇਜ਼ੀ ਆਦਿ ਦਾ ਮਿਲਗੋਭਾ ਨਹੀਂ ਸੀ। ਪਰਚਿਆਂ ਉੱਪਰ ਕੌਂਸਲਰ ਨਿਰਮਲ ਗਿੱਲ ਸਾਹਿਬ ਨੇ ਵੀ ਵਿਦਵਤਾ ਭਰਪੂਰ ਟਿਪਣੀਆਂ ਕੀਤੀਆਂ। ਇਸ ਕਾਨਫਰੰਸ ਦੀ ਵਿਲੱਖਣਤਾ ਇਹ ਸੀ ਕਿ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਦੇ ਸੰਚਾਲਕ ਪ੍ਰਧਾਨ ੨੪ ਸਾਲ ਬਾਅਦ ਫਿਰ ਆਪਣੇ ਪੂਰੇ ਜਲਾਲ ਵਿਚ ਸ: ਬਲਬੀਰ ਸਿੰਘ ਕੰਵਲ ਜੀ ਸਟੇਜ ਤੇ ਸ਼ਸ਼ੋਭਤ ਸਨ।

ਇਸ ਕਾਨਫਰੰਸ ਵਿਚ ਚਾਹ ਪਾਣੀ ਦਾ ਪ੍ਰੰਬਧ ਸੁਰਜੀਤ ਸਿੰਘ ਜੀਤ ਵਲੋਂ ਸੀ।

*ਸੁਖ ਸਾਗਰ ਰੰਧਾਵਾ*
*ਸਕੱਤਰ*

## ਭੁਰਜੀ ਪਰਿਵਾਰ ਲੁਧਿਆਣਾ ਵਲੋਂ ਮਾਤਾ ਪ੍ਰਕਾਸ਼ ਕੌਰ ਨਮਿਤ ਪਾਠ ਦਾ ਭੋਗ

ਭੁਰਜੀ ਮਸ਼ੀਨ ਟੂਲਜ਼ ਫੋਕਲ ਪੁਆਇੰਟ ਲੁਧਿਆਣਾ ਵਾਲੇ ਪਰਿਵਾਰ ਸ. ਅਜੀਤ ਸਿੰਘ ਪਰਵੀਨਪਾਲ ਸਿੰਘ ਯੂ.ਐਸ.ਏ., ਸ. ਅਮਰਜੀਤ ਸਿੰਘ ਅਤੇ ਬੀਬੀ ਦਵਿੰਦਰ ਕੌਰ (ਸੁਪਤਨੀ ਸ. ਬਲਵਿੰਦਰ ਸਿੰਘ) ਦੇ ਮਾਤਾ ਜੀ ਬੀਬੀ ਪ੍ਰਕਾਸ਼ ਕੌਰ (ਸੁਪਤਨੀ ਸਵ. ਸ. ਮਹਿੰਦਰ ਸਿੰਘ ਭੁਰਜੀ) ਜੀ ੩੧ ਅਗਸਤ ੨੦੦੩ ਨੂੰ ਆਪਣੀ ਸੰਸਾਰ ਯਾਤਰਾ ਸਫਲਤਾ ਸਹਿਤ ਪੂਰੀ ਕਰ ਗਏ ਹਨ। ਮਾਤਾ ਜੀ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ੭ ਸਤੰਬਰ ੨੦੦੩ ਐਤਵਾਰ ਨੂੰ ਪਾਇਆ ਗਿਆ। ਹਜ਼ੂਰੀ ਰਾਗੀਆਂ ਨੇ ਕੀਰਤਨ ਕੀਤਾ ਅਤੇ ਭੁਰਜੀ ਪਰਿਵਾਰ ਵਲੋਂ ਮਾਤਾ ਪ੍ਰਕਾਸ਼ ਕੌਰ ਜੀ ਦੀ ਨਿੱਘੀ ਯਾਦ ਵਿੱਚ ਆਈ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕੇ ਲੰਗਰ ਅਤੇ ਹੋਰ ਧਾਰਮਕ ਸਮਾਜਕ ਕਾਰਜਾਂ ਵਾਸਤੇ ਖੁੱਲ੍ਹੇ ਦਿਲ ਨਾਲ ਮਾਇਆ ਭੇਟ ਕੀਤੀ ਗਈ।

ਅਸੀਂ ਭੁਰਜੀ ਪਰਿਵਾਰ ਦੇ ਇਸ ਵਿਛੋੜੇ ਭਰੇ ਅਵਸਰ ਤੇ ਮਾਤਾ ਜੀ ਨੂੰ ਸ਼ਰਧਾਂਜਲੀ ਅਰਪਣ ਕਰਦੇ ਹੋਏ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ।

*—ਜਗਦੀਸ਼ ਸਿੰਘ*

## ਇਕਬਾਲ ਰਾਮੂਵਾਲੀਆ ਨਾਲ ਇਕ ਮੁਲਾਕਾਤ

ਪਿਛਲੇ ਦਿਨੀਂ ਕੈਨੇਡਾ ਤੋਂ ਇਕਬਾਲ ਰਾਮੂਵਾਲੀਆ ਦੇਸ਼ ਆਇਆ ਤਾਂ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਮਿਤੀ ੨੧ ਅਗਸਤ ੨੦੦੩ ਨੂੰ ਇਕ ਸਮਾਗਮ ਵਿੱਚ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਹਾਲ ਵਿੱਚ ਹੋਈ ਇਸ ਇਕੱਤ੍ਰਤਾ ਵਿੱਚ ਇਕਬਾਲ ਨੇ ਆਪਣੇ ਜੀਵਨ ਦੇ ਤਜਰਬੇ, ਕੈਨੇਡਾ ਵਿੱਚ ਸਾਹਿਤਕ ਸਮਾਜਕ ਜਨ ਜੀਵਨ ਬਾਰੇ ਬੇਬਾਕੀ ਨਾਲ ਟਿਪਣੀਆਂ ਕੀਤੀਆਂ। ਉਹਨਾਂ ਆਪਣੀਆਂ ਕਵਿਤਾਵਾਂ ਵੀ ਸੁਣਾਈਆਂ ਅਤੇ ਅੰਤ ਉਤੇ ਉਹਨਾਂ ਆਪਣੀ ਗਾਇਕੀ ਦਾ ਵੀ ਨਜ਼ਾਰਾ ਪੇਸ਼ ਕੀਤਾ। ਇਕਬਾਲ ਅਤੇ ਛੋਟੇ ਭਰਾ ਰਛਪਾਲ ਰਾਮੂਵਾਲੀਆ ਨੇ ਮਿਲ ਕੇ ਗਾਇਕੀ ਦੀ ਇਕ ਕੈਸਟ ਵੀ ਰਿਕਾਰਡ ਕਰਵਾਈ ਹੈ ਜੋ ਜਲਦੀ ਹੀ ਬਾਜ਼ਾਰ ਵਿੱਚ ਆ ਰਹੀ ਹੈ। ਇਸ ਗੀਤ-ਕਾਵਿ ਵੀ ਵੰਨਗੀ ਨੂੰ ਬਹੁਤ ਪਸੰਦ ਕੀਤਾ ਗਿਆ ਕਿਉਂਕਿ ਅੱਜ ਕਲ ਦੀ ਪ੍ਰਚਲਤ ਗਾਇਕੀ ਤੋਂ ਬਿਲਕੁਲ ਹੱਟ ਕੇ ਹੈ ਅਤੇ ਨਿਸ਼ਚਿਤ ਰੂਪ ਵਿਚ ਨਵਾਂ ਉਸਾਰੂ ਮਿਆਰ ਸੈਟ ਕਰਨ ਵਾਲੀ ਹੈ।

ਮੀਟਿੰਗ ਵਿੱਚ ਡਾ. ਵਰਿਆਮ ਸਿੰਘ ਸੰਧੂ ਨੇ ਇਕਬਾਲ ਰਾਮੂਵਾਲੀਆ ਬਾਰੇ ਜਾਣਕਾਰੀ ਵੀ ਦਿਤੀ ਤੇ ਜੀ ਆਇਆ



Sri Satguru Jagjit Singh Ji eLibrary NamdhariElibrary@gmail.com

ਵੀ ਕਿਹਾ।

ਗਲਬਾਤ ਵਿੱਚ ਆਏ ਵਿਦਵਾਨਾਂ ਨੇ ਡੂੰਘੀ ਦਿਲਚਸਪੀ ਨਾਲ ਹਿੱਸਾ ਲਿਆ। ਪ੍ਰੋ. ਪਿਆਰਾ ਸਿੰਘ ਭੋਗਲ ਨੇ ਪ੍ਰਧਾਨਗੀ ਕਰਦਿਆਂ ਇਕਬਾਲ ਰਾਮੂਵਾਲੀਆ ਦੀਆਂ ਕਵਿਤਾਵਾਂ ਦੀ ਚਰਚਾ ਵੀ ਕੀਤੀ ਅਤੇ ਗੀਤ ਗਾਇਣ ਨੂੰ ਵੀ ਸਲਾਹਿਆ।

ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਨੇ ਵੀ ਧੰਨਵਾਦੀ ਸ਼ਬਦ ਬੋਲਦਿਆਂ ਰਾਮੂਵਾਲੀਆ ਦੀਆਂ ਕਵਿਤਾਵਾਂ ਅਤੇ ਗਾਇਨ ਗੁਣਾਂ ਦੀ ਪ੍ਰਸ਼ੰਸਾ ਕੀਤੀ। ਪ੍ਰੋ. ਜਗੀਰ ਕਾਹਲੋਂ ਨੇ ਵੱਡਮੁਲੀਆਂ ਟਿਪਣੀਆਂ ਨਾਲ ਸਭਾ ਦਾ ਸੰਚਾਲਨ ਕੀਤਾ। ਸਭਾ ਵਿੱਚ ਆਏ ਵਿਦਵਾਨਾਂ, ਸੁਰਜੀਤ ਸਿੰਘ ਮਿਨਹਾਸ, ਅਜੀਤ ਸਿੰਘ ਸ਼ਾਹੀ, ਸੁਖਵਿੰਦਰ ਸਿੰਘ ਸੰਘਾ, ਡੀ.ਬੀ. ਰਾਏ, ਕੰਵਰ ਇਮਤਿਆਜ਼, ਹਰਵਿੰਦਰ ਭੰਡਾਲ, ਸੁਰਜੀਤ ਜੱਜ, ਅਵਤਾਰ ਜੌੜਾ, ਤਸਕੀਨ, ਸੀ. ਐਲ. ਲੱਕੀ. ਕਿਰਪਾਲ ਸਿੰਘ ਦਰਦੀ, ਹਰਜਿੰਦਰ ਸਿੰਘ ਅਟਵਾਲ, ਸੁਰਿੰਦਰ ਬੰਗੜ, ਬਲਬੀਰ ਸਿੰਘ ਵਾਸੀ, ਬਲਬੀਰ ਪਰਵਾਨਾ, ਜਸਪਾਲ ਜ਼ੀਰਵੀ, ਚੇਤੰਨ ਸਿੰਘ, ਸੁਸ਼ੀਲਾ ਚੈਨ, ਦਰਸ਼ਨ ਸਿੰਘ ਢਿਲੋਂ, ਗੁਰਬਖਸ਼ ਸਿੰਘ ਬੰਨੋਆਣਾ, ਰਜਿੰਦਰ ਬਿਮਲ, ਕੁਲਵੰਤ ਸਿੰਘ ਸੰਧੂ, ਇਕਬਾਲ ਸਿੰਘ ਭੋਮਾ, ਕੁਲਦੀਪ ਅਮਨ, ਹਰਬੀਰ ਕੌਰ, ਗਿਆਨ ਸਿੰਘ ਦੁਸਾਂਝ, ਹਰਕੰਵਲ ਸਿੰਘ ਕੰਗ ਨੇ ਗਲਾਂ ਸੁਣ ਕੇ ਅਤੇ ਮੁਲਾਕਾਤ ਦਾ ਰੰਗ ਮਾਣਿਆ।

## ਨਾਵਲਕਾਰ ਮੋਹਨ ਕਾਹਲੋਂ ਨਾਲ ਰੂਬਰੂ 'ਵਹਿ ਗਏ ਪਾਣੀ' 'ਤੇ ਚਰਚਾ ਹੋਈ

ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ੯ ਸਤੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪ੍ਰੋ. ਵਰਿਆਮ ਸਿੰਘ ਸੰਧੂ, ਸਭਾ ਦੇ ਪ੍ਰਧਾਨ ਜਗਦੀਸ਼ ਸਿੰਘ ਵਰਿਆਮ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸੀਨੀਅਰ ਉਪ ਪ੍ਰਧਾਨ ਗੁਰਭਜਨ ਗਿੱਲ ਅਤੇ ਕਾਮਰੇਡ ਜਗਜੀਤ ਸਿੰਘ ਅਨੰਦ ਤੇ ਅਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ।

ਮੋਹਨ ਕਾਹਲੋਂ ਹੁਰਾਂ ਦਾ ਸੁਆਗਤ ਕਰਦੇ ਹੋਏ ਪ੍ਰੋ. ਵਰਿਆਮ ਸਿੰਘ ਸੰਧੂ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਕਿਹਾ ਕਿ ਉਨ੍ਹਾਂ ਦੇ ਨਵੇਂ ਨਾਵਲ 'ਵਹਿ ਗਏ ਪਾਣੀ' ਵਿੱਚ ਜੰਗ ਬਾਰੇ ਜਿਥੇ ਸਿਧਾਂਤਿਕ ਗੱਲਾਂ ਹੋਈਆਂ ਹਨ ਉਥੇ ਮੰਗਲ ਦੇ ਰੂਪ ਵਿੱਚ ਜੋ ਨਾਇਕ ਸਿਰਜਿਆ ਗਿਆ ਹੈ ਇਹ ਸ਼ੁਧ ਪੰਜਾਬੀ ਕਿਰਦਾਰ ਦੀ ਮਿਸਾਲ ਹੈ। ਜਿਸ ਵਿੱਚ ਸ਼ੂਕਦਾ ਵੇਗ ਹੈ-ਸਾਂਝ ਵੀ ਹੈ ਤੇ ਦੁਸ਼ਮਣੀ ਵੀ ਹੈ। ਦੂਜੇ ਵਿਸ਼ਵ ਯੁੱਧ ਵਿੱਚ ਬਸਰੇ ਦੀ ਲਾਮ ਤੇ ਗਿਆ ਮੰਗਲ ਇਕ ਵਿਸ਼ਵ ਮਾਨਵ ਵੀ ਬਣਦਾ ਹੈ ਜੋ ਖੱਬਲ ਵਾਂਗ ਹਰ ਥਾਂ ਆਪਣੀਆਂ ਜੜ੍ਹਾਂ ਲਾ ਲੈਂਦਾ ਹੈ।

ਮੋਹਨ ਕਾਹਲੋਂ ਹੁਰਾਂ ਬੜੇ ਹੀ ਜਜ਼ਬਾਤੀ ਰੌਅ ਵਿੱਚ ਆਪਣੇ ਨਾਵਲੀ ਸਫਰ ਦੀਆਂ ਗੱਲਾਂ ਤੋਂ ਪਹਿਲਾਂ ਆਪਣੀ ਭੋਇੰ ਦੇ ਗੁਣ ਗਾਏ ਜੋ ਰਾਵੀ ਦਰਿਆ ਦੇ ਆਰ ਪਾਰ ਫੈਲੀ ਹੋਈ ਸੀ। ਹੁਣ ਪਾਕਿਸਤਾਨ ਵਿੱਚ ਚਲੀ ਗਈ ਸ਼ਕਰਗੜ੍ਹ ਤਹਿਸੀਲ ਨੂੰ ਮਿਠਾਸ ਦਾ ਗੜ੍ਹ ਕਹਿੰਦਾ ਹੈ ਜਿਥੇ ਲੋਕਾਂ ਦੇ ਸੁਭਾਅ ਦੀ ਮਿਠਾਸ ਦੇ ਨਾਲ ਅੰਬਾਂ, ਜਾਮਨੂੰਆਂ, ਬੇਰਾਂ ਤੇ ਪੀਲਕਾਂ ਦੀ ਮਿਠਾਸ ਵੀ ਸ਼ਾਮਲ ਸੀ। ਉਸ ਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਇਲਾਕਾ ਬਾਬੇ ਨਾਨਕ ਦਾ ਵਰੋਸਾਇਆ ਹੋਇਆ ਹੈ ਤੇ ਇਸ ਨੇ ਈਸ਼ਵਰ ਚੰਦਰ ਨੰਦਾ ਅਤੇ ਸ਼ਿਵ ਕੁਮਾਰ ਬਟਾਲਵੀ ਵਰਗੇ ਲੇਖਕ ਪੈਦਾ ਕੀਤੇ ਹਨ। ਉਸ ਦੇ ਕਹਿਣ ਅਨੁਸਾਰ ਦਰਿਆਵਾਂ ਦੇ ਪਾਣੀ ਤਾਂ ਲਹਿੰਦੇ ਨੂੰ ਹੀ ਵਹਿੰਦੇ ਹਨ, ਪਰ ਜ਼ਿੰਦਗੀ ਦੇ ਪਾਣੀ ਲਹਿੰਦੇ ਨੂੰ ਵੀ ਵਹਿੰਦੇ ਹਨ ਤੇ ਚੜ੍ਹਦੇ ਨੂੰ ਵੀ ਵਹਿੰਦੇ ਹਨ। 'ਵਹਿ ਗਏ ਪਾਣੀ' ਨਾਵਲ ਤੇ ਕਾਹਲੋਂ ਨੇ ਬੜੇ ਸਾਲ ਮਿਹਨਤ ਕਰਨ ਦਾ ਦਾਅਵਾ ਕੀਤਾ ਤੇ ਇਹ ਨਾਵਲ ਲਿਖ ਕੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸਨੇ ਰਾਵੀ ਮਾਂ ਦਾ ਰਿਣ ਉਤਾਰਿਆ ਹੈ।

ਡਾ. ਉਮਿੰਦਰ ਜੌਹਲ ਨੇ ਬਹਿਸ ਵਿਚ ਨਾ ਪੈਂਦੇ ਹੋਏ ਇਸ ਗਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਮੋਹਨ ਕਾਹਲੋਂ ਇਕ ਵਿਲੱਖਣ ਸ਼ਖਸੀਅਤ ਦੇ ਮਾਲਕ ਹਨ ਤੇ ਓਹਨਾਂ ਦੀ ਸ਼ਖਸੀਅਤ ਉਸ ਬਿੰਬ ਨਾਲੋਂ ਬਿਲਕੁਲ ਹੀ ਭਿੰਨ ਹੈ ਜੋ ਕਿ ਪੰਜਾਬੀ ਸਾਹਿਤ ਵਿੱਚ ਉਸਾਰਿਆ ਗਿਆ ਹੈ।

ਪ੍ਰੋ. ਪਿਆਰਾ ਸਿੰਘ ਭੋਗਲ ਨੇ ਮੋਹਨ ਕਾਹਲੋਂ ਦੇ ਨਾਟਕਾਂ ਨੂੰ "ਬਹੁਤ ਹੀ ਤਾਜ਼ਾ ਬਿਆਨ" ਵਾਲੇ ਨਾਵਲ ਕਰਾਰ ਦਿੱਤਾ ਤੇ ਇਨ੍ਹਾਂ ਦੇ ਪਾਤਰਾਂ ਨੂੰ ਜਜ਼ਬਾਤ ਦੀ ਗਹਿਰਾਈ ਵਾਲੇ ਪਾਤਰ ਕਿਹਾ। ਭੋਗਲ ਅਨੁਸਾਰ ਕਾਹਲੋਂ ਵੀਹਵੀਂ ਸਦੀ ਦੇ ਮਹਾਨ ਨਾਵਲਕਾਰਾਂ ਵਿਚੋਂ ਇਕ ਹੈ। ਪ੍ਰੋ. ਗੋਪਾਲ ਸਿੰਘ ਬੁੱਟਰ, ਕੰਵਰ ਇਮਤਿਆਜ਼, ਗੁਰਭਜਨ ਗਿੱਲ ਅਤੇ ਕਾਮਰੇਡ ਜਗਜੀਤ ਸਿੰਘ ਅਨੰਦ ਹੁਰਾਂ ਵੀ ਆਪਣੇ ਵਿਚਾਰ ਪੇਸ਼ ਕੀਤੇ।

ਧੰਨਵਾਦੀ ਸ਼ਬਦ ਕਹਿੰਦੇ ਹੋਏ ਸ. ਜਗਦੀਸ਼ ਸਿੰਘ ਵਰਿਆਮ ਹੁਰਾਂ ਕਿਹਾ ਕਿ ਕਾਹਲੋਂ ਦੇ ਬਿਆਨ ਵਿੱਚ ਏਨੀ ਸ਼ਿਦਤ ਹੈ ਕਿ ਸੁਣ ਕੇ ਕਈ ਵੇਰ ਅੱਖਾਂ ਨਮ ਹੋ ਗਈਆਂ।

ਤਿੰਨ ਘੰਟੇ ਚਲੇ ਇਸ ਪ੍ਰੋਗਰਾਮ ਵਿਚ ਪ੍ਰੋ. ਅਵਤਾਰ ਜੌੜਾ, ਡਾ. ਰਜਨੀਸ਼ ਬਹਾਦਰ ਸਿੰਘ, ਤਸਕੀਨ, ਹਰਵਿੰਦਰ ਭੰਡਾਲ, ਸਰਦੂਲ ਸਿੰਘ ਕਾਹਲੋਂ, ਬਾਬਾ ਭਗਤ ਸਿੰਘ ਬਿਲਗਾ, ਗੁਰਮੀਤ ਸਿੰਘ ਢੱਡਾ, ਗੁਰਮੀਤ ਸਿੰਘ, ਰਜੇਸ਼ਵਰ ਸਿੰਘ ਚਮਿਆਰੀ ਤੇ ਬਾਬਾ ਚੂਹੜ ਸਿੰਘ ਸਮੇਤ ਦੋ ਦਰਜਨ ਤੋਂ ਉਪਰ ਵਿਦਵਾਨ ਹਾਜ਼ਰ ਹੋਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਜਗੀਰ ਕਾਹਲੋਂ ਨੇ ਨਿਭਾਈ।

*ਪ੍ਰੋ. ਜਗੀਰ ਸਿੰਘ ਕਾਹਲੋਂ*



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਅੱਜ ਆਪ ਜੀ ਦਾ ਵਰਿਆਮ ਮਿਲਿਆ। ਟਾਈਟਲ :

ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨਿ ਮਹਿ ਸਿਮਰਨੁ ਕਰਿਆ॥

ਵਰਿਆਮ ਜੀ ਅੱਜ ਫਿਰ ਤੁਸੀਂ ਸਾਨੂੰ ਇਕ ਨਵੀ ਸੇਧ ਦਿੱਤੀ ਹੈ ਪਹਿਲੇ ਵਾਂਗ ਹੈਂ ਨਾ?

ਅੱਜ ਮੈਂ ਆਪ ਨੂੰ ਇਸ ਲਈ ਮੁਖਾਤਬ ਹਾਂ ਕਿ ਵਿਸ਼ਵ ਪੰਜਾਬੀ ਕਾਨਫਰੰਸ ਸਪਰੂ ਹਾਊਸ ਨਵੀਂ ਦਿੱਲੀ ਦੇ ਚੌਥੀ ਵਿਸ਼ਵ ਕਾਨਫਰੰਸ ਦਾ ਐਲਬਮ ਵੇਖ ਰਿਹਾ ਸੀ ਤਾਂ ਤੁਸੀਂ ਤਸਵੀਰ ਰਾਹੀਂ ਮੇਰੇ ਰੂ-ਬ-ਰੂ ਸੀ ਤੇ ਸ਼ਾਮ ਨੂੰ ਜਦੋਂ ਘਰ ਪਹੁੰਚਿਆ ਤਾਂ "ਵਰਿਆਮ" ਰੂ-ਬ-ਰੂ ਸੀ....ਅਤੇ ਊਡੇ ਊਡਿ ਆਵੈ ਸੈ ਕੋਸਾ....ਕਿਤਨੇ ਇਤਫਾਕ ਦੀ ਗੱਲ ਹੈ ਇਕ ਦਿਨ ਵਿੱਚ ਮੈਂ "ਜਗਦੀਸ਼ ਸਿੰਘ ਵਰਿਆਮ" ਜੀ ਅਤੇ ਉਨ੍ਹਾਂ ਦੀ ਰਚਿਤ ਵਰਿਆਮ ਨੂੰ ਇਕ ਸਾਥ ਮਿਲ ਰਿਹਾ ਹਾਂ।

ਵਰਿਆਮ ਜੀ ਤੁਹਾਡੀ ਲਗਨ-ਮਿਹਨਤ ਅਤੇ ਦਰਿੜਤਾ ਹੀ ਵਰਿਆਮ ਨੂੰ ਦਿਨ-ਬ-ਦਿਨ ਉਚਾਈਆਂ ਤੇ ਲਿਜਾ ਰਹੀ ਹੈ ਤੇ ਨਿਸ਼ਕਾਮ ਹਰ ਮੇਰੇ ਵਰਗੇ ਪਾਠਕ ਨੂੰ ਮਹੀਨੇ ਬਾਅਦ ਭੇਜਣਾ ਵੀ ਤਾਂ ਕੁਝ ਅਰਥ ਰਖਦਾ ਹੈ।

ਦਲਬੀਰ ਸਿੰਘ 'ਤਰਸ' ਅਸਟ੍ਰੇਲੀਆ ਦੀ ਕਹਾਣੀ—"ਇਕ ਕਹਾਣੀ-ਸੱਤ ਦਿਨ" ਪੜ੍ਹ ਰਿਹਾ ਸੀ। ਕਹਾਣੀ ਦੀ ਗੋਂਦ ਅਨੰਦਮਈ ਹੈ। ਅੰਦਾਜ਼ੇ-ਬਿਆਂ ਬਹੁਤ ਹੀ ਤੰਦਰੁਸਤ ਤੇ ਉਸਾਰੂ ਹੈ ਜਿਵੇਂ :-

"ਘਰ ਵੜਦਿਆ ਹੀ ਸੁਖਵਿੰਦਰ ਦੀ ਸੂਝ ਦਾ ਪ੍ਰਭਾਵ ਸਾਡੇ ਤੇ ਪੈਣੋਂ ਨਾ ਰਹਿ ਸਕਿਆ। ਹਰ ਵਸਤੂ ਦਾ ਥਾਂਓਂ ਥਾਂ ਈ ਟਿਕਾਓ ਹੁਨਰੀ ਹਥਾਂ ਦੀ ਕਲਾ ਦਰਸਾ ਰਿਹਾ ਸੀ ਇਕ ਇਕ ਸ਼ਬਦ ਨਾਪ ਤੋਲ ਕੇ ਵਰਤਿਆ ਹੈ। ਕੀ ਤੁਸੀਂ ਮੈਨੂੰ ਉਨ੍ਹਾਂ ਦਾ ਪਤਾ ਦੇ ਸਕੋਗੇ? ਤੁਹਾਡੀ ਬਹੁਤ ਹੀ ਮਿਹਰਬਾਨੀ ਹੋਵੇਗੀ।

ਇਸ ਵਾਰੀ ਤੁਹਾਡਾ ਲਿਖਿਆ, ਪਹਿਲੇ ਪੇਜ ਉੱਤੇ ਸੰਪਾਦਕੀ.....ਵੀ ਬਹੁਤ ਕਾਬਲੇ-ਤਾਰੀਫ਼ ਹੈ। ਲਿਖਣ ਢੰਗ ਅਤੇ ਫ਼ਲਸਫ਼ਾ ਕਮਾਲ ਦਾ ਹੈ। ਮੰਨਣਾ ਪੈਂਦਾ ਹੈ ਤੁਹਾਡੇ ਲਿਖਣ ਢੰਗ ਤੇ ਗੁਣਾਂ ਨੂੰ। ਇਕ ਹੋਰ ਗੱਲ ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ ਹੈ ਇਹ ਵੀ ਬਹੁਤ ਵਡੀ ਗੱਲ ਹੈ। ਮੈਂ ਆਪ ਜੀ ਨੂੰ ਵਧਾਈ ਦਿੰਦਾ ਹਾਂ।

ਅਸੀਂ ਆਪਣੇ ਨਵੇਂ ਪ੍ਰਾਜੈਕਟ ਵਿੱਚ ਯਾਨੀ ਹੁਣ ਤਕ ੪ ਪੁਸਤਕਾਂ—

1) ਗੁਰਬਾਣੀ ਦੇ ਰਚਿਤਾ। ੬ ਗੁਰੂ ਸਾਹਿਬਾਨ ਅਤੇ ੧੦ ਭਗਤਾਂ ਬਾਰੇ ਪੂਰਾ ਵੇਰਵਾ। 2) An Introduction to Sikhism Vol. (1) ਗੁਰਬਾਣੀ ਦੇ ਰਚਿਤਾ ਜਿਸ ਵਿੱਚ ੬ ਗੁਰੂ ਸਾਹਿਬਾਨ, ੪ ਗੁਰਸਿੱਖ ਸੇਵਕ, ੧੫ ਭਗਤ ਅਤੇ ੧੧ ਭੱਟਾਂ ਦੇ ਸੁੰਦਰ ਸਕੈਚ ਅਤੇ ਜੀਵਨ ਬਿਓਰਾ ਅੰਗਰੇਜ਼ੀ ਪੰਜਾਬੀ ਦੋ ਭਾਸ਼ਾਵਾਂ ਵਿੱਚ ਹੈ। 3) An Introduction To Sikhism Vol 2. ਅਮਰ ਸ਼ਹੀਦ 4) An Introduction To Sikhism Vol 3. ਮਹਾਨ ਯੋਧੇ 5) An Introduction to Sikhism Vol. 4 ਗੁਰੂ ਨਾਨਕ ਦੇਵ ਜੀ Selected ਲਈ। ਪ੍ਰਿੰਟ ਹੋ ਚੁਕੀਆਂ ਹਨ ਤੇ ਹੁਣ ਅਸੀਂ :- ਪੰਜਾਬ ਦੇ ਇਤਿਹਾਸਕ ਗੁਰਦੁਆਰੇ (HISTORICAL GURDWARAS OF PUNJAB) ਤਿਆਰ ਕਰ ਰਹੇ ਹਾਂ। ਆਸ ਹੈ ਕਿ ਤੁਹਾਨੂੰ ਮਿਲ ਕੇ ਤੁਹਾਡੀ ਵੀ ਸਲਾਹ ਲੈਣਾ ਚੰਗਾ ਹੋਵੇਗਾ।

*ਅਬਨਾਸ਼ੀ ਸਿੰਘ*
ਗਗਨ ਮੈ ਥਾਲੁ ਇੰਟਰਨੈਸ਼ਨਲ ਬੁੱਕ ਕਲੱਬ
੫੯੩੧, ਜਯੋਤੀਸਰ ਐਵਿਨਿਊ
ਜੰਡਿਆਲਾ ਗੁਰੂ (ਅੰਮ੍ਰਿਤਸਰ)

ਵਰਿਆਮ ਲਗਾਤਾਰ ਮਿਲ ਰਿਹਾ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਸਮਗਰੀ ਕਾਫੀ ਅੱਛੀ ਹੁੰਦੀ ਹੈ। ਇਸ ਲਈ ਜਿੰਨੀ ਵੀ ਸਿਫ਼ਤ ਕੀਤੀ ਜਾਵੇ ਥੋੜ੍ਹੀ ਹੈ। ਤੁਸੀਂ ਪੰਜਾਬੀ ਮਾਂ-ਬੋਲੀ ਦੀ ਨਿਸ਼ਕਾਮ ਸੇਵਾ ਕਰ ਰਹੇ ਹੋ। ਮੁਬਾਰਕਾਂ! ਵਾਹਿਗੁਰੂ ਤੁਹਾਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਖੇ। ਪਰਚਾ ਭੇਜਣ ਲਈ ਧੰਨਵਾਦ! ਕੋਈ ਸੇਵਾ।

*—ਇੰਦਰਜੀਤ ਹਸਨਪੁਰੀ*
ਗੜਵਾ ਚਾਂਦੀ ਦਾ, ਲੁਧਿਆਣਾ

ਇਸ ਵਾਰ ਵਰਿਆਮ ਦੇ ਮਿਸਟਰ ਸਮਾਧਾਨ ਰਾਹੀਂ ਤੁਹਾਡੇ ਬਿਲਕੁਲ ਵੱਖਰੇ ਦਰਸ਼ਨ ਹੋਏ ਨੇਂ। ਤੁਹਾਡੀ ਕਲਮ ਦਾ ਡੰਗ ਹਮੇਸ਼ਾ ਤਿਖਾ ਹੁੰਦਾ ਹੈ। ਇਸ ਵਾਰ ਟਾਈਟਲ ਹਮੇਸ਼ਾ ਦੇ ਟਾਈਟਲਾਂ ਵਾਂਗ ਮਨ ਨੂੰ ਮੋਂਹਦਾ ਹੈ।

ਸ਼ੁਭ ਇਛਾਵਾਂ ਕਬੂਲ ਕਰਨੀਆਂ।

*—ਕਿਰਪਾਲ ਕਜ਼ਾਕ, ਪਟਿਆਲਾ*

ਤੁਹਾਡਾ ਸੰਪਾਦਕੀ ਅਤੇ ਖਾਸਕਰ 'ਮਿਸਟਰ ਸਮਾਧਾਨ' ਬਹੁਤ ਹੀ ਪਸੰਦ ਆਇਆ। ਸੰਤੋਖ ਸਿੰਘ ਧੀਰ ਜੀ ਦਾ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦਾ ਪੰਜਾਬੀ ਬੋਲੀ ਨਾਲ ਹੋ ਰਿਹਾ ਸ਼ੋਸ਼ਣ ਵੀ ਚੰਗਾ ਲੱਗਾ। ਸਰਵਰਕ ਅਤੇ ਇਸ ਉੱਤੇ ਲਿਖੀਆਂ ਸਤਰਾਂ ਵਾਰ ਵਾਰ ਵੇਖਣ ਤੇ ਪੜ੍ਹਨ ਨੂੰ ਚਿੱਤ ਕਰਦੈ।

*—ਚਰਨ ਸੀਚੇਵਾਲਵੀ*
੪੨੮. ਗੁਰੂ ਨਾਨਕਪੁਰਾ (ਵੈਸਟ)
ਜਲੰਧਰ-੧੪੪੦੦੯

ਵਰਿਆਮ ਹਰ ਮਹੀਨੇ ਬੜੇ ਆਰਾਮ ਨਾਲ ਮਿਲਦਾ ਹੈ। ਦੋ ਵਾਰੀ ਜ਼ਰੂਰ ਪੜ੍ਹਨਾ ਪੈਂਦਾ ਹੈ। ਆਰਟੀਕਲ ਬਹੁਤ ਮਿਹਨਤ ਨਾਲ ਅਤੇ ਇਤਿਹਾਸ ਨੂੰ ਮੁੱਖ ਰੱਖਕੇ ਲਿਖੇ ਹੁੰਦੇ ਹਨ। ਸਾਰਿਆਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਾ ਹਾਂ। ਤੁਸੀਂ ਵਰਿਆਮ ਦੇ ਹੋਰ ਸਫੇ ਵਧਾ ਦਿਓ। ਉਂਝ ਅਨੰਦ ਤਾਂ ਪ੍ਰਾਪਤ ਹੁੰਦਾ ਹੈ। ਅਨੰਦ ਦੀ ਪ੍ਰਾਪਤੀ 'ਚ ਹੋਰ ਵਾਧਾ ਹੋ ਜਾਵੇਗਾ। ਦਲਬੀਰ ਸਿੰਘ ਤਰਸ ਆਸਟ੍ਰੇਲੀਆ ਦੀ ਕਹਾਣੀ ਟੂਰ ਪੜ੍ਹਕੇ ਅਸਟ੍ਰੇਲੀਆ ਵਿਚ ਪੁਜ ਜਾਈਦਾ ਹੈ। ਜਿਨ੍ਹਾਂ



Sri Satguru Jagjit Singh Ji eLibrary NamdhariElibrary@gmail.com

ਟਾਊਨਾਂ ਦੇ ਨਾਂ ਸੁਣੇ ਵੀ ਨਹੀਂ ਸਨ, ਉਹਨਾਂ ਦਾ ਨਕਸ਼ਾ ਬਣਾ ਕੇ ਪੇਸ਼ ਕੀਤਾ ਹੈ। ਆਪਣੇ ਨਿਤਨੇਮ 'ਚ ਕੋਈ ਫਰਕ ਨਹੀਂ ਪੈਣ ਦਿੰਦੇ। ਉਹਨਾਂ ਨੂੰ ਪ੍ਰਣਾਮ ਹੈ। ਐਤਕੀਂ ਜਤਿੰਦਰ ਪਨੂੰ ਜੀ ਦਾ ਵਿਅੰਗ ਲੇਖ ਪੜ੍ਹਿਆ ਬੜਾ ਦਿਲਚਸਪ ਸੀ। ਨਵਾਂ ਜ਼ਮਾਨਾ 'ਚ ਹਰ ਹਫਤੇ ਉਹਨਾਂ ਨੂੰ ਪੜ੍ਹਕੇ ਬੜਾ ਕੁਝ ਪਤਾ ਲੱਗ ਜਾਂਦਾ ਹੈ। ਸੂਬਾ ਹਰਭਜਨ ਸਿੰਘ ਜੀ ਨੂੰ ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਟਰਸਟੀ ਨਿਯੁਕਤ ਕੀਤਾ ਹੈ। ਜਦੋਂ ਮੈਂ ਇੰਡੀਆ ਗਿਆ ਸਾਂ ਸੂਬਾ ਜੀ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਏਡਾ ਵੱਡਾ ਕਾਰੋਬਾਰ ਚਲਦਾ ਹੈ। ਆਦਮੀ ਨੂੰ ਫੁਰਸਤ ਹੀ ਨਹੀਂ ਮਿਲਦੀ। ਪਰ ਸਤਿਗੁਰੂ ਜੀ ਦਾ ਹੱਥ ਉਹਨਾਂ ਦੇ ਸਿਰ ਤੇ ਹੈ। ਆਏ ਸੱਜਣਾਂ ਦਾ ਬੜਾ ਸਤਿਕਾਰ-ਪਿਆਰ ਅਤੇ ਖੁੱਲ੍ਹਾ ਸਮਾਂ ਬਚਨ ਬਿਲਾਸ ਕਰਦੇ ਹਨ। ਜਦੋਂ ਉਹਨਾਂ ਦੇ ਘਰ ਗਏ। ਘਰ ਵਿਚ ਜਾਂਦਿਆਂ ਹੀ ਹਰ ਇਕ ਨੂੰ ਖੁਸ਼ੀ ਹੋਈ। ਮੈਨੂੰ ਉਹਨਾਂ ਦੀ ਮਿਲਣੀ ਨਹੀਂ ਭੁਲੇਗੀ। ਮੈਂ ਉਹਨਾਂ ਨੂੰ ਇਸ ਟਰੱਸਟੀ ਬਣਨ ਦੀ ਲੱਖ-ਲੱਖ ਵਧਾਈ ਪੇਸ਼ ਕਰਦਾ ਹਾਂ। ਬੜੇ ਲੋਕਾਂ ਦਾ ਕੰਮ ਇਮਾਨਦਾਰੀ ਨਾਲ ਨਿਭਾਉਣਗੇ। ਪਿਆਰੇ ਜਗਦੀਸ਼ ਸਿੰਘ ਜੀ Oster Advertisment ਤੇ ਲੁਧਿਆਣੇ ਦਾ ਪਤਾ ਨਹੀਂ ਹੈ। ਜਰੂਰ ਲਿਖ ਦਿਓ ਟੈਲੀਫੂਨ ਹਨ।

*—ਕੇ.ਐਸ. ਭਮਰਾ*
*ਮੈਡਨ ਹੈਡ ਯੂ.ਕੇ.*

ਅਤਿ ਮਿਠੜੇ ਵਰਿਆਮ ਜੀ

ਮੇਰੀ ਸਤਿ ਸ੍ਰੀ ਅਕਾਲ ਕਬੂਲਣ ਤੋਂ ਬਾਦ ਸੋਚਾਂ ਵਿੱਚ ਨਾ ਉਤਰ ਜਾਣਾ ਕਿ ਮੈਂ ਇਹ ਮੀਠੜਾ ਸ਼ਬਦ ਕਿਵੇਂ ਪਹਿਲੀ ਵੇਰ ਜੋੜ ਦਿੱਤਾ ਤੁਹਾਡੇ ਨਾਲ। ਇਹ ਆਪਣੇ ਮਿਸਟਰ ਸਮਾਧਾਨ ਪਾਸੋਂ ਪੁਛ ਲਵੋ। ਮੇਰੇ ਵਿੱਚ ਇਹ ਘਾਟ ਹੈ ਜਦੋਂ ਮੈਂ ਕਿਸੇ ਰਚਨਾ ਦਾ ਅਧਿਅਨ ਕਰਦਾ ਹਾਂ, ਰਚਨੇਤਾ ਦੀ ਤਸਵੀਰ ਆਪਣੇ ਆਪ ਮੇਰੀਆਂ ਪਲਕਾਂ-ਦਰਵਾਜ਼ਿਓ ਅੰਦਰ ਲੰਘ ਆਪਣੀ ਉਸਾਰੀ ਆਰੰਭ ਕਰ ਦੇਂਦੀ ਹੈ। ਤੁਹਾਡੇ ਤੇ ਦਰਸ਼ਨ ਭੀ ਕਰ ਆਇਆਂ ਪਰ ਕਈ ਨੇ ਜਿਵੇਂ ਵਿਰਕ ਜੀ ਜਿਨ੍ਹਾਂ ਦੀ ਸੰਗਤ ਦਾ ਸੁਆਦ ਸਦਾ ਮਾਣੀਂਦਾ ਹੈ। "ਸੂਲੀਆਂ ਦਾ ਨਾਮ ਜ਼ਿੰਦੇ ਸਾਡਿਆਂ ਸਾਹਾਂ ਦੇ ਨਾਲ।" ਆਜ਼ਾਦੀ ਦੇ ਪਾਂਧੀਆਂ ਵਿਚੋਂ ਦੀ ਲੰਘ ਕੇ ਆਏ ਨੇ ਇਹ ਸ਼ਬਦ।

ਪੱਛਮੀ ਸਭਿਆਚਾਰ ਵਿਚ ਘਿਰੇ, ਗੁਰਸਿਖ ਤੇ ਗੁਰਦਾਰਿਆਂ ਵਿੱਚ ਵਿਚਰਨ ਲਈ ਸ. ਨਾਹਰ ਸਿੰਘ ਜੀ ਦੇ ਲੇਖ ਬੜਾ ਸਹਾਰਾ ਸਿੱਧ ਹੁੰਦੇ ਹਨ।

"ਨਾਓ ਪ੍ਰਭਾਤੈ ਸਬਦਿ ਧਿਆਈਐ" ਪੜ੍ਹ ਮੈਨੂੰ ਜਿਵੇਂ ਪਤਾ ਲੱਗਣ ਲੱਗ ਪਿਆ ਹੋਵੇ ਕਿ ਸਵੇਰੇ ੮ ਵਜੇ ਸਾਈਕਲ ਤੇ ਪਹਾੜੀ ਚੜ੍ਹਨ ਦਾ ਸੁਆਦ ਕਿਉਂ ਆਉਂਦਾ ਹੈ।

ਕੋਈ ਵਡਿਆਈ ਨਹੀਂ ਜੇ ਗੁਰਦੁਆਰਾ ਗ਼ਜ਼ਟ ਨੇ ਗੁਰੂਦੇਵ ਜੀਆਂ ਨੂੰ ਫਾਦਰ ਆਫ ਨੇਸ਼ਨ ਲਿਖ ਦਿੱਤਾ, ਉਹ ਤੇ ਮਨੁੱਖਤਾ ਦੇ ਪਿਤਾ ਸਨ ਅਜਿਹੇ ਰਾਜ ਜੋਗੀ ਜੋ ਮਨ ਤੇ ਪੂਰਨ ਅਖਤਿਆਰ ਨਾਲ ਹਰ ਕਮਜ਼ੋਰ ਜੀਵ ਅੰਦਰ ਲੋਹੇ ਦੀ ਚਟਾਨ ਨਾਲ ਟਕਰਾਉਣ ਦੀ ਰੂਹ ਫੂਕ ਸਕਦੇ ਹਨ।

"ਅਮਰੀਕਾ ਵਿੱਚ ਸਿੱਖੀ ਲਹਿਰ" ਸ. ਤਰਲੋਚਨ ਸਿੰਘ ਜੀਆਂ ਦੇ ਇਸ ਲੇਖ ਨੇ ਪ੍ਰਦੇਸਾਂ ਵਿੱਚ ਵਸਦੇ ਸਿੱਖਾਂ ਨੂੰ ਜੋਗੀ ਜੀਆਂ ਦੇ ਦਰਸ਼ਨ ਕਰਵਾ ਉਨ੍ਹਾਂ ਦੇ ਬੜਾ ਲਾਗੇ ਲੈ ਆਂਦਾ ਹੈ।

ਵਿਰਕ ਜੀਆਂ ਦਾ ਧੰਨਵਾਦ ਜੋ ਨਾਮਧਾਰੀ ਲੇਖਕ ਕਵੀ ਜਨ—ਸਾਹਿਤਕਾਰਾਂ ਨੂੰ ਪੇਸ਼ ਕਰਨ ਵਿੱਚ ਸਦਾ ਚਿਤਾਂਤੁਰ ਰਹਿੰਦੇ ਹਨ ਓ ਪੂਰੇ ਸਫਲ ਭੀ ਹਨ।

ਐਸ ਵੇਲੇ ਮੇਰੇ ਪਾਸ ਦੋ ਹੀ ਵਿਸ਼ੇਸ਼ ਕਾਰਜ ਹਨ ਆਪਣੇ ਆਪ ਦਾ ਖਿਆਲ ਰਖਣਾ ਖਾਸ ਕਰ ਆਪਣੇ ਘੋੜੇ ਦਾ ਜਿਸ ਉਤੇ ਸਦਾ ਸਵਾਰੀ ਕਰਨੀ ਹੈ। ਇਸਦਾ ਤਕੜੇ ਰਹਿਣਾ ਲੋੜ ਪਿਆਂ ਰੇਸਾਂ ਲਈ ਭੀ ਤਿਆਰ ਰਹਿਣਾ ਬੜਾ ਜ਼ਰੂਰੀ ਹੈ। ਇਹ ਪਿਆਰ ਐਨਾ ਵਧ ਗਿਆ ਹੈ ਜਿਸ ਦਾ ਪਸਾਰ ਕਰਨ ਲਈ ਮੈਨੂੰ ਵਕਤ ਤੇ ਧਨ ਲਾ ਦੇਣ ਵਿੱਚ ਭੀ ਕੋਈ ਦਰੇਗ ਨਹੀਂ। ਏਥੇ ਜ਼ਰੂਰਤ ਐਨੀ ਮਹਿਸੂਸ ਕਰ ਰਿਹਾਂ ਕਿ ਆਪਣੇ ਹਰ ਸਿੱਖ ਬੱਚੇ ਨੂੰ ਬਲਵਾਨ ਦੇਖਣਾ ਮੇਰੀ ਤੜਪਣਾ ਦਾ ਵੱਡਾ ਭਾਗ ਬਣ ਗਏ ਹਨ।

ਮਾਨਸਕ ਬਲ ਲਈ ਗੁਰਬਾਣੀ ਤੋਂ ਵੱਡੀ ਕੋਈ ਔਖਧ ਨਹੀਂ ਤੇ ਕੁਝ ਸਾਡੇ ਧਾਰਮਕ ਅਸੂਲ ਜੇ ਆਪਣਾਏ ਜਾਣ ਤੇ ਸਾਨੀ ਕੋਈ ਨਹੀਂ।

ਇਸੇ ਲਈ ਸਿਡਨੀ ਵਿੱਚ ਸਪੋਰਟਸ ਦਾ ਢੰਡੋਰਾ ਮੈਂ ਸਦਾ ਹੀ ਦੇਂਦਾ ਚਲਾ ਆ ਰਿਹਾਂ, ਇਥੇ ਵਿਰੋਧ ਭੀ ਬੜਾ ਹੈ। ਇਕ ਤੇ ਕੂਕੇ ਨਾਮ ਤੋਂ ਹੀ ਸ਼ਰਾਬੀ ਸੰਗਤ ਤੜਪ ਉਠਦੀ ਹੈ ਤੇ ਹੈਨ ਸਭ ਨਹੀਂ ਤੇ ਬਹੁਤੇ ਅਜਿਹੇ ਹੀ।

ਜਿੱਥੇ ਸਪੋਰਟਸ ਹੋਵੇ ਪਹੁੰਚ ਜਾਈਦਾ ਹੈ। ਸਾਡੇ ਗਰੁਪ ਨੇ ਪਿੱਛੇ ਜਹੇ ਇਕ ਢੇਰ ਚਿਰ ਰੁਕਿਆ "ਵੌਲੀਵਾਲ" ਟੂਰਨਾਮੈਂਟ ਕਰਵਾਇਆ ਸੀ ਜਿਸਨੂੰ ਚੰਗੀ ਤਰ੍ਹਾਂ ਬਿਆਨ ਕੇ ਮੈਂ ਲੋਕਲ ਅਖਬਾਰਾਂ ਲਈ ਤਿਆਰ ਕੀਤਾ ਸੀ ਤੇ ਭੇਜਿਆ ਭੀ। ਉਹ ਵਰਿਆਮ ਨੂੰ ਭੀ ਕੁਝ ਤਸਵੀਰਾਂ ਸਹਿਤ ਭੇਜ ਰਿਹਾਂ ਜੇ ਜਚੇ ਪ੍ਰਯੋਗ ਵਿੱਚ ਲੈ ਆਉਣਾ।

ਮਹੀਨਾ ਭਰ ਕੰਪਿਊਟਰ ਤੇ ਕਾਫੀ ਮਸਰੂਫ ਰਿਹਾਂ ਹੁਣ ਕੁਝ ਵਿਹਲ ਨਜ਼ਰ ਆ ਰਹੀ ਹੈ ਉਸ ਵਲੋਂ। ਵੈਸੇ ਵਾਧੂ ਸੌਣ ਤੇ ਅਰਾਮ ਦੇ ਮੈਂ ਹੱਕ ਵਿੱਚ ਨਹੀਂ।

ਸਿਡਨੀ ਵਿੱਚ ਅਖਬਾਰਾਂ ਦੀ ਗਿਣਤੀ ਹੁਣ ਦੋ ਹੋ ਗਈ ਹੈ—ਪੰਜਾਬੀ ਵਿੱਚ। ਗੁਰਦੁਆਰਿਆਂ ਵਾਲੇ ਭੀ ਨਿਊਜ਼ ਲੈਟਰ ਕੱਢਦੇ ਰਹਿੰਦੇ ਹਨ। ਪੰਜਾਬੀ ਬੋਲਣ ਤੇ ਸਿੱਖਣ ਦਾ ਅੰਗ੍ਰੇਜ਼ੀ ਵਿੱਚ ਪਰਾਪੇਗੰਡਾ ਹੋ ਰਿਹਾ ਹੈ।

ਗੌਰਮੈਂਟ ਮੇਰੀ ਸਚਾਈ ਨੂੰ ਸਵੀਕਾਰ ਤੇ ਆਪਣੀ ਗਲਤੀ ਨੂੰ ਮੰਨ ਗਈ ਹੈ। ਹੁਣ ਗਲ ਮੁਆਵਜ਼ੇ ਦੀ ਹੈ।

ਬਾਕੀ ਸਭ ਸੁੱਖ ਸਾਂਦ ਹੈ। ਬੁੱਧ ਮੇਰਾ ਆਖਰੀ ਪਿੜਾਂ ਤੇ ਹੈ ਪਰ ਮੁੱਕਿਆ ਨਹੀਂ। ਸਮਾਪਤੀ ਤੇ ਵਤਨ ਫੇਰੀ ਦੀ ਯੋਜਨਾ ਧਿਆਨ ਵਿੱਚ ਲਿਆਂਦੀ ਜਾਵੇਗੀ। ਬਾਕੀ ਫੇਰ.....

*ਦਲਬੀਰ ਸਿੰਘ ਤਰਸ*
*ਸਿਡਨੀ ਅਸਟ੍ਰੇਲੀਆ*



Sri Satguru Jagjit Singh Ji eLibrary NamdhariElibrary@gmail.com

Gram : 'Sniper'

Hello : 431367

Reputed Manufacturers of :

Superior Quality

SINGLE BARREL

&

DOUBLE BARREL

B.L.-12 Bore

GUNS

MODERN GUN WORKS

OPP. : INDUSTRIAL ESATE,

JAMMU CANTT.



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

**Namdhari Sales**

10240/54, Library Road, Azad Market, Delhi-110006





Sri Satguru Jagjit Singh Ji eLibrary NamdhariElibrary@gmail.com

# ਸਮਾਚਾਰ ਦਰਸ਼ਨ



੧੫ ਅਗਸਤ ੨੦੦੩ ਆਜ਼ਾਦੀ ਸਮਾਰੋਹ ਨਵਾਂ ਸ਼ਹਿਰ ਵਿੱਚ ਬਾਲ ਪਹਿਲਵਾਨ ਸ. ਰਾਜਬੀਰ ਸਿੰਘ ਗਿੱਲ ਨਾਮਧਾਰੀ, (ਸਪੁੱਤਰ ਸ. ਗੁਰਦੀਪ ਸਿੰਘ ਕਾਨੂੰਗੋ) ਸ੍ਰੀ ਮਹਿੰਦਰ ਸਿੰਘ ਕੇ. ਪੀ. ਕੈਬੀਨਟ ਮੰਤਰੀ ਪੰਜਾਬ ਪਾਸੋਂ ਵਿਸ਼ੇਸ਼ ਸਨਮਾਨ ਪ੍ਰਾਪਤ ਕਰਦੇ ਹੋਏ। ਨਾਲ ਸ. ਐਸ. ਐਸ. ਸੰਧੂ ਡੀ. ਸੀ. ਅਤੇ ਮਿਸ ਨੀਰਜਾ ਐਸ. ਐਸ.ਪੀ. ਨਵਾਂ ਸ਼ਹਿਰ ਖੜੇ ਹਨ।

ਕੈਨੇਡਾ ਤੋਂ ਆਏ ਸ਼ਾਇਰ ਅਤੇ ਗਾਇਕ ਇਕਬਾਲ ਰਾਮੂਵਾਲੀਆ ਨਾਲ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਪਿਛਲੇ ਦਿਨੀਂ ਰੂ-ਬ-ਰੂ ਪ੍ਰੋਗਰਾਮ ਸਮੇਂ ਸ.ਜਗਦੀਸ਼ ਸਿੰਘ ਵਰਿਆਮ, ਪ੍ਰੋ. ਜਾਗੀਰ ਸਿੰਘ ਕਾਹਲੋਂ, ਸ. ਇਕਬਾਲ ਰਾਮੂਵਾਲੀਆ, ਬਾਬਾ ਭਗਤ ਸਿੰਘ ਬਿਲਗਾ, ਡਾ. ਵਰਿਆਮ ਸਿੰਘ ਸੰਧੂ ਅਤੇ ਪ੍ਰੋ. ਪਿਆਰਾ ਸਿੰਘ ਭੋਗਲ।





ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਨਾਵਲਕਾਰ ਮੋਹਨ ਕਾਹਲੋਂ ਨਾਲ ਗਲਾਂ ਬਾਤਾਂ ਪ੍ਰੋਗਰਾਮ ਸਮੇਂ ਪ੍ਰੋ. ਜਗੀਰ ਕਾਹਲੋਂ, ਡਾ ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ ਵਰਿਆਮ, ਮੋਹਨ ਕਾਹਲੋਂ, ਸ. ਜਗਜੀਤ ਸਿੰਘ ਆਨੰਦ, ਡਾ. ਰਵਿੰਦਰ ਭੱਠਲ ਅਤੇ ਪ੍ਰੋ. ਗੁਰਭਜਨ ਗਿੱਲ।

Sri Satguru Jagjit Singh Ji eLibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 October -2003



# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : **N.S. 815, ਉਤਸਵ ਅਤੇ ਅਮੋਘ** |
| ਫੁਲ ਗੋਭੀ | : **N.S. 60, N.S. 84 ਅਤੇ N.S. 90** |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : **N.S. 295** (ਸਮਰ ਸਵੀਟ) **N.S. 246** |
| ਖਰਬੂਜਾ | : **N.S. 7455 ਅਤੇ ਅਭੀਜੀਤ** |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

**ਰੀਜਨਲ ਆਫਿਸ :**
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ ਰੋਡ
ਜ਼ਿਲਾ ਲੁਧਿਆਣਾ
ਫੋਨ : 0161- 2834036, 2834420
ਮੋਬਾਇਲ : 98141-33109

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, ਨਿਵਾਸ : 2456289

Sri Satguru Jagjit Singh Ji eLibrary NamdhariElibrary@gmail.com